Watch
PUNJABI MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Punjab Mail USA
Chief Editor: Gurjatinder Singh Randhawa

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR
916-320-9444

Vol. 19, Issue- 875, 9th to 15th Oct., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਮੈਕਸੀਕੋ ਸਰਹੱਦ 'ਤੇ 1970 ਤੋਂ ਬਾਅਦ ਗੈਰ ਕਾਨੂੰਨੀ ਲਾਂਘਾ ਸਾਲਾਨਾ ਪੱਧਰ 'ਤੇ ਡਿਗਿਆ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਟਰੰਪ ਨੇ ਜਦੋਂ ਤੋਂ ਦੂਜੀ ਵਾਰ ਸੱਤਾ ਸੰਭਾਲੀ ਹੈ, ਅਮਰੀਕਾ-ਮੈਕਸੀਕੋ ਸਰਹੱਦ ਤੋਂ ਗੈਰ ਕਾਨੂੰਨੀ ਲਾਂਘਾ ਲਗਭਗ ਬੰਦ ਹੋ ਗਿਆ ਹੈ। 1970 ਦਹਾਕੇ ਤੋਂ ਬਾਅਦ ਅਮਰੀਕਾ ਦੀ ਦੱਖਣੀ ਸਰਹੱਦ 'ਤੇ ਹੁਣ ਤੱਕ ਦੀ ਸਭ ਤੋਂ ਘੱਟ ਸਾਲਾਨਾ ਪੱਧਰ ਗੈਰ ਕਾਨੂੰਨੀ ਕ੍ਰਾਸਿੰਗ ਡਿੱਗ ਗਈ ਹੈ, ਜਦਕਿ ਸਭ ਤੋਂ ਵੱਧ ਘੁਸਪੈਠ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੇ ਕਾਰਜਕਾਲ ਦੌਰਾਨ ਦਰਜ ਕੀਤੀ ਗਈ ਸੀ।



ਰਾਸ਼ਟਰਪਤੀ ਟਰੰਪ ਦੇ ਪ੍ਰਸ਼ਾਸਨ ਦੇ ਪਹਿਲੇ 8 ਮਹੀਨਿਆਂ ਦੇ ਕਾਰਜਕਾਲ ਦੌਰਾਨ ਦੱਖਣੀ ਸਰਹੱਦ 'ਤੇ ਨਿਯੁਕਤ ਬਾਰਡਰ ਪੈਟਰੋਲ ਏਜੰਟਾਂ ਨੇ ਹਰ ਮਹੀਨੇ 9 ਹਜ਼ਾਰ ਤੋਂ ਘੱਟ ਸ਼ੱਕੀਆਂ ਨੂੰ ਹਿਰਾਸਤ 'ਚ ਲਿਆ ਹੈ, ਜੋ ਕਿ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ 24 ਘੰਟਿਆਂ ਦੀ ਮਿਆਦ ਦੇ ਬਰਾਬਰ ਹੈ। ਇਹ ਗ੍ਰਿਫ਼ਤਾਰੀਆਂ ਦਿਨੋਂ-ਦਿਨ ਹੋਰ ਘੱਟ ਰਹੀਆਂ ਹਨ, ਅਤੇ ਬਾਰਡਰ ਬਿਲਕੁਲ ਸੁੰਨਸਾਨ ਹੋ ਕੇ ਰਹਿ ਗਏ ਹਨ। ਟਰੰਪ ਪ੍ਰਸ਼ਾਸਨ ਵੱਲੋਂ ਸਰਹੱਦ 'ਤੇ ਜਿੱਥੇ ਵਿਸ਼ਾਲ ਕੰਧ ਦਾ ਨਿਰਮਾਣ ਕੀਤਾ ਹੈ, ਉਥੇ ਭਾਰੀ ਫੋਰਸ ਵੀ ਤਾਇਨਾਤ ਕੀਤੀ ਗਈ ਹੈ। ਪਹਿਲਾਂ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਨੂੰ ਬਾਂਡ ਦੇ ਕੇ ਛੱਡ ਦਿੱਤਾ ਜਾਂਦਾ ਸੀ, ਪਰ ਹੁਣ ਇਹ ਵਿਵਸਥਾ ਖਤਮ ਕਰ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਜਾਂਦਾ ਹੈ।

■ ਬਾਕੀ ਖਬਰ ਸਫਾ 17 'ਤੇ

## ਦੋਵੇਂ ਅਮਰੀਕੀ ਸਦਨ "ਸ਼ਟਡਾਊਨ" ਨੂੰ ਖਤਮ ਕਰਨ 'ਤੇ ਸਹਿਮਤੀ ਬਣਾਉਣ 'ਚ ਰਹੇ ਅਸਫਲ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਇਸ ਸਮੇਂ "ਸ਼ਟਡਾਊਨ"



ਵਿਚ ਹੈ, ਜਿਸ ਕਾਰਨ ਸਰਕਾਰੀ ਫੰਡਿੰਗ ਰੋਕ ਦਿੱਤੀ ਗਈ ਹੈ। ਸੱਤਾਧਾਰੀ ਰਿਪਬਲਿਕਨ ਪਾਰਟੀ ਅਤੇ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਕਾਂਗਰਸ ਦੇ ਦੋਵਾਂ ਸਦਨਾਂ, ਸੈਨੇਟ ਅਤੇ ਪ੍ਰਤੀਨਿਧੀ ਸਭਾ ਵਿਚ ਬੰਦ ਨੂੰ ਖਤਮ ਕਰਨ 'ਤੇ ਸਹਿਮਤੀ 'ਤੇ ਪਹੁੰਚਣ ਵਿਚ ਅਸਫਲ ਰਹੇ ਹਨ।

**■ ਸਿਹਤ ਸਮਝੌਤੇ 'ਤੇ ਗੱਲਬਾਤ ਲਈ ਤਿਆਰ ਹਾਂ ਪਰ ਪਹਿਲਾਂ ਸਰਕਾਰ ਨੂੰ ਕੰਮ ਸ਼ੁਰੂ ਕਰਨ ਦਿਓ : ਟਰੰਪ**

ਡੈਮੋਕ੍ਰੇਟਿਕ ਪਾਰਟੀ ਸਿਹਤ ਬੀਮਾ ਸਬਸਿਡੀਆਂ ਨੂੰ ਜਾਰੀ ਰੱਖਣ ਦੀ ਮੰਗ ਕਰ ਰਹੀ ਹੈ, ਜਦੋਂ ਕਿ ਟਰੰਪ ਮੌਜੂਦਾ ਖਰਚ ਪੱਧਰ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਨੌਕਰੀਆਂ ਅਤੇ ਪ੍ਰੋਜੈਕਟਾਂ ਲਈ ਖ਼ਤਰਾ ਅੰਤ ਵਿਚ ਡੈਮੋਕ੍ਰੇਟਸ ਨੂੰ ਨਰਮ ਕਰਨ ਵੱਲ ਲੈ ਜਾਵੇਗਾ। ਇਸ ਰਾਜਨੀਤਿਕ ਟਕਰਾਅ ਦੇ ਵਿਚਕਾਰ, ਅਮਰੀਕੀ ਅਰਥਵਿਵਸਥਾ ਵਿਚ ਮੰਦੀ ਅਤੇ ਮਹਿੰਗਾਈ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ।

■ ਬਾਕੀ ਖਬਰ ਸਫਾ 17 'ਤੇ

## ਫਤਿਹ ਸਪੋਰਟਸ ਕਲੱਬ ਨੇ ਸਟਾਕਟਨ ਵਿਖੇ ਪਹਿਲਾ ਇਨਡੋਰ ਵਰਲਡ ਕਬੱਡੀ ਕੱਪ ਕਰਵਾ ਕੇ ਸਿਰਜਿਆ ਇਤਿਹਾਸ



**ਸਟਾਕਟਨ, (ਪੰਜਾਬ ਮੇਲ)**- ਗਦਰੀ ਬਾਬਿਆਂ ਨਾਲ ਸੰਬੰਧਤ ਇਤਿਹਾਸਕ ਧਰਤੀ ਸਟਾਕਟਨ ਵਿਖੇ ਲੰਘੇ ਐਤਵਾਰ ਫਤਿਹ ਸਪੋਰਟਸ ਕਲੱਬ ਵੱਲੋਂ ਪਹਿਲਾ ਇਨਡੋਰ ਵਰਲਡ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ। ਇਸ ਕਲੱਬ ਨੇ ਇਨਡੋਰ ਵਰਲਡ ਕਬੱਡੀ ਟੂਰਨਾਮੈਂਟ ਕਰਵਾ ਕੇ ਅਮਰੀਕਾ ਵਿਚ ਨਵੀਂ ਪਿਰਤ ਪਾਈ ਹੈ। ਅਮਰੀਕਨ ਕਬੱਡੀ ਫੈਡਰੇਸ਼ਨ ਦੇ ਬੈਨਰ ਹੇਠ ਹੋਏ ਇਸ ਟੂਰਨਾਮੈਂਟ ਵਿਚ ਦੁਨੀਆਂ ਦੀਆਂ ਚੋਟੀ ਦੀਆਂ ਕਬੱਡੀ ਟੀਮਾਂ ਨੇ ਹਿੱਸਾ ਲਿਆ। ਅਡਵੈਂਟੈਸਿਟ ਹੈਲਥ ਐਰੀਨਾ, ਸਟਾਕਟਨ ਵਿਖੇ ਹੋਏ ਇਸ ਟੂਰਨਾਮੈਂਟ ਵਿਚ ਯੂ.ਐੱਸ.ਏ., ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਨਾਰਵੇ ਦੀਆਂ ਟੀਮਾਂ ਸ਼ਾਮਲ ਸਨ।

ਦਰਸ਼ਕਾਂ ਵਿਚ ਇਸ ਨਵੇਂ ਤਜ਼ਰਬੇ ਨੂੰ ਦੇਖਣ ਲਈ ਕਾਫੀ ਉਤਸ਼ਾਹ ਸੀ, ਜਿਸ ਕਰਕੇ ਸਵੇਰ ਤੋਂ ਹੀ ਉਨ੍ਹਾਂ ਦੀ ਆਮਦ ਸ਼ੁਰੂ ਹੋ ਗਈ

**■ ਦਰਸ਼ਕਾਂ ਵਿਚ ਇਸ ਨਵੇਂ ਤਜ਼ਰਬੇ ਨੂੰ ਦੇਖਣ ਲਈ ਕਾਫੀ ਉਤਸ਼ਾਹ ਸੀ**

ਅਤੇ ਦੇਖਦਿਆਂ ਦੇਖਦਿਆਂ ਸਟੇਡੀਅਮ 'ਚ ਦਰਸ਼ਕਾਂ ਦੀਆਂ ਰੌਣਕਾਂ ਲੱਗ ਗਈਆਂ।

ਕਬੱਡੀ ਟੂਰਨਾਮੈਂਟ ਦੇ ਆਰੰਭ 'ਚ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਟੂਰਨਾਮੈਂਟ ਦੀ ਕਾਮਯਾਬੀ ਲਈ ਅਰਦਾਸ ਕੀਤੀ ਗਈ। ਉਪਰੰਤ ਟੂਰਨਾਮੈਂਟ ਵਿਚ ਹਿੱਸਾ ਲੈਣ ਵਾਲੀਆਂ ਕਬੱਡੀ ਟੀਮਾਂ, ਰੈਫਰੀ ਦੀਆਂ ਟੀਮਾਂ ਅਤੇ ਪ੍ਰਬੰਧਕਾਂ ਨੇ ਸ਼ਾਨਦਾਰ ਪਰੇਡ ਵਿਚ ਹਿੱਸਾ ਲਿਆ। ਇਹ ਪਰੇਡ ਇਕ ਤਰ੍ਹਾਂ ਨਾਲ ਓਲੰਪਿਕ ਖੇਡਾਂ ਦਾ ਭੁਲੇਖਾ ਪਾਉਂਦੀ ਸੀ। ਇਸ ਤੋਂ ਬਾਅਦ ਸ਼ੁਰੂ ਹੋਏ ਕਬੱਡੀ ਮੁਕਾਬਲੇ। ਪਹਿਲਾਂ ਅੰਡਰ-21 ਅਤੇ ਅੰਡਰ-25 ਦੇ ਮੁਕਾਬਲੇ ਕਰਵਾਏ ਗਏ। ਉਪਰੰਤ ਅੰਤਰਰਾਸ਼ਟਰੀ ਟੀਮਾਂ ਦੇ ਆਪਸ ਵਿਚ ਭੇੜ ਹੋਏ, ਜਿਸ ਦੌਰਾਨ ਅਮਰੀਕਾ ਦੀ ਟੀਮ ਪਹਿਲੇ, ਜਦਕਿ ਕੈਨੇਡਾ ਨੇ ਦੂਸਰਾ ਸਥਾਨ ਹਾਸਲ ਕੀਤਾ। ਟੂਰਨਾਮੈਂਟ ਦੌਰਾਨ ਬੇਸਟ ਰੇਡਰ ਚਿਤਪਾਲ ਅਤੇ ਬੈਸਟ ਸਟਾਪਰ ਸ਼ੀਲੂ ਨੂੰ ਦਿੱਤਾ ਗਿਆ।

ਕਬੱਡੀ ਟੂਰਨਾਮੈਂਟ ਦੇ ਨਾਲ-ਨਾਲ ਕੁਸ਼ਤੀ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿਚ ਰੁਸਤਮੇ-ਹਿੰਦ ਜੱਸਾ ਪੱਟੀ, ਕਮਲਜੀਤ ਡੂੰਘਛੇੜੀ, ਗੋਪੀ ਲੀਲਾਂ ਅਤੇ ਪ੍ਰਿਤਪਾਲ ਫਗਵਾੜਾ ਨੇ ਆਪਣੇ ਬਲ ਦੇ ਜੌਹਰ ਦਿਖਾਏ। ਪ੍ਰਬੰਧਕਾਂ ਵੱਲੋਂ ਜੇਤੂਆਂ ਨੂੰ ਖ਼ੂਬਸੂਰਤ ਟਰਾਫੀਆਂ ਦਿੱਤੀਆਂ ਗਈਆਂ। ਇਸ ਕਬੱਡੀ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਸੰਦੀਪ ਸਿੰਘ ਜੈਂਟੀ, ਹਰਸਿਮਰਨ ਸੰਗਰਾਮ ਸਿੰਘ, ਹਰਮਨ ਬਰਕੰਡੀ, ਮਨਵੀਰ ਮਾਂਗਟ ਤੋਂ ਇਲਾਵਾ ਸਮੁੱਚੀ ਟੀਮ ਨੇ ਦਿਨ-ਰਾਤ ਇੱਕ ਕਰ ਦਿੱਤੀ। ਕੁੱਲ ਮਿਲਾ ਕੇ ਇਹ ਟੂਰਨਾਮੈਂਟ ਕਾਮਯਾਬੀ ਨਾਲ ਹੋ ਨਿਬੜੀ।

■ ਬਾਕੀ ਫੋਟੋਆਂ ਸਫਾ 2-3 'ਤੇ ਦੇਖੋ

## ਅਮਰੀਕੀ ਫੌਜ 'ਚ ਸਿੱਖ ਕੌਮ ਨੂੰ ਕੇਸ ਅਤੇ ਦਾੜ੍ਹੀ ਦਾ ਕੋਈ ਮਸਲਾ ਨਹੀਂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਵਿਸ਼ਵ ਭਰ 'ਚ ਅੱਜਕੱਲ੍ਹ ਇਹ ਖਬਰ ਅੱਗ ਵਾਂਗ ਫੈਲ ਗਈ ਹੈ ਕਿ ਅਮਰੀਕੀ ਫੌਜ ਵਿਚ ਹੁਣ ਦਾੜ੍ਹੀ ਅਤੇ ਵਾਲ ਰੱਖ ਕੇ ਡਿਊਟੀ ਨਹੀਂ ਨਿਭਾਈ ਜਾ ਸਕੇਗੀ, ਜਿਸ ਕਰਕੇ ਬਹੁਤ ਸਾਰੇ ਫੌਜੀਆਂ ਨੂੰ ਉਥੋਂ ਕੱਢ ਦਿੱਤਾ ਜਾਵੇਗਾ। ਇਸ ਖਬਰ ਦਾ ਸਿੱਖ ਕੌਮ 'ਤੇ ਕਾਫੀ ਗਹਿਰਾ ਅਸਰ ਪਿਆ ਹੈ, ਇਥੋਂ ਤੱਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਮੁੱਦੇ ਨੂੰ ਉਛਾਲਿਆ ਹੈ ਅਤੇ ਇਸ ਨੂੰ ਹੱਲ ਕਰਨ ਦੀ ਅਪੀਲ ਕੀਤੀ ਹੈ। ਪਰ ਇਸ ਦੀ ਅਸਲੀਅਤ ਕੁੱਝ ਹੋਰ ਹੀ ਹੈ। ਅਮਰੀਕੀ ਰੱਖਿਆ ਸਕੱਤਰ ਪੀਟ ਹੈਗਸੈੱਠ ਨੇ ਇਹ ਹੁਕਮ ਦਿੱਤੇ ਸਨ ਕਿ ਅਮਰੀਕੀ ਫੌਜ ਵਿਚ ਹੁਣ ਲੰਬੇ ਵਾਲ ਅਤੇ ਦਾੜ੍ਹੀ ਨਹੀਂ ਰੱਖੇ ਜਾ ਸਕਣਗੇ। ਪਰ ਇਸਦਾ ਦੂਜਾ ਪੱਖ ਇਹ ਵੀ ਹੈ ਕਿ ਉਨ੍ਹਾਂ ਨੇ ਇਹ ਵੀ ਬਿਆਨ ਦਿੱਤਾ ਹੈ ਕਿ ਜਿਸ ਕਿਸੇ ਦੇ ਵੀ ਧਰਮ ਵਿਚ ਦਾੜ੍ਹੀ ਅਤੇ ਕੇਸ ਰੱਖਣੇ ਜ਼ਰੂਰੀ ਹਨ, ਉਹ ਕੇਸ ਬਾਈ ਕੇਸ ਉਸਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਦੇਣਗੇ। ਇਹ ਛੋਟ ਲੈਣ



ਲਈ ਉਸ ਫੌਜੀ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਸਦੇ ਧਰਮ ਵਿਚ ਦਾੜ੍ਹੀ ਰੱਖਣੀ ਜ਼ਰੂਰੀ ਹੈ। ਪੰਜਾਬ 'ਚ ਬੈਠੇ ਸਿੱਖ ਸਿਆਸਤਦਾਨਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਹੁਕਮਾਂ ਬਾਰੇ ਦੁਬਾਰਾ ਪੜਤਾਲ ਕਰਨ ਅਤੇ ਉਹੀ ਬਿਆਨ ਦੇਣ, ਜਿਸ ਨਾਲ ਕਿ ਦੋਵਾਂ ਦੇਸ਼ਾਂ ਵਿਚ ਕੋਈ ਕੁੜੱਤਣ ਨਾ ਪੈਦਾ ਹੋਵੇ, ਸਗੋਂ ਆਪਸੀ ਪਿਆਰ ਸਤਿਕਾਰ ਵਧੇ। ਅਮਰੀਕੀ ਫੌਜ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਫੌਜ ਹੈ ਤੇ ਇਸ ਦੇ ਰੂਲ-ਅਸੂਲ ਬਾਕੀ ਦੁਨੀਆਂ ਨਾਲੋਂ ਵੱਖਰੇ ਹਨ ਪਰ ਫਿਰ ਵੀ ਉਨ੍ਹਾਂ ਧਰਮ ਦਾ ਸਤਿਕਾਰ ਕਰਦਿਆਂ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ।

## ਕੈਨੇਡਾ-ਅਮਰੀਕਾ ਦਾ ਹੋ ਸਕਦੈ ਰਲੇਵਾਂ : ਅਮਰੀਕੀ ਰਾਸ਼ਟਰਪਤੀ

**ਵਾਸ਼ਿੰਗਟਨ, (ਪੰਜਾਬ ਮੇਲ)**- ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਇਸ ਸਾਲ ਦੂਜੀ ਵਾਰ ਅਮਰੀਕਾ ਦੇ ਦੌਰੇ 'ਤੇ ਪਹੁੰਚੇ ਹਨ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਉਨ੍ਹਾਂ ਦਾ ਸਵਾਗਤ ਕਰਨ ਲਈ ਵ੍ਹਾਈਟ ਹਾਊਸ ਦੇ ਗੇਟ 'ਤੇ ਪਹੁੰਚੇ। ਓਵਲ ਆਫਿਸ 'ਚ ਕਾਰਨੀ ਨਾਲ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਮਜ਼ਾਕ 'ਚ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਦਾ ਰਲੇਵਾਂ ਹੋ ਸਕਦਾ ਹੈ। ਇਸ ਦੌਰਾਨ ਕਾਰਨੀ ਨੇ ਕਿਹਾ ਕਿ ਉਹ ਟਰੰਪ ਦੀ ਗਾਜ਼ਾ-ਇਜ਼ਰਾਈਲ ਸ਼ਾਂਤੀ ਯੋਜਨਾ ਦਾ ਸਮਰਥਨ ਕਰਦੇ ਹਨ ਅਤੇ ਕੈਨੇਡਾ ਇਸ ਵਿਚ ਮਦਦ ਕਰੇਗਾ। ਕਾਰਨੀ ਨੇ ਟਰੰਪ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਇਕ ਸਪੈਸ਼ਲ ਰਾਸ਼ਟਰਪਤੀ ਦੱਸਿਆ। ਉਨ੍ਹਾਂ ਕਿਹਾ ਕਿ ਟਰੰਪ ਨੇ ਨਾਟੋ ਦੇਸ਼ਾਂ ਤੋਂ ਰੱਖਿਆ ਖਰਚ ਵਧਾ ਕੇ ਈਰਾਨ ਨੂੰ ਕਮਜ਼ੋਰ ਕੀਤਾ ਹੈ।

ਟਰੰਪ ਨੇ ਕਾਰਨੀ ਦੀ ਸ਼ਲਾਘਾ ਕਰਦਿਆਂ ਮਜ਼ਾਕ ਵਿਚ ਕਿਹਾ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ




ਬਹੁਤ ਮਸ਼ਹੂਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਬੰਧ ਸ਼ੁਰੂ ਤੋਂ ਹੀ ਚੰਗੇ ਰਹੇ ਹਨ ਪਰ ਕੁਝ ਛੋਟੇ-ਮੋਟੇ ਮਤਭੇਦ ਹਨ, ਜਿਨ੍ਹਾਂ ਨੂੰ ਉਹ ਹੱਲ ਕਰ ਲੈਣਗੇ। ਵ੍ਹਾਈਟ ਹਾਊਸ ਵਿਖੇ ਦੁਵੱਲੀ ਗੱਲਬਾਤ ਦੌਰਾਨ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਵਿਚਕਾਰ "ਸ਼ਾਂਤੀ ਸਥਾਪਤ ਕਰਨ" ਵਿਚ ਮੁੱਖ ਭੂਮਿਕਾ ਨਿਭਾਈ। ਕਾਰਨੀ ਨੇ ਟਰੰਪ ਨੂੰ "ਇੱਕ ਪਰਿਵਰਤਨਸ਼ੀਲ ਰਾਸ਼ਟਰਪਤੀ" ਦੱਸਿਆ, ਜਿਨ੍ਹਾਂ ਦੀਆਂ ਨੀਤੀਆਂ ਨੇ ਵਿਸ਼ਵ ਰਾਜਨੀਤੀ ਅਤੇ ਅਰਥਵਿਵਸਥਾ ਨੂੰ ਮੁੜ ਆਕਾਰ ਦਿੱਤਾ ਹੈ।

## ਸਰੀ ਪੁਲਿਸ ਵੱਲੋਂ ਫਿਰੌਤੀ ਤੇ ਗੋਲੀਬਾਰੀ ਮਾਮਲੇ 'ਚ 7 ਜਣਿਆਂ 'ਤੇ ਮਾਮਲੇ ਦਰਜ

**ਸਰੀ, (ਪੰਜਾਬ ਮੇਲ)**- ਬੀ.ਸੀ. ਵਿਚ ਤਿੰਨ ਵੱਖ-ਵੱਖ ਮਾਮਲਿਆਂ 'ਚ 7 ਵਿਅਕਤੀਆਂ 'ਤੇ ਜ਼ਬਰਦਸਤੀ ਵਸੂਲੀ ਦੇ ਸਬੰਧ 'ਚ ਦੋਸ਼ ਲਗਾਏ ਗਏ ਹਨ। ਬੀ.ਸੀ. ਆਰ.ਸੀ.ਐੱਮ.ਪੀ. ਅਨੁਸਾਰ ਅਗਸਤ 2024 'ਚ ਇੱਕ ਵਿਅਕਤੀ ਦੇ ਘਰ 'ਤੇ ਗੋਲੀਬਾਰੀ ਤੋਂ ਬਾਅਦ, ਦੋ ਵਿਅਕਤੀਆਂ 'ਤੇ ਹਮਲਾ ਕਰਨ ਤੇ ਗੋਲੀਬਾਰੀ ਕਰਨ ਦਾ ਦੋਸ਼ ਲਗਾਇਆ ਗਿਆ ਹੈ, ਜਿਸਨੂੰ ਪੈਸੇ ਦੇਣ ਦੀਆਂ ਧਮਕੀਆਂ ਮਿਲੀਆਂ ਸਨ। ਪੁਲਿਸ ਦਾ ਕਹਿਣਾ ਹੈ ਕਿ 26 ਸਾਲਾ ਅਬਕੀਤ ਕਿੰਗਰਾਮ ਤੇ 24 ਸਾਲਾ ਵਿਕਰਮ ਸ਼ਰਮਾ 'ਤੇ ਦੋਸ਼ ਲਗਾਏ ਗਏ ਹਨ। ਕਿੰਗਰਾਮ ਕਿਸੇ ਗੈਰ-ਸੰਬੰਧਿਤ ਮਾਮਲੇ ਲਈ ਪੁਲਿਸ ਹਿਰਾਸਤ 'ਚ ਹੈ, ਜਦੋਂ ਕਿ ਸ਼ਰਮਾ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕੀਤਾ ਗਿਆ ਹੈ। ਸਰੀ ਪੁਲਿਸ ਸੇਵਾ (ਐੱਸ.ਪੀ.ਐੱਸ.) ਨੇ ਕਿਹਾ ਕਿ ਗੋਲੀਬਾਰੀ 27 ਮਾਰਚ ਨੂੰ ਸਵੇਰੇ 1:55 ਵਜੇ ਪੀ.ਟੀ. 'ਤੇ ਹੋਈ ਸੀ। ਇਸ ਦੌਰਾਨ ਇੱਕ ਘਰ 'ਤੇ ਗੋਲੀਆਂ ਚਲਾਈਆਂ ਗਈਆਂ। ਪੁਲਿਸ ਨੇ ਕਿਹਾ ਕਿ ਇਸ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ। ਇਸ ਦੌਰਾਨ ਇਹ ਵੀ ਪਤਾ ਲੱਗਿਆ ਕਿ ਇਹ ਮਾਮਲਾ ਵੀ ਜ਼ਬਰੀ ਵਸੂਲੀ ਨਾਲ ਸਬੰਧਿਤ ਸੀ।

ਇਸ ਦੌਰਾਨ ਮਨਦੀਪ ਗਿੱਡਾ (23), ਨਿਰਮਾਨਦੀਪ ਚੀਮਾ (20) ਅਤੇ ਅਰੁਣਦੀਪ ਸਿੰਘ (26), ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ 'ਤੇ ਹਥਿਆਰਾਂ ਦੀ ਲਾਪ੍ਰਵਾਹੀ ਨਾਲ ਵਰਤੋਂ ਕਰਨ ਦੇ ਦੋਸ਼ ਲਗਾਏ ਗਏ। ਸੋਮਵਾਰ ਨੂੰ ਮੀਡੀਆ ਬ੍ਰੀਫਿੰਗ ਦੌਰਾਨ ਐੱਸ.ਪੀ.ਐੱਸ. ਸਟਾਫ ਸਾਰਜੈਂਟ ਲਿੰਡਸੇ ਹਾਉਟਨ ਨੇ ਪੁਸ਼ਟੀ ਕੀਤੀ ਕਿ ਕਿਸੇ ਵੀ ਦੋਸ਼ੀ ਦਾ ਅਪਰਾਧਿਕ ਰਿਕਾਰਡ ਨਹੀਂ ਹੈ।

■ ਬਾਕੀ ਖਬਰ ਸਫਾ 17 'ਤੇ




# ਫਤਿਹ ਸਪੋਰਟਸ ਕਲੱਬ ਨੇ ਸਟਾਕਟਨ ਵਿਖੇ ਪਹਿਲਾ ਇਨਡੋਰ ਵਰਲਡ ਕਬੱਡੀ ਕੱਪ ਕਰਵਾ ਕੇ ਸਿਰਜਿਆ ਇਤਿਹਾਸ

1



























# ਫਤਿਹ ਸਪੋਰਟਸ ਕਲੱਬ ਨੇ ਸਟਾਕਟਨ ਵਿਖੇ ਪਹਿਲਾ ਇਨਡੋਰ ਵਰਲਡ ਕਬੱਡੀ ਕੱਪ ਕਰਵਾ ਕੇ ਸਿਰਜਿਆ ਇਤਿਹਾਸ

2































# ਅਮਰੀਕਾ ਤੋਂ ਬਾਅਦ ਕੈਨੇਡੀਅਨ ਟਰਾਂਸਪੋਰਟ ਵਿਭਾਗ ਵੀ ਟਰੱਕ ਡਰਾਈਵਰਾਂ ਖਿਲਾਫ਼ ਹੋਇਆ ਸਖ਼ਤ

**■ ਅਲਬਰਟਾ 'ਚ ਪੰਜ ਡਰਾਈਵਿੰਗ ਸਿਖਲਾਈ ਕੇਂਦਰਾਂ ਦੀ ਮਾਨਤਾ ਰੱਦ**




**ਫਲੋਰਿਡਾ 'ਚ ਹੋਏ ਟਰੱਕ ਹਾਦਸੇ ਦੀ ਫਾਈਲ ਫੋਟੋ। ਇਸ ਹਾਦਸੇ ਮਗਰੋਂ ਕੈਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਨੇ ਲਾਇਸੈਂਸ ਨੇਮਾਂ 'ਚ ਸਖ਼ਤੀ ਵਰਤਣ ਦਾ ਫੈਸਲਾ ਕੀਤਾ ਹੈ।**

ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਤੇ ਅਮਰੀਕਾ ਵਿਚ ਪਿਛਲੇ ਮਹੀਨਿਆਂ ਦੌਰਾਨ ਹੋਏ ਵੱਡੇ ਟਰੱਕ ਹਾਦਸਿਆਂ ਮਗਰੋਂ ਦੋਵਾਂ ਦੇਸ਼ਾਂ ਦਾ ਟਰਾਂਸਪੋਰਟ ਵਿਭਾਗ ਕਾਫੀ ਚੌਕਸ ਹੋ ਗਿਆ ਹੈ। ਵਿਭਾਗ ਨੇ ਬੀਤੇ ਵਿਚ ਕੀਤੀਆਂ ਗ਼ਲਤੀਆਂ 'ਚ ਸੁਧਾਰ ਕਰਦਿਆਂ ਲਿਹਾਜ਼ਦਾਰੀ ਪਾਲਣ ਵਾਲੇ ਨਿਰੀਖਕਾਂ ਦੀ ਸੇਵਾਵਾਂ ਖ਼ਤਮ ਕਰਨ ਦੇ ਨਾਲ ਸੈਂਕੜੇ ਟਰੱਕ ਡਰਾਈਵਿੰਗ ਲਾਇਸੈਂਸ ਰੱਦ ਕਰ ਦਿੱਤੇ ਹਨ। ਇਹੀ ਨਹੀਂ ਪੰਜ ਡਰਾਈਵਿੰਗ ਸਿਖਲਾਈ ਕੇਂਦਰਾਂ ਦੀ ਮਾਨਤਾ ਵੀ ਰੱਦ ਕੀਤੀ ਗਈ ਹੈ।

ਪਿਛਲੇ ਸਾਲਾਂ ਦੌਰਾਨ ਸੁਣਨ ਵਿਚ ਆਉਂਦਾ ਰਿਹਾ ਕਿ ਜਿਸ ਦਾ ਟਰੱਕ ਡਰਾਈਵਰੀ ਦਾ ਲਾਇਸੈਂਸ ਕਿਤੋਂ ਨਾ ਬਣਦਾ ਹੋਵੇ, ਉਹ ਅਲਬਰਟਾ ਸੂਬੇ 'ਚੋਂ ਜਾ ਕੇ ਬਣਵਾ ਲੈਂਦਾ ਸੀ। ਅਲਬਰਟਾ ਟਰਾਂਸਪੋਰਟ ਵਿਭਾਗ ਨੇ ਸਖ਼ਤੀ ਵਰਤਦਿਆਂ ਆਪਣੇ ਪੰਜ ਡਰਾਈਵਰ ਸਿਖਲਾਈ ਕੇਂਦਰਾਂ ਦੀ ਮਾਨਤਾ ਰੱਦ ਕਰ ਦਿੱਤੀ ਹੈ।

ਟੈਸਟ ਲੈ ਕੇ ਲਾਇਸੈਂਸ ਦੇਣ ਵਾਲੇ 9 ਵਿਭਾਗੀ ਨਿਰੀਖਕਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ ਅਤੇ ਕਈ ਟਰਾਂਸਪੋਰਟ ਕੰਪਨੀਆਂ ਦੀ ਮਾਨਤਾ ਰੱਦ ਕੀਤੀ ਹੈ। ਪਿਛਲੇ ਮਹੀਨਿਆਂ ਵਿਚ ਜਾਰੀ ਹੋਏ ਸੈਂਕੜੇ ਡਰਾਈਵਿੰਗ ਲਾਇਸੈਂਸ ਰੱਦ ਕਰ ਦਿੱਤੇ ਹਨ ਅਤੇ ਕਈਆਂ ਨੂੰ ਮੁੜ ਤੋਂ ਟੈਸਟ ਦੇ ਕੇ ਲਾਇਸੈਂਸ ਨਵਿਆਉਣ ਦੇ ਨੋਟਿਸ ਜਾਰੀ ਕੀਤੇ ਹਨ।

ਵਿਭਾਗੀ ਸੂਤਰਾਂ ਅਨੁਸਾਰ ਓਨਟਾਰੀਓ ਸੂਬੇ ਨੇ ਵੀ ਸਖਤੀ ਲਈ ਤਿਆਰੀ ਕੱਸ ਲਈ ਹੈ। ਨਿਰੀਖਕਾਂ ਅਤੇ ਅਫਸਰਾਂ ਨੂੰ ਨਵੇਂ ਨਿਰਦੇਸ਼ ਮਿਲਣ ਲੱਗੇ ਹਨ। ਟੈਸਟ ਵਿਚ ਸਖਤੀ ਦੇ ਨਾਲ ਨਾਲ ਇੱਛੁਕਾਂ ਦੀ ਮਾਨਸਿਕਤਾ ਪਰਖ ਜ਼ਰੂਰੀ ਕੀਤੇ ਜਾਣ ਦੇ ਨਿਯਮ ਬਣਨ ਲੱਗੇ ਹਨ। ਹੋਰ ਰਾਜਾਂ ਵਿਚ ਵੀ ਸੜਕੀ ਨਿਯਮ ਸਖਤ ਕੀਤੇ ਜਾਣ ਲਈ ਸਰਵੇਖਣ ਕਰਵਾਏ ਜਾਣ ਲੱਗੇ ਹਨ ਅਤੇ ਟਰੈਫਿਕ ਪੁਲਿਸ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ ਹਨ। ਓਨਟਾਰੀਓ ਦੇ ਕੁਝ ਸ਼ਹਿਰਾਂ ਦੀਆਂ ਮਿਊਂਸੀਪੈਲਿਟੀਆਂ ਵੱਲੋਂ ਸਪੀਡ ਕੈਮਰਿਆਂ ਦੀ ਗਿਣਤੀ ਵਧਾਈ ਜਾਣ ਲੱਗੀ ਹੈ, ਤਾਂ ਜੋ ਤੇਜ਼ ਰਫ਼ਤਾਰੀ ਨੂੰ ਠੱਲ੍ਹ ਪੈ ਸਕੇ। ਇਨ੍ਹਾਂ ਸਖ਼ਤੀਆਂ ਨਾਲ ਸੜਕ ਸੁਰੱਖਿਆ ਵਿਚ ਕਿੰਨਾ ਸੁਧਾਰ ਆਵੇਗਾ, ਇਸ ਦਾ ਪਤਾ ਕੁਝ ਮਹੀਨੇ ਬਾਅਦ ਹੀ ਲੱਗ ਸਕੇਗਾ।

## ਸੜਕ ਹਾਦਸੇ ਦੇ ਮਾਮਲੇ ਵਿਚ ਭਗੌੜੇ ਭਾਰਤੀ ਨੂੰ ਕੀਤਾ ਅਮਰੀਕਾ ਹਵਾਲੇ; ਚੱਲੇਗਾ ਮੁਕੱਦਮਾ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਭਾਰਤ ਨੇ ਦੋ ਦਹਾਕੇ ਪਹਿਲਾਂ ਨਿਊਯਾਰਕ ਵਿਚ ਵਾਪਰੇ ਇਕ ਸੜਕ ਹਾਦਸੇ ਜਿਸ ਵਿਚ ਇਕ ਮੌਤ ਹੋ ਗਈ ਸੀ, ਦੇ ਮਾਮਲੇ ਵਿਚ ਭਗੌੜੇ ਗਨੇਸ਼ ਸ਼ੇਨਾਇ (54) ਨੂੰ ਅਮਰੀਕਾ ਦੇ ਹਵਾਲੇ ਕਰ ਦਿੱਤਾ ਹੈ, ਜਿਥੇ ਉਸ ਨੂੰ ਦੂਸਰਾ ਦਰਜਾ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਯੂ.ਐੱਸ. ਮਾਰਸ਼ਲ ਸਰਵਿਸ ਸ਼ੇਨਾਇ ਨੂੰ ਮੁੰਬਈ ਤੋਂ ਹਿਰਾਸਤ ਵਿਚ ਲੈ ਕੇ ਨਸਾਊ ਕਾਊਂਟੀ, ਨਿਊਯਾਰਕ ਲੈ ਗਈ। ਇਸਤਗਾਸਾ ਦਫਤਰ ਨੇ ਦੱਸਿਆ ਕਿ ਸ਼ੇਨਾਇ ਨੂੰ ਬਿਨਾਂ ਜ਼ਮਾਨਤ ਜੇਲ੍ਹ ਵਿਚ ਰਖਿਆ ਗਿਆ ਹੈ। ਇਹ ਹਾਦਸਾ ਨਿਊਯਾਰਕ ਦੇ ਨੀਮ ਸ਼ਹਿਰੀ ਖੇਤਰ ਹਿਕਸਵਿਲੇ ਵਿਚ 2005 ਵਿਚ ਵਾਪਰਿਆ ਸੀ, ਜਦੋਂ ਸ਼ੇਨਾਇ ਨੇ ਕਥਿਤ ਤੌਰ 'ਤੇ ਨਿਰਧਾਰਤ ਰਫਤਾਰ ਹੱਦ ਤੋਂ ਦੋ ਗੁਣਾਂ ਵਧ ਰਫਤਾਰ 'ਤੇ ਆਪਣੀ ਕਾਰ ਚਲਾਉਂਦਿਆਂ ਇਕ ਹੋਰ ਕਾਰ ਵਿਚ ਮਾਰ ਦਿੱਤੀ ਸੀ। ਇਸ ਹਾਦਸੇ ਵਿਚ 44 ਸਾਲਾ ਫਿਲਿਪ ਮਾਸਟਰੋਪੋਲੋ ਦੀ ਮੌਤ ਹੋ ਗਈ ਸੀ, ਜੋ ਉਸ ਸਮੇ ਕੰਮ 'ਤੇ ਜਾ ਰਿਹਾ ਸੀ। ਹਾਦਸੇ ਤੋਂ 14 ਦਿਨਾਂ ਬਾਅਦ ਉਹ ਅਮਰੀਕੀ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੂੰ ਝਕਾਨੀ ਦੇ ਕੇ ਨਿਊਯਾਰਕ ਤੋਂ ਮੁੰਬਈ ਆ ਗਿਆ ਸੀ। ਉਸ ਵਿਰੁੱਧ ਅਗਸਤ 2005 ਵਿਚ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਸਨ ਤੇ ਉਸ ਦੀ ਗ੍ਰਿਫਤਾਰੀ ਲਈ ਇੰਟਰਪੋਲ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ।

# ਅਮਰੀਕਾ 'ਚ ਭਾਰਤੀ ਵਿਦਿਆਰਥੀ ਦੇ ਕਤਲ ਦੇ ਦੋਸ਼ ਹੇਠ ਟੈਕਸਾਸ ਦਾ ਵਿਅਕਤੀ ਗ੍ਰਿਫ਼ਤਾਰ

ਹਿਊਸਟਨ, (ਪੰਜਾਬ ਮੇਲ)- ਟੈਕਸਾਸ ਦੇ ਇੱਕ 23 ਸਾਲਾ ਵਿਅਕਤੀ ਨੂੰ ਫੋਰਟ ਵਰਥ ਗੈਸ ਸਟੇਸ਼ਨ 'ਤੇ ਇੱਕ ਭਾਰਤੀ ਵਿਦਿਆਰਥੀ ਦੇ ਕਤਲ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਘਟਨਾ ਨੇ ਸਥਾਨਕ ਭਾਰਤੀ-ਅਮਰੀਕੀ ਭਾਈਚਾਰੇ ਵਿਚ ਡਰ ਫੈਲਾ ਦਿੱਤਾ ਹੈ।

ਪੁਲਿਸ ਨੇ ਕਿਹਾ ਕਿ ਸ਼ੱਕੀ ਨੇ ਕਥਿਤ ਤੌਰ 'ਤੇ ਚੰਦਰਸ਼ੇਖਰ ਪੋਲ (28) ਨੂੰ ਆਪਣੀ ਪਾਰਟ-ਟਾਈਮ ਨੌਕਰੀ ਕਰਦੇ ਸਮੇਂ ਗੋਲੀ ਮਾਰ ਦਿੱਤੀ। ਸ਼ੱਕੀ ਫਿਰ ਮੌਕੇ ਤੋਂ ਭੱਜ ਗਿਆ ਪਰ ਅਧਿਕਾਰੀਆਂ ਨੇ ਉਸਨੂੰ ਫੜ ਲਿਆ। ਸ਼ੱਕੀ ਦੀ ਪਛਾਣ ਉੱਤਰੀ ਰਿਚਲੈਂਡ ਹਿਲਜ਼ ਦੇ ਰਿਚਰਡ ਫਲੋਰੇਜ਼ ਵਜੋਂ ਹੋਈ ਹੈ। ਉਸਨੇ ਈਸਟਚੇਜ਼ ਪਾਰਕਵੇਅ 'ਤੇ ਗੈਸ ਸਟੇਸ਼ਨ 'ਤੇ ਚੰਦਰਸ਼ੇਖਰ ਨੂੰ ਕਥਿਤ ਤੌਰ 'ਤੇ ਗੋਲੀ ਮਾਰ ਦਿੱਤੀ। ਪੁਲਿਸ ਨੇ ਕਿਹਾ ਕਿ ਗੋਲੀਬਾਰੀ ਤੋਂ ਬਾਅਦ, ਫਲੋਰੇਜ਼ ਨੇ ਲਗਭਗ ਇੱਕ ਮੀਲ ਦੂਰ ਇੱਕ ਹੋਰ ਵਾਹਨ 'ਤੇ ਵੀ ਗੋਲੀਬਾਰੀ ਕੀਤੀ, ਪਰ ਕੋਈ ਜ਼ਖਮੀ ਨਹੀਂ ਹੋਇਆ।

ਬਾਅਦ ਵਿਚ ਉਹ ਮੀਡੋਬਰੂਕ ਡਰਾਈਵ 'ਤੇ ਇੱਕ ਨੇੜਲੇ ਰਿਹਾਇਸ਼ੀ ਇਮਾਰਤ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਇੱਕ ਗੇਟ ਨਾਲ ਟਕਰਾ ਗਿਆ। ਅਧਿਕਾਰੀਆਂ ਨੇ ਤੁਰੰਤ ਉਸਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸਦੀ ਗੱਡੀ ਵਿਚੋਂ ਇੱਕ ਹਥਿਆਰ ਬਰਾਮਦ ਕੀਤਾ। ਫੋਰਟ ਵਰਥ ਪੁਲਿਸ ਦੇ ਬੁਲਾਰੇ ਅਧਿਕਾਰੀ ਬ੍ਰੈਡ ਪੇਰੇਜ਼ ਨੇ ਸੋਮਵਾਰ ਨੂੰ ਕਿਹਾ, "ਉਨ੍ਹਾਂ ਨੇ ਮੌਕੇ 'ਤੇ ਵਾਹਨ ਦੇ ਅੰਦਰੋਂ ਇੱਕ ਬੰਦੂਕ ਵੀ ਬਰਾਮਦ ਕੀਤੀ। ਸ਼ੱਕੀ ਇਸ ਵੇਲੇ ਹਸਪਤਾਲ ਵਿਚ ਹੈ ਪਰ ਉਸ 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ।"

ਟੈਰੈਂਟ ਕਾਉਂਟੀ ਮੈਡੀਕਲ ਐਗਜ਼ਾਮੀਨਰ ਦੇ ਦਫ਼ਤਰ ਨੇ ਪੋਲ ਦੀ ਪਛਾਣ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਉਸਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਜਾਂਚ ਜਾਰੀ ਹੈ ਅਤੇ ਗੋਲੀਬਾਰੀ ਦਾ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ। ਹਿਊਸਟਨ 'ਚ ਭਾਰਤੀ ਕੌਂਸਲੇਟ ਜਨਰਲ ਨੇ ਕਿਹਾ ਕਿ ਉਹ ਚੰਦਰਸ਼ੇਖਰ ਦੇ ਪਰਿਵਾਰ ਨਾਲ ਸੰਪਰਕ ਵਿਚ ਹਨ, ਤਾਂ ਜੋ ਉਸਦੇ ਅਵਸ਼ੇਸ਼ਾਂ ਨੂੰ ਭਾਰਤ ਵਾਪਸ ਭੇਜਣ ਵਿਚ ਸਹਾਇਤਾ ਕੀਤੀ ਜਾ ਸਕੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਟਰੰਪ ਦੇ ਟੈਰਿਫ਼ ਕਾਰਨ ਸੂਰਤ ਦੀ ਹੀਰਾ ਇੰਡਸਟਰੀ 'ਚ ਮੰਦੀ ਦਾ ਮਾਹੌਲ!

ਸੂਰਤ, (ਪੰਜਾਬ ਮੇਲ)- ਅਮਰੀਕਾ ਵੱਲੋਂ ਹੀਰਿਆਂ ਅਤੇ ਗਹਿਣਿਆਂ 'ਤੇ ਟੈਰਿਫ਼ ਵਧਾਉਣ ਦੇ ਫੈਸਲੇ ਤੋਂ ਬਾਅਦ ਦੁਨੀਆਂ ਭਰ 'ਚ ਹੀਰਿਆਂ ਲਈ ਮਸ਼ਹੂਰ ਸੂਰਤ 'ਚ ਮੰਦੀ ਵਾਲਾ ਮਾਹੌਲ ਬਣ ਗਿਆ ਹੈ। ਉਦਯੋਗ ਮੰਡਲਾਂ ਦਾ ਕਹਿਣਾ ਹੈ ਕਿ ਇਸ ਟੈਰਿਫ਼ ਦੇ ਐਲਾਨ ਕਾਰਨ ਨਿਰਯਾਤ ਘੱਟ ਰਹੇ ਹਨ ਅਤੇ ਹਜ਼ਾਰਾਂ ਮਜ਼ਦੂਰਾਂ ਦੇ ਰੁਜ਼ਗਾਰ 'ਤੇ ਖ਼ਤਰਾ ਮੰਡਰਾ ਰਿਹਾ ਹੈ।

## ਸ਼ਿਕਾਗੋ 'ਚ ਇਮੀਗ੍ਰੇਸ਼ਨ ਛਾਪੇ ਦੌਰਾਨ 37 ਗ੍ਰਿਫਤਾਰ; ਬੱਚਿਆਂ ਨੂੰ ਮਾਪਿਆਂ ਤੋਂ ਕੀਤਾ ਵੱਖ

ਸੈਕਰਾਮੈਂਟੋ, (ਪੰਜਾਬ ਮੇਲ)- ਸ਼ਿਕਾਗੋ ਦੀ ਇਕ ਇਮਾਰਤ 'ਚ ਇਮੀਗ੍ਰੇਸ਼ਨ ਛਾਪੇ ਦੌਰਾਨ 37 ਲੋਕਾਂ ਨੂੰ ਹਿਰਾਸਤ 'ਚ ਲੈ ਲੈਣ ਦੀ ਖ਼ਬਰ ਹੈ। ਫੌਜੀਆਂ ਨੇ ਬੱਚਿਆਂ ਨੂੰ ਵੱਖ ਕਰ ਲਿਆ, ਜਦਕਿ ਮਾਪਿਆਂ ਨੂੰ ਹਿਰਾਸਤ 'ਚ ਲੈ ਲਿਆ। ਛਾਪੇ ਦੌਰਾਨ 5 ਮੰਜ਼ਿਲਾ ਇਮਾਰਤ ਉਪਰ ਬਲੈਕ ਹਾਕ ਹੈਲੀਕਾਪਟਰ ਉੱਡਦਾ ਰਿਹਾ। ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਦੇ ਬੁਲਾਰੇ ਨੇ ਕਿਹਾ ਹੈ ਕਿ ਹਿਰਾਸਤ 'ਚ ਲੈ ਗਏ ਵਿਅਕਤੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਉਨ੍ਹਾਂ 'ਚ ਜ਼ਿਆਦਾਤਰ ਵੈਂਜ਼ੁਏਲਾ ਦੇ ਹਨ। ਇਸ ਤੋਂ ਇਲਾਵਾ ਮੈਕਸੀਕੋ, ਨਾਈਜ਼ੀਰੀਆ ਤੇ ਕੋਲੰਬੀਆ ਦੇ ਨਾਗਰਿਕ ਵੀ ਸ਼ਾਮਲ ਹਨ। ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਗ੍ਰਿਫਤਾਰ ਲੋਕਾਂ 'ਚ ਭਾਰਤੀ ਮੂਲ ਦੇ ਵਿਅਕਤੀ ਵੀ ਸ਼ਾਮਲ ਹਨ ਜਾਂ ਨਹੀਂ।

# ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਭਾਰਤ ਦੀ ਦਖਲਅੰਦਾਜ਼ੀ ਦਾ ਨਹੀਂ ਮਿਲਿਆ ਕੋਈ ਸਬੂਤ; ਰਿਪੋਰਟ 'ਚ ਖੁਲਾਸਾ

ਟੋਰਾਂਟੋ, (ਪੰਜਾਬ ਮੇਲ)- ਇੱਕ ਨਵੀਂ ਰਿਪੋਰਟ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਕੈਨੇਡਾ ਦੀਆਂ ਅਪ੍ਰੈਲ ਦੀਆਂ ਫੈਡਰਲ ਚੋਣਾਂ ਵਿਚ ਭਾਰਤ ਵੱਲੋਂ ਦਖਲਅੰਦਾਜ਼ੀ ਦਾ ਕੋਈ ਸਬੂਤ ਨਹੀਂ ਮਿਲਿਆ। ਟਾਸਕ ਫੋਰਸ ਜੋ ਖਾਸ ਤੌਰ 'ਤੇ 45ਵੀਂਆਂ ਆਮ ਚੋਣਾਂ ਦੌਰਾਨ ਨਵੀਂ ਦਿੱਲੀ ਨਾਲ ਜੁੜੀ ਸੰਭਾਵੀ ਸਰਗਰਮੀ ਦੀ ਨਿਗਰਾਨੀ ਕਰ ਰਹੀ ਸੀ, ਨੇ ਕਿਹਾ ਕਿ ਅਜਿਹੀ ਕੋਈ ਘਟਨਾ ਨਜ਼ਰ ਨਹੀਂ ਆਈ। ਰਿਪੋਰਟ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਕੈਨੇਡਾ ਨੇ ਸਖ਼ਤ ਜਾਂਚ ਕੀਤੀ, ਪਰ ਭਾਰਤ ਨੇ ਇਸ ਫੈਡਰਲ ਵੋਟਿੰਗ ਦੌਰਾਨ ਦਖਲਅੰਦਾਜ਼ੀ ਵਿਚ ਕੋਈ ਭੂਮਿਕਾ ਨਹੀਂ ਨਿਭਾਈ।

ਹਾਲਾਂਕਿ ਇਨ੍ਹਾਂ ਚੋਣਾਂ 'ਚ ਚੀਨ ਅਤੇ ਰੂਸ ਦੀ ਸਰਗਰਮੀ ਦੇ ਸੰਕੇਤ ਮਿਲੇ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਵਿਦੇਸ਼ੀ ਅਦਾਕਾਰਾਂ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ, ਪਰ ਕੈਨੇਡਾ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਉਣ ਵਿਚ ਕਾਮਯਾਬ ਰਿਹਾ। ਰਿਪੋਰਟ ਅਨੁਸਾਰ ਚੀਨ ਨਾਲ ਜੁੜੇ ਅਦਾਕਾਰਾਂ ਨੇ ਚੀਨੀ ਭਾਸ਼ਾ ਬੋਲਣ ਵਾਲੇ ਭਾਈਚਾਰਿਆਂ ਵਿਚ ਪ੍ਰਸਿੱਧ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਕੈਨੇਡੀਅਨ ਸਿਆਸੀ ਉਮੀਦਵਾਰਾਂ ਬਾਰੇ ਬਿਰਤਾਂਤ ਨੂੰ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਇਲਾਵਾ, ਟਾਸਕ ਫੋਰਸ ਨੇ ਬੀਜਿੰਗ ਨਾਲ ਜੁੜੇ ਸਰਹੱਦ ਪਾਰ ਦਮਨ ਦੀਆਂ ਘਟਨਾਵਾਂ ਨੂੰ ਵੀ ਦਸਤਾਵੇਜ਼ੀ ਰੂਪ ਦਿੱਤਾ, ਜਿਸ ਵਿਚ ਟੋਰਾਂਟੋ ਦੇ ਡੌਨ ਵੈਲੀ ਨੌਰਥ ਰਾਈਡਿੰਗ ਵਿਚ ਕੰਜ਼ਰਵੇਟਿਵ ਉਮੀਦਵਾਰ ਜੋ ਟੇਅ ਨੂੰ ਆਨਲਾਈਨ ਨਿਸ਼ਾਨਾ ਬਣਾਉਣਾ ਸ਼ਾਮਲ ਹੈ।

ਰਿਪੋਰਟ ਵਿਚ ਰੂਸ ਦਾ ਵੀ ਜ਼ਿਕਰ ਕੀਤਾ ਗਿਆ ਹੈ ਕਿ ਉਸ ਨੇ ਆਨਲਾਈਨ ਜਾਣਕਾਰੀ ਦੀ ਹੇਰਾਫੇਰੀ ਅਤੇ ਦਖਲਅੰਦਾਜ਼ੀ ਵਿਚ ਸ਼ਮੂਲੀਅਤ ਕੀਤੀ। ਇਹ ਵੀ ਨੋਟ ਕੀਤਾ ਗਿਆ ਕਿ ਰੂਸੀ ਗਤੀਵਿਧੀ ਦਾ ਉਦੇਸ਼ ਗਲਤ ਜਾਣਕਾਰੀ ਫੈਲਾਉਣਾ ਅਤੇ ਚੋਣ ਮਾਹੌਲ ਨੂੰ ਵਿਗਾੜਨਾ ਸੀ।

ਹਾਲਾਂਕਿ, ਟਾਸਕ ਫੋਰਸ ਨੇ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਕੋਸ਼ਿਸ਼ਾਂ ਵਿੱਚੋਂ ਕਿਸੇ ਨੇ ਵੀ ਕੈਨੇਡਾ ਦੀ ਜਮਹੂਰੀ ਪ੍ਰਕਿਰਿਆ ਦੀ ਸਮੁੱਚੀ ਅਖੰਡਤਾ ਨੂੰ ਕਮਜ਼ੋਰ ਨਹੀਂ ਕੀਤਾ। ਅਧਿਕਾਰੀਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਡਿਜੀਟਲ ਪਲੇਟਫਾਰਮਾਂ ਦੀ ਵਧ ਰਹੀ ਵਰਤੋਂ ਕਾਰਨ ਦਖਲਅੰਦਾਜ਼ੀ ਦੀ ਨਿਗਰਾਨੀ ਕਰਨਾ ਅਤੇ ਇਸ ਦਾ ਮੁਕਾਬਲਾ ਕਰਨਾ ਇੱਕ ਤਰਜੀਹ ਬਣਿਆ ਰਹਿੰਦਾ ਹੈ। ਰਿਪੋਰਟ ਕੈਨੇਡਾ ਨੂੰ ਚੀਨ ਅਤੇ ਰੂਸ ਵਰਗੀਆਂ ਵਿਸ਼ਵ ਸ਼ਕਤੀਆਂ ਤੋਂ ਲਗਾਤਾਰ ਦਰਪੇਸ਼ ਚੁਣੌਤੀ ਨੂੰ ਵੀ ਰੇਖਾਂਕਿਤ ਕਰਦੀ ਹੈ।



# ਪਰਫਿਊਮ ਦੀ ਬੋਤਲ ਕਾਰਨ ਭਾਰਤੀ-ਅਮਰੀਕੀ ਨਾਗਰਿਕ ਡਿਪੋਰਟ ਹੋਣ ਦੀ ਕਗਾਰ 'ਤੇ

ਵਾਸ਼ਿੰਗਟਨ, (ਪੰਜਾਬ ਮੇਲ)- ਸੰਯੁਕਤ ਰਾਜ ਅਮਰੀਕਾ 'ਚ ਇੱਕ ਭਾਰਤੀ-ਅਮਰੀਕੀ ਵਿਅਕਤੀ ਨੂੰ ਇੱਕ ਪਰਫਿਊਮ ਦੀ ਬੋਤਲ ਕਾਰਨ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਸਦਾ ਵਿਆਹ ਇੱਕ ਅਮਰੀਕੀ ਨਾਗਰਿਕ ਨਾਲ ਹੋਇਆ ਹੈ ਅਤੇ ਉਹ ਉੱਥੇ ਸੈਟਲ ਹੋਣ ਦੀ ਯੋਜਨਾ ਬਣਾ ਰਿਹਾ ਸੀ, ਪਰ ਇੱਕ ਗਲਤਫਹਿਮੀ ਕਾਰਨ ਸਭ ਪੁੱਠਾ ਪੈ ਗਿਆ।



3 ਮਈ ਨੂੰ ਕਪਿਲ ਰਘੂ, ਇੱਕ ਭਾਰਤੀ-ਅਮਰੀਕੀ, ਅਰਕਾਨਸਾਸ ਵਿਚ ਕਿਸੇ ਨੂੰ ਭੋਜਨ ਪਹੁੰਚਾ ਰਿਹਾ ਸੀ, ਜਦੋਂ ਪੁਲਿਸ ਨੇ ਉਸਨੂੰ ਟ੍ਰੈਫਿਕ ਜਾਂਚ ਲਈ ਰੋਕਿਆ। ਉਨ੍ਹਾਂ ਨੇ ਉਸਦੀ ਕਾਰ ਵਿਚ "ਅਫੀਮ" ਲੇਬਲ ਵਾਲੀ ਇੱਕ ਬੋਤਲ ਦੇਖੀ। ਅਫੀਮ, ਇੱਕ ਨਸ਼ੀਲਾ ਪਦਾਰਥ ਜੋ ਪਾਬੰਦੀਸ਼ੁਦਾ ਹੈ।

ਰਘੂ ਨੇ ਦਾਅਵਾ ਕੀਤਾ ਕਿ ਇਹ ਅਫੀਮ ਨਹੀਂ ਸੀ, ਸਗੋਂ "ਅਫੀਮ" ਲੇਬਲ ਵਾਲੀ ਇੱਕ ਪਰਫਿਊਮ ਬੋਤਲ ਸੀ, ਪਰ ਪੁਲਿਸ ਨੇ ਉਸ 'ਤੇ ਵਿਸ਼ਵਾਸ ਨਹੀਂ ਕੀਤਾ। ਉਨ੍ਹਾਂ ਨੇ ਉਸਨੂੰ ਨਸ਼ੀਲੇ ਪਦਾਰਥ ਰੱਖਣ ਦੇ ਦੋਸ਼ ਵਿਚ ਹਿਰਾਸਤ ਵਿਚ ਲੈ ਲਿਆ। ਰਘੂ ਨੂੰ ਬਾਅਦ ਵਿਚ ਤਿੰਨ



ਦਿਨਾਂ ਲਈ ਸੈਲੀਨ ਕਾਉਂਟੀ ਜੇਲ੍ਹ ਵਿਚ ਰੱਖਿਆ ਗਿਆ ਸੀ। ਹਾਲਾਂਕਿ, ਅਰਕਾਨਸਾਸ ਸਟੇਟ ਕ੍ਰਾਈਮ ਲੈਬ ਦੁਆਰਾ ਕੀਤੀ ਗਈ ਜਾਂਚ ਨੇ ਪੁਸ਼ਟੀ ਕੀਤੀ ਕਿ ਬੋਤਲ ਵਿਚ ਪਰਫਿਊਮ ਸੀ, ਅਫੀਮ ਨਹੀਂ। ਇਸ ਨਾਲ ਰਘੂ ਦੀਆਂ ਮੁਸ਼ਕਲਾਂ ਖਤਮ ਨਹੀਂ ਹੋਈਆਂ।

ਜਦੋਂ ਰਘੂ ਜੇਲ੍ਹ ਵਿਚ ਸੀ, ਅਧਿਕਾਰੀਆਂ ਨੂੰ ਉਸਦੇ ਇਮੀਗ੍ਰੇਸ਼ਨ ਦਸਤਾਵੇਜ਼ਾਂ ਵਿਚ ਇੱਕ ਸਮੱਸਿਆ ਦਾ ਪਤਾ ਲੱਗਿਆ ਅਤੇ ਉਸਦੇ ਵੀਜ਼ੇ ਦੀ ਮਿਆਦ ਖਤਮ ਹੋ ਗਈ ਸੀ। ਰਘੂ ਦੇ ਵਕੀਲ ਨੇ ਇਸਦਾ ਕਾਰਨ ਇੱਕ ਪ੍ਰਸ਼ਾਸਕੀ ਗਲਤੀ ਦੱਸਿਆ, ਪਰ ਅਧਿਕਾਰੀਆਂ ਨੇ ਉਸਨੂੰ ਲੁਸੀਆਨਾ ਦੇ ਫੈਡਰਲ ਇਮੀਗ੍ਰੇਸ਼ਨ ਸੈਂਟਰ ਵਿਚ ਤਬਦੀਲ ਕਰ ਦਿੱਤਾ। ਉੱਥੇ, ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੇ ਉਸਨੂੰ 30 ਦਿਨਾਂ ਲਈ ਹਿਰਾਸਤ 'ਚ ਰੱਖਿਆ।

20 ਮਈ ਨੂੰ, ਜ਼ਿਲ੍ਹਾ ਅਦਾਲਤ ਨੇ ਰਘੂ ਨੂੰ ਅਫੀਮ ਰੱਖਣ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ, ਪਰ ਉਸਦਾ ਵੀਜ਼ਾ ਰੱਦ ਕਰ ਦਿੱਤਾ ਗਿਆ। ਨਤੀਜੇ ਵਜੋਂ, ਉਸਦੇ ਕੋਲ ਹੁਣ ਕਾਨੂੰਨੀ ਤੌਰ 'ਤੇ ਸੰਯੁਕਤ ਰਾਜ ਵਿਚ ਰਹਿਣ ਦਾ ਕੋਈ ਆਧਾਰ ਨਹੀਂ ਸੀ। ਰਘੂ ਦੇ ਵਕੀਲ ਦੇ ਅਨੁਸਾਰ, ਉਸਨੂੰ ਰਿਹਾਅ ਕਰ ਦਿੱਤਾ ਗਿਆ ਸੀ, ਪਰ ਹੁਣ ਉਸਨੂੰ ਦੇਸ਼ ਨਿਕਾਲੇ ਦੀ ਸਥਿਤੀ ਦੇ ਅਧੀਨ ਹੈ, ਭਾਵ ਉਸਨੂੰ ਕਿਸੇ ਵੀ ਮਾਮੂਲੀ ਅਪਰਾਧ ਲਈ ਤੁਰੰਤ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।

ਰਘੂ ਲਈ ਹੋਰ ਚਿੰਤਾ ਦੀ ਗੱਲ ਇਹ ਹੈ ਕਿ ਉਹ ਹੁਣ ਸੰਯੁਕਤ ਰਾਜ ਵਿਚ ਕੰਮ ਨਹੀਂ ਕਰ ਸਕਦਾ ਜਾਂ ਪੈਸਾ ਨਹੀਂ ਕਮਾ ਸਕਦਾ। ਇਸ ਨਾਲ ਉਸਦੇ ਲਈ ਘਰ ਚਲਾਉਣਾ ਮੁਸ਼ਕਲ ਹੋ ਗਿਆ ਹੈ। ਪਰਿਵਾਰ ਦੀ ਬਚਤ ਪਹਿਲਾਂ ਹੀ ਕਾਨੂੰਨੀ ਪ੍ਰਕਿਰਿਆ ਵਿਚ ਖਤਮ ਹੋ ਚੁੱਕੀ ਹੈ। ਹੁਣ, ਉਸਦੀ ਪਤਨੀ ਨੂੰ ਘਰ ਦਾ ਗੁਜ਼ਾਰਾ ਚਲਾਉਣ ਲਈ ਤਿੰਨ ਨੌਕਰੀਆਂ ਕਰਨੀਆਂ ਪੈ ਰਹੀਆਂ ਹਨ। ਉਸਦੀ ਪਤਨੀ ਨੇ ਕਾਨੂੰਨੀ ਅਤੇ ਘਰੇਲੂ ਖਰਚਿਆਂ ਲਈ ਇੱਕ ਔਨਲਾਈਨ ਫੰਡਰੇਜ਼ਿੰਗ ਮੁਹਿੰਮ ਵੀ ਸ਼ੁਰੂ ਕੀਤੀ ਹੈ, ਜਿਸ ਵਿਚ ਦਾਨ ਮੰਗਿਆ ਜਾ ਰਿਹਾ ਹੈ। ਹੁਣ ਤੱਕ, ਉਸਨੂੰ 13,780 ਡਾਲਰ ਦਾਨ ਵਿਚ ਮਿਲੇ ਹਨ।

# ਮਸ਼ਹੂਰ ਪੰਜਾਬੀ ਗਾਇਕ ਰਾਜਵੀਰ ਜਵੰਦਾ ਜ਼ਿੰਦਗੀ ਦੀ ਜੰਗ ਹਾਰਿਆ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬੀ ਗਾਇਕ ਰਾਜਵੀਰ ਜਵੰਦਾ (35) ਦਾ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਦੇਹਾਂਤ ਹੋ ਗਿਆ ਹੈ। ਹਾਲਾਂਕਿ, ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਮੌਤ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ। ਫੋਰਟਿਸ ਹਸਪਤਾਲ ਵੱਲੋਂ ਜਲਦੀ ਹੀ ਰਸਮੀ ਜਾਣਕਾਰੀ ਜਾਰੀ ਕੀਤੇ ਜਾਣ ਦੀ ਉਮੀਦ ਹੈ। ਰਾਜਵੀਰ ਜਵੰਦਾ ਦੀ ਮੌਤ ਦੀ ਖ਼ਬਰ ਮਿਲਦੇ ਹੀ ਮੋਹਾਲੀ ਪੁਲਿਸ ਨੇ ਹਸਪਤਾਲ ਦੇ ਬਾਹਰ ਸੁਰੱਖਿਆ ਵਧਾ ਦਿੱਤੀ। ਹਸਪਤਾਲ ਦੇ ਬਾਹਰ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਦੇ ਨੇੜਲੇ ਲੋਕਾਂ ਦੇ ਅਨੁਸਾਰ, ਉਨ੍ਹਾਂ ਦੀ ਦੇਹ ਨੂੰ ਸਿੱਧਾ ਉਨ੍ਹਾਂ ਦੇ ਜੱਦੀ ਪਿੰਡ ਪੌਣਾ, ਜਗਰਾਉਂ, ਲੁਧਿਆਣਾ ਲਿਜਾਇਆ ਜਾਵੇਗਾ, ਜਿੱਥੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਜਾਵੇਗੀ।



ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬੀ ਅਦਾਕਾਰ ਗੁਰਪ੍ਰੀਤ ਘੁੱਗੀ ਨੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਦੇਹਾਂਤ ਦੀ ਜਾਣਕਾਰੀ ਸਾਂਝੀ ਕੀਤੀ। ਪੰਜਾਬੀ ਅਦਾਕਾਰ ਬੀ.ਐੱਨ. ਸ਼ਰਮਾ ਨੇ ਕਿਹਾ, "ਇਹ ਬਹੁਤ ਦੁਖਦਾਈ ਖ਼ਬਰ ਹੈ। ਹਰ ਕੋਈ ਉਨ੍ਹਾਂ ਦੀ ਸਿਹਤਯਾਬੀ ਲਈ ਪ੍ਰਾਰਥਨਾ ਕਰ ਰਿਹਾ ਸੀ, ਪਰ ਅਜਿਹਾ ਨਹੀਂ ਹੋਇਆ।"

ਜ਼ਿਕਰਯੋਗ ਹੈ ਕਿ ਰਾਜਵੀਰ ਜਵੰਦਾ 27 ਸਤੰਬਰ ਨੂੰ ਹਿਮਾਚਲ ਦੇ ਬੱਦੀ ਵਿਚ ਵਾਪਰੇ ਇਕ ਹਾਦਸੇ ਵਿਚ ਗੰਭੀਰ ਜ਼ਖਮੀ ਹੋ ਗਏ ਸਨ। ਜਿਸ ਤੋਂ ਬਾਅਦ ਉਨ੍ਹਾਂ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਜਿੱਥੇ ਉਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਸਨ। ਰਾਜਵੀਰ ਜਵੰਦਾ ਦੇ ਸਿਰ ਤੇ ਰੀੜ੍ਹ ਦੀ ਹੱਡੀ 'ਚ ਸੱਟਾਂ ਲੱਗੀਆਂ ਸਨ। ਹਸਪਤਾਲ ਲਿਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਦਿਲਾ ਦਾ ਦੌਰਾ ਵੀ ਪਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਉਸ ਦਿਨ ਤੋਂ ਲਗਾਤਾਰ ਵੈਂਟੀਲੇਟਰ 'ਤੇ ਰੱਖਿਆ ਗਿਆ।

ਦੱਸ ਦਈਏ ਕਿ ਦੁਨੀਆਂ ਭਰ ਦੇ ਪ੍ਰਸ਼ੰਸਕ ਅਤੇ ਸ਼ੁੱਭਚਿੰਤਕ, ਗਾਇਕ, ਸਿਆਸਤਦਾਨਾਂ ਜਵੰਦਾ ਲਈ ਅਰਦਾਸਾਂ ਕਰ ਰਹੇ ਸਨ, ਜੋ ਕਿ ਕਬੂਲ ਨਹੀਂ ਹੋਈਆਂ। ਉਨ੍ਹਾਂ ਦੀ ਹਾਲਤ ਨੂੰ ਦੇਖਕੇ ਹਰ ਕੋਈ ਚਮਤਕਾਰ ਦੀ ਉਮੀਦ ਕਰ ਰਿਹਾ ਸੀ। ਗਾਇਕ ਦੀ ਮਾਂ ਜਿਨ੍ਹਾਂ ਨੇ ਹਾਲ ਹੀ ਵਿਚ ਆਪਣੇ ਪਤੀ ਨੂੰ ਗੁਆ ਦਿੱਤਾ ਸੀ, ਨੂੰ ਹੁਣ ਇੱਕ ਹੋਰ ਵੱਡਾ ਘਾਟਾ ਪੈ ਗਿਆ ਹੈ ਕਿਉਂਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਜ਼ਿੰਦਗੀ ਦੀ ਲੜਾਈ ਹਾਰ ਗਿਆ ਹੈ।

ਤੁਹਾਨੂੰ ਦੱਸ ਦੇਈਏ ਕਿ ਰਾਜਵੀਰ ਜਵੰਦਾ ਦਾ ਸਫ਼ਰ ਕਿਸੇ ਪ੍ਰੇਰਨਾਦਾਇਕ ਤੋਂ ਘੱਟ ਨਹੀਂ ਰਿਹਾ। ਗਾਇਕ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਪੰਜਾਬ ਪੁਲਿਸ 'ਚ ਸੇਵਾ ਨਿਭਾ ਰਿਹਾ ਹੈ, ਜਿਸ ਦੇ ਚੱਲਦੇ ਉਨ੍ਹਾਂ ਨੇ ਵੀ ਪੰਜਾਬ ਪੁਲਿਸ ਜੁਆਇਨ ਕੀਤੀ। ਪਰ ਗਾਉਣ ਨੂੰ ਲੈ ਕੇ ਉਨ੍ਹਾਂ ਦਾ ਜਨੂੰਨ ਕਦੇ ਵੀ ਘੱਟ ਨਹੀਂ ਹੋਇਆ। ਜਵੰਦਾ ਨੇ ਦੱਸਿਆ ਕਿ ਜ਼ਿੰਦਗੀ 'ਚ ਅਨੁਸ਼ਾਨ ਨਾਲ ਕਿਵੇਂ ਰਹਿਣਾ ਅਤੇ ਕਿਵੇਂ ਆਪਣੇ ਵੱਡੇ-ਛੋਟੇ ਕੰਮ ਕਰਨੇ ਹਨ, ਉਨ੍ਹਾਂ ਨੂੰ ਪੁਲਿਸ ਦੀ ਸਿਖਲਾਈ ਦੌਰਾਨ ਪਤਾ ਲੱਗਿਆ।

ਗਾਇਕ ਰਾਜਵੀਰ ਜਵੰਦਾ ਨੇ ਆਪਣੀ ਸੁਰੀਲੀ ਆਵਾਜ਼ ਅਤੇ ਜੋਸ਼ੀਲੀ ਸ਼ਖਸੀਅਤ ਨਾਲ ਲੱਖਾਂ ਦਿਲ ਜਿੱਤੇ ਸਨ।




# ਟਰੰਪ ਵੱਲੋਂ ਅਮਰੀਕੀ ਯੂਨੀਵਰਸਿਟੀ ਨੀਤੀਆਂ ’ਚ ਬਦਲਾਅ ਦੀ ਮੰਗ ਲਈ ਮੀਮੋ ਜਾਰੀ



■ ਕਿਹਾ : ਫੰਡਿੰਗ ਚਾਹੀਦੀ ਹੈ, ਤਾਂ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਕਰੋ ਸੀਮਤ!

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਯੂਨੀਵਰਸਿਟੀ ਨੀਤੀਆਂ ’ਚ ਬਦਲਾਅ ਦੀ ਮੰਗ ਕਰਦੇ ਹੋਏ 10-ਨੁਕਾਤੀ ਮੀਮੋ ਜਾਰੀ ਕੀਤਾ ਹੈ। ਇਸ ਵਿਚ ਸਪੱਸ਼ਟ ਤੌਰ ’ਤੇ ਕਿਹਾ ਗਿਆ ਹੈ ਕਿ ਜੇਕਰ ਯੂਨੀਵਰਸਿਟੀਆਂ ਸਰਕਾਰੀ ਫੰਡਿੰਗ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਸਰਕਾਰੀ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਮੀਮੋ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ, ਦਾਖਲਾ ਪ੍ਰਕਿਰਿਆਵਾਂ, ਟਿਊਸ਼ਨ ਫੀਸਾਂ ਅਤੇ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਉਂਦਾ ਹੈ। ਇਸ ਨਵੇਂ ਮੀਮੋ ਵਿਚ ਕੁੱਲ ਨੌਂ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿਚ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ, ਡਾਰਟਮਾਊਥ, ਯੂਨੀਵਰਸਿਟੀ ਆਫ਼ ਪੈਨਸਿਲਵੇਨੀਆ, ਯੂਨੀਵਰਸਿਟੀ ਆਫ਼ ਸਾਊਦਰਨ ਕੈਲੀਫੋਰਨੀਆ, ਯੂਨੀਵਰਸਿਟੀ ਆਫ਼ ਟੈਕਸਾਸ, ਬ੍ਰਾਊਨ ਯੂਨੀਵਰਸਿਟੀ, ਵੈਂਡਰਬਿਲਟ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਐਰੀਜ਼ੋਨਾ ਅਤੇ ਯੂਨੀਵਰਸਿਟੀ ਆਫ਼ ਵਰਜੀਨੀਆ ਸ਼ਾਮਲ ਹਨ। ਸਰਕਾਰ ਨੇ ਸਪੱਸ਼ਟ ਤੌਰ ’ਤੇ ਕਿਹਾ ਹੈ ਕਿ ਜੇਕਰ ਕੋਈ ਯੂਨੀਵਰਸਿਟੀ ਨਿਯਮਾਂ ਦੀ ਪਾਲਣਾ ਨਹੀਂ ਕਰਦੀ ਹੈ, ਤਾਂ ਉਸਨੂੰ ਸਰਕਾਰੀ ਫੰਡਿੰਗ ਅਤੇ ਗ੍ਰਾਂਟਾਂ ਨਹੀਂ ਮਿਲਣਗੀਆਂ। ਇਸਦੀ ਨਿਗਰਾਨੀ ਅਮਰੀਕੀ ਨਿਆਂ ਵਿਭਾਗ ਦੁਆਰਾ ਵੀ ਕੀਤੀ ਜਾਵੇਗੀ।

ਉੱਪਰ ਦੱਸੀਆਂ ਗਈਆਂ ਯੂਨੀਵਰਸਿਟੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅੰਡਰਗ੍ਰੈਜੂਏਟ ਕੋਰਸਾਂ ਦੀ ਪੜ੍ਹਾਈ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 15% ਤੋਂ ਵੱਧ ਨਾ ਹੋਵੇ। ਇਸਦਾ ਉਦੇਸ਼ ਵਿਦੇਸ਼ੀ ਵਿਦਿਆਰਥੀਆਂ ’ਤੇ ਨਿਰਭਰਤਾ ਘਟਾਉਣਾ ਹੈ, ਜੋ ਉੱਚ ਟਿਊਸ਼ਨ ਫੀਸਾਂ ਵੀ ਦਿੰਦੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਇਸ ਨਾਲ ਅਕਾਦਮਿਕ ਵਿਭਿੰਨਤਾ ’ਤੇ ਅਸਰ ਪਵੇਗਾ।

ਮੀਮੋ ਵਿਚ ਕਿਹਾ ਗਿਆ ਹੈ ਕਿ ਕਿਸੇ ਵੀ ਇੱਕ ਦੇਸ਼ ਦੇ ਵਿਦਿਆਰਥੀਆਂ ਨੂੰ ਕਿਸੇ ਵੀ ਇੱਕ ਯੂਨੀਵਰਸਿਟੀ ਵਿਚ 5 ਫੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਸਦਾ ਉਦੇਸ਼ ਯੂਨੀਵਰਸਿਟੀ ਦੇ ਅੰਦਰ ਵਿਭਿੰਨਤਾ ਵਧਾਉਣਾ ਅਤੇ ਕਿਸੇ ਵੀ ਇੱਕ ਦੇਸ਼ ’ਤੇ ਨਿਰਭਰਤਾ ਘਟਾਉਣਾ ਹੈ।

ਯੂਨੀਵਰਸਿਟੀਆਂ ਨੂੰ ਦਾਖਲੇ ਅਤੇ ਭਰਤੀ ਦੇ ਫੈਸਲੇ ਲੈਂਦੇ ਸਮੇਂ ਨਸਲ ਜਾਂ ਲਿੰਗ ਦੇ ਆਧਾਰ ’ਤੇ ਫੈਸਲੇ ਲੈਣਾ ਬੰਦ ਕਰ ਦੇਣਾ ਚਾਹੀਦਾ ਹੈ। ਮੀਮੋ ਵਿਚ ਕਿਹਾ ਗਿਆ ਹੈ ਕਿ ਸਾਰੀਆਂ ਭਰਤੀਆਂ ਯੋਗਤਾ ਦੇ ਆਧਾਰ ’ਤੇ ਹੋਣੀਆਂ ਚਾਹੀਦੀਆਂ ਹਨ।

ਮੀਮੋ ਵਿਚ ਕਿਹਾ ਗਿਆ ਹੈ ਕਿ ਯੂਨੀਵਰਸਿਟੀਆਂ ਨੂੰ ਪੰਜ ਸਾਲਾਂ ਲਈ ਟਿਊਸ਼ਨ ਫੀਸਾਂ ਨੂੰ ਫ੍ਰੀਜ਼ ਕਰਨਾ ਚਾਹੀਦਾ ਹੈ। ਇਸਦਾ ਉਦੇਸ਼ ਵਧਦੀਆਂ ਵਿਦਿਅਕ ਲਾਗਤਾਂ ਨੂੰ ਕੰਟਰੋਲ ਕਰਨਾ ਅਤੇ ਕਾਲਜ ਸਿੱਖਿਆ ਨੂੰ ਕਿਫਾਇਤੀ ਬਣਾਉਣਾ ਹੈ। ਹਾਲਾਂਕਿ, ਇਹ ਕਾਲਜ ਬਜਟ ਨੂੰ ਵੀ ਪ੍ਰਭਾਵਤ ਕਰ ਸਕਦਾ ਹੈ।

ਕਾਲਜਾਂ ਲਈ ਮਿਆਰੀ ਟੈਸਟ ਲਾਜ਼ਮੀ ਕੀਤੇ ਜਾਣੇ ਹਨ। ਦਾਖਲੇ ਲਈ ਐੱਸ.ਏ.ਟੀ. ਜਾਂ ਸਮਾਨ ਪ੍ਰੀਖਿਆਵਾਂ ਲਾਜ਼ਮੀ ਕੀਤੀਆਂ ਜਾਣੀਆਂ ਹਨ। ਇੱਕ ਵਾਰ ਇਸਨੂੰ ਲਾਗੂ ਕਰਨ ਤੋਂ ਬਾਅਦ, ਦਾਖਲੇ ਸਿਰਫ਼ ਟੈਸਟ ਸਕੋਰਾਂ ’ਤੇ ਆਧਾਰਿਤ ਹੋਣਗੇ। ਯੂਨੀਵਰਸਿਟੀਆਂ ਨੂੰ ਕੋਰਸਾਂ ਦੇ ਅੰਦਰ ਗ੍ਰੇਡ ਮੁਦਰਾਸਫੀਤੀ ਨੂੰ ਸੰਬੋਧਿਤ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਜਦੋਂਕਿ ਔਸਤ ਗ੍ਰੇਡ ਵਧਣ ਨਾਲ ਅਕਾਦਮਿਕ ਮਿਆਰ ਘੱਟ ਸਕਦੇ ਹਨ, ਮੀਮੋ ਸੰਸਥਾਵਾਂ ਨੂੰ ਵਧੇਰੇ ਸਖ਼ਤ ਗਰੇਡਿੰਗ ਅਭਿਆਸਾਂ ਨੂੰ ਲਾਗੂ ਕਰਨ ਦੀ ਅਪੀਲ ਕਰਦਾ ਹੈ। ਮੀਮੋ ਨਿਰਦੇਸ਼ ਦਿੰਦਾ ਹੈ ਕਿ ਯੂਨੀਵਰਸਿਟੀਆਂ ਨੂੰ ਇੱਕ ਅਜਿਹਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ ਜਿੱਥੇ ਵਿਭਿੰਨ ਰਾਜਨੀਤਿਕ ਅਤੇ ਵਿਚਾਰਧਾਰਕ ਦ੍ਰਿਸ਼ਟੀਕੋਣ ਪ੍ਰਫੁੱਲਤ ਹੋਣ। ਕੁੱਲ ਮਿਲਾ ਕੇ, ਹਰ ਕਿਸਮ ਦੀਆਂ ਵਿਚਾਰਧਾਰਾਵਾਂ ਲਈ ਜਗ੍ਹਾ ਹੋਣੀ ਚਾਹੀਦੀ ਹੈ।

# ਟੈਕਸਾਸ ਰਾਜ ਦੇ ਸ਼ਹਿਰ ਡੱਲਾਸ ’ਚ ਭਾਰਤੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਹੈਦਰਾਬਾਦ ਦੇ ਰਹਿਣ ਵਾਲੇ ਇਕ 27 ਸਾਲਾ ਭਾਰਤੀ ਵਿਦਿਆਰਥੀ ਚੰਦਰਸ਼ੇਖਰ ਪੋਲੇ ਦੀ ਟੈਕਸਾਸ ਦੇ ਡੱਲਾਸ ਵਿਚ ਰਾਤ ਨੂੰ ਇੱਕ ਗੈਸ ਸਟੇਸ਼ਨ ’ਤੇ ਕੰਮ ਕਰਦੇ ਸਮੇਂ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਹਮਲਾਵਰ, ਜੋ ਕਿ ਕਥਿਤ ਤੌਰ ’ਤੇ ਇੱਕ ਅਣਪਛਾਤਾ ਬੰਦੂਕਧਾਰੀ ਸੀ, ਗੋਲੀਬਾਰੀ ਤੋਂ ਬਾਅਦ ਮੌਕੇ ’ਤੇ ਫਰਾਰ ਹੋ ਗਿਆ। ਮ੍ਰਿਤਕ ਚੰਦਰਸ਼ੇਖਰ 2023 ਵਿਚ ਹੈਦਰਾਬਾਦ ਤੋਂ ਡੈਂਟਲ ਸਰਜਰੀ ਵਿਚ ਆਪਣੀ ਬੈਚਲਰ ਦੀ ਡਿਗਰੀ ਪੂਰੀ ਕਰਨ ਤੋਂ ਬਾਅਦ ਅਮਰੀਕਾ ਆਇਆ ਸੀ ਅਤੇ ਉਸ ਨੇ ਛੇ ਮਹੀਨੇ ਪਹਿਲਾਂ ਆਪਣੀ ਮਾਸਟਰ ਡਿਗਰੀ ਪੂਰੀ ਕੀਤੀ ਸੀ ਅਤੇ ਉਹ ਪੂਰੇ ਸਮੇਂ ਦੀ ਨੌਕਰੀ ਦੀ ਭਾਲ ਵਿਚ ਸੀ। ਇਸ ਦੌਰਾਨ, ਉਸਨੇ ਆਪਣਾ ਗੁਜ਼ਾਰਾ ਤੋਰਨ ਲਈ ਪੈਟਰੋਲ ਪੰਪ ’ਤੇ ਪਾਰਟ-ਟਾਈਮ ਕੰਮ ਕਰਨਾ ਸ਼ੁਰੂ ਕੀਤਾ ਸੀ। ਇਸ ਮੰਦਭਾਗੀ ਹੈਰਾਨ ਕਰਨ ਵਾਲੀ ਘਟਨਾ ਨੇ ਹੈਦਰਾਬਾਦ ਵਿਚ ਉਸ ਦੇ ਪਰਿਵਾਰ ਨੂੰ ਬਹੁਤ ਦੁੱਖ ਪਹੁੰਚਾਇਆ ਹੈ। ਉਨ੍ਹਾਂ ਨੇ ਭਾਰਤ ਅਤੇ ਤੇਲੰਗਾਨਾ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਲਦੀ ਤੋਂ ਜਲਦੀ ਅਮਰੀਕਾ ਤੋਂ ਉਸਦੀ ਮ੍ਰਿਤਕ ਦੇਹ ਨੂੰ ਵਾਪਸ ਲਿਆਉਣ ਵਿਚ ਮਦਦ ਕਰਨ। ਇਸ ਦਰਦਨਾਕ ਘਟਨਾ ਨੇ ਇੱਕ ਵਾਰ ਫਿਰ ਅਮਰੀਕਾ ਵਿਚ ਪਾਰਟ-ਟਾਈਮ ਕੰਮ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

# ਐੱਚ-1ਬੀ ਵੀਜ਼ਾ ਫੀਸ ਵਾਧੇ ਦਾ ਮਾਮਲਾ ਅਦਾਲਤ ਪੁੱਜਾ

**ਵਾਸ਼ਿੰਗਟਨ, (ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐੱਚ-1ਬੀ ਵੀਜ਼ਾ ਲਈ ਫ਼ੀਸ ਵਧਾ ਕੇ 1 ਲੱਖ ਡਾਲਰ (ਲਗਭਗ 88 ਲੱਖ ਰੁਪਏ) ਕਰਨ ਦਾ ਐਲਾਨ ਕਰ ਦਿੱਤਾ ਸੀ, ਜਿਸ ਕਾਰਨ ਦੁਨੀਆਂ ਭਰ ਦੇ ਪੇਸ਼ੇਵਰਾਂ ਲਈ ਕੰਮ ਕਰਨ ਲਈ ਅਮਰੀਕਾ ਜਾਣ ਦੇ ਸੁਫ਼ਨੇ ਨੂੰ ਕਰਾਰਾ ਝਟਕਾ ਲੱਗਾ ਹੈ। ਟਰੰਪ ਨੇ ਇਹ ਫ਼ੈਸਲਾ ਇਸ ਲਈ ਕੀਤਾ ਕਿ ਉਹ ਚਾਹੁੰਦੇ ਹਨ ਕਿ ਅਮਰੀਕੀ ਕੰਪਨੀਆਂ ’ਚ ਸਵਦੇਸ਼ੀ ਕਰਮਚਾਰੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਨੌਕਰੀਆਂ ਮਿਲ ਸਕਣ ਤੇ ਉਨ੍ਹਾਂ ਦੀ ਵਿਦੇਸ਼ੀ ਕਾਮਿਆਂ ’ਤੇ ਨਿਰਭਰਤਾ ਨੂੰ ਘਟਾਇਆ ਜਾ ਸਕੇ। ਇਸੇ ਦੌਰਾਨ ਹੈਲਥ ਪ੍ਰੋਵਾਈਡਰਜ਼, ਧਾਰਮਿਕ ਸਮੂਹਾਂ ਤੇ ਯੂਨੀਵਰਸਿਟੀ ਪ੍ਰੋਫੈਸਰਾਂ ਸਣੇ ਇੱਕ ਸਮੂਹ ਨੇ ਅਮਰੀਕਾ ਵਿਚ ਐੱਚ-1ਬੀ ਵੀਜ਼ਾ ਅਰਜ਼ੀਆਂ ਲਈ 1 ਲੱਖ ਡਾਲਰ ਦੀ ਫੀਸ ਦੇ ਸਰਕਾਰ ਦੇ ਫ਼ੈਸਲੇ ਖ਼ਿਲਾਫ਼ ਸ਼ੁੱਕਰਵਾਰ ਨੂੰ ਫੈਡਰਲ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ ਹੈ। ਸਮੂਹ ਨੇ ਮੁਕੱਦਮਾ ਦਾਇਰ ਕਰਦੇ ਹੋਏ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੀ ਯੋਜਨਾ ਨੇ ਮਾਲਕਾਂ, ਕਰਮਚਾਰੀਆਂ ਅਤੇ ਫੈਡਰਲ ਏਜੰਸੀਆਂ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਸਾਨ ਫਰਾਂਸਿਸਕੋ ਵਿਚ ਅਮਰੀਕੀ ਜ਼ਿਲ੍ਹਾ ਅਦਾਲਤ ਵਿਚ ਦਾਇਰ ਕੀਤੇ ਗਏ ਮੁਕੱਦਮੇ ਵਿਚ ਕਿਹਾ ਗਿਆ ਹੈ ਕਿ ਐੱਚ-1ਬੀ ਪ੍ਰੋਗਰਾਮ ਹੈਲਥ ਕਰਮਚਾਰੀਆਂ ਅਤੇ ਅਧਿਆਪਕਾਂ ਨੂੰ ਭਰਤੀ ਕਰਨ ਲਈ ਇੱਕ ਮਹੱਤਵਪੂਰਨ ਮਾਰਗ ਹੈ। ਇਹ ਅਮਰੀਕਾ ਵਿਚ ਨਵੀਨਤਾ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਮਾਲਕਾਂ ਨੂੰ ਖਾਸ ਖੇਤਰਾਂ ਵਿਚ ਖਾਲੀ ਅਸਾਮੀਆਂ ਭਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

Global Allianz

ਕਾਨੂੰਨੀ ਸਲਾਹਾਂ

LAW FIRM LLP



Atul Kapoor
C.E.O

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਹੁਣ ਅਮਰੀਕੀ ਰਾਸ਼ਟਰੀ ਝੰਡਾ ਸਾੜਨ ’ਤੇ ਹੋਵੇਗੀ 1 ਸਾਲ ਦੀ ਜੇਲ੍ਹ !

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਹੋਰ ਵੱਡਾ ਐਲਾਨ ਕੀਤਾ ਹੈ। ਅਮਰੀਕੀ ਰਾਸ਼ਟਰੀ ਝੰਡੇ ਨੂੰ ਸਾੜਨ ’ਤੇ ਹੁਣ ਇੱਕ ਸਾਲ ਦੀ ਜੇਲ੍ਹ ਹੋਵੇਗੀ। ਰਾਸ਼ਟਰਪਤੀ ਟਰੰਪ ਨੇ ਆਈ.ਸੀ.ਈ., ਬਾਰਡਰ ਪੈਟਰੋਲ ਕਮਾਂਡੋ ਰੈਜੀਮੈਂਟ ਅਤੇ ਅਮਰੀਕੀ ਫੌਜ ਨੂੰ ਝੰਡੇ ਦਾ ਨਿਰਾਦਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਅਤੇ ਉਨ੍ਹਾਂ ਨੂੰ ਇੱਕ ਸਾਲ ਦੀ ਕੈਦ ਦੀ ਸਜ਼ਾ ਦੇਣ ਦਾ ਨਿਰਦੇਸ਼ ਦਿੱਤਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਰਾਸ਼ਟਰਪਤੀ ਟਰੰਪ ਨੇ ਆਪਣੀ ਅਮਰੀਕਾ ਫਸਟ ਨੀਤੀ ਤਹਿਤ ਇਹ ਹੁਕਮ ਜਾਰੀ ਕੀਤਾ ਹੈ।

ਰਾਸ਼ਟਰਪਤੀ ਟਰੰਪ ਨੇ ਇੱਕ ਮੀਡੀਆ ਬ੍ਰੀਫਿੰਗ ਵਿਚ ਕਿਹਾ ਕਿ ਉਨ੍ਹਾਂ ਨੇ 25 ਅਗਸਤ ਨੂੰ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕੀਤੇ ਹਨ, ਜਿਸ ਵਿਚ ਇਹ ਵਿਵਸਥਾ ਹੈ ਕਿ ਜੋ ਵੀ ਵਿਅਕਤੀ ਕਿਸੇ ਵੀ ਤਰੀਕੇ ਨਾਲ ਅਮਰੀਕੀ ਰਾਸ਼ਟਰੀ ਝੰਡੇ ਨੂੰ ਸਾੜਦਾ ਹੈ ਜਾਂ ਉਸਦਾ ਨਿਰਾਦਰ ਕਰਦਾ ਹੈ, ਉਸ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇਗਾ। ਅਪਰਾਧੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਇੱਕ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਜਾਵੇਗੀ। ਆਈ.ਸੀ.ਈ., ਬਾਰਡਰ ਪੈਟਰੋਲ ਫੋਰਸ ਅਤੇ ਸਾਰੇ ਅਮਰੀਕੀ ਫੌਜੀ ਕਰਮਚਾਰੀਆਂ ਨੂੰ ਇਸ ਹੁਕਮ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਅਤੇ ਰਾਸ਼ਟਰੀ ਝੰਡੇ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ।

## ■ ਟਰੰਪ ਵੱਲੋਂ ਨਿਰਦੇਸ਼ ਜਾਰੀ

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਹਾਲਾਂਕਿ ਕਾਰਜਕਾਰੀ ਆਦੇਸ਼ ਸਜ਼ਾ ਦੀ ਵਿਵਸਥਾ ਨਹੀਂ ਕਰਦਾ, ਇੱਕ ਸਾਬਕਾ ਸੈਨਿਕ ਨੇ ਚੇਤਾਵਨੀਆਂ ਦੇ ਬਾਵਜੂਦ ਵ੍ਹਾਈਟ ਹਾਊਸ ਦੇ ਬਾਹਰ ਅਮਰੀਕੀ ਝੰਡਾ ਸਾੜ ਦਿੱਤਾ। ਇਹ ਘਟਨਾ ਉਸੇ ਦਿਨ ਵਾਪਰੀ, ਜਦੋਂ ਉਸਨੇ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕੀਤੇ ਸਨ, ਪਰ ਹੁਣ ਨਿਆਂ ਵਿਭਾਗ ਨੂੰ ਮੌਜੂਦਾ ਕਾਨੂੰਨਾਂ ਤਹਿਤ ਰਾਸ਼ਟਰੀ ਝੰਡੇ ਦੀ ਬੇਅਦਬੀ ਕਰਨ ਵਾਲਿਆਂ ’ਤੇ ਮੁਕੱਦਮਾ ਚਲਾਉਣ ਅਤੇ ਨਿਰਧਾਰਤ ਸਜ਼ਾਵਾਂ ਲਾਗੂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਟੈਕਸਾਸ ਬਨਾਮ ਜੌਹਨਸਨ (1989) ਅਤੇ ਸੰਯੁਕਤ ਰਾਜ ਬਨਾਮ ਈਚਮੈਨ (1990) ਵਿਚ ਸੁਪਰੀਮ ਕੋਰਟ ਦੇ ਫੈਸਲਿਆਂ ਵਿਚ ਕਿਹਾ ਗਿਆ ਹੈ ਕਿ ਰਾਸ਼ਟਰੀ ਝੰਡਾ ਸਾੜਨਾ ਇੱਕ ਅਪਰਾਧ ਹੈ।

ਵ੍ਹਾਈਟ ਹਾਊਸ ਦੀ ਬੁਲਾਰਨ ਅਬੀਗੈਲ ਜੈਕਸਨ ਨੇ ਦੱਸਿਆ, “ਰਾਸ਼ਟਰਪਤੀ ਟਰੰਪ ਖੁਦ ਲੰਬੇ ਸਮੇਂ ਤੋਂ ਰਾਸ਼ਟਰੀ ਝੰਡੇ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਜ਼ਾਯੋਗ ਕਾਰਵਾਈ ਦੀ ਵਕਾਲਤ ਕਰਦੇ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਝੰਡਾ ਅਮਰੀਕਾ ਦੀ ਮਹਾਨਤਾ ਦਾ ਪ੍ਰਤੀਕ ਹੈ।” ਉਹ ਰਾਸ਼ਟਰੀ ਝੰਡੇ ਨੂੰ ਹਿੰਸਾ ਅਤੇ ਦੰਗਿਆਂ ਨੂੰ ਭੜਕਾਉਣ ਲਈ ਇੱਕ ਸਾਧਨ ਵਜੋਂ ਵਰਤਣ ਦੀ ਇਜਾਜ਼ਤ ਨਹੀਂ ਦੇਣਗੇ। ਕਮਿਊਨਿਸਟ ਪਾਰਟੀ ਅਤੇ ਹੋਰ ਫਾਸ਼ੀਵਾਦ ਵਿਰੋਧੀ ਸਮੂਹਾਂ ਨੇ 20 ਜਨਵਰੀ, 2021 ਨੂੰ ਡੇਨਵਰ, ਕੋਲੋਰਾਡੋ ਵਿਚ ਕੋਲੋਰਾਡੋ ਸਟੇਟ ਕੈਪੀਟਲ ਦੀਆਂ ਪੌੜੀਆਂ ’ਤੇ ਅਮਰੀਕੀ ਝੰਡਾ ਸਾੜਿਆ। 22 ਅਗਸਤ, 2024 ਨੂੰ ਸ਼ਿਕਾਗੋ, ਇਲੀਨੋਇਸ ਵਿਚ ਡੀ.ਐੱਨ.ਸੀ. ਦੇ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਅਮਰੀਕੀ ਝੰਡਾ ਸਾੜਿਆ ਗਿਆ ਸੀ। ਰਾਸ਼ਟਰਪਤੀ ਟਰੰਪ ਨੇ ਇਨ੍ਹਾਂ ਮਾਮਲਿਆਂ ਦਾ ਨੋਟਿਸ ਲੈਂਦੇ ਹੋਏ ਤੁਰੰਤ ਪ੍ਰਭਾਵ ਨਾਲ ਆਪਣੇ ਆਪ ਇਹ ਹੁਕਮ ਜਾਰੀ ਕੀਤਾ।

# ਕੈਲੀਫੋਰਨੀਆ ’ਚ ਦੀਵਾਲੀ ਮੌਕੇ ਸਰਕਾਰੀ ਛੁੱਟੀ ਦਾ ਐਲਾਨ

ਨਿਊਯਾਰਕ, (ਪੰਜਾਬ ਮੇਲ)- ਭਾਰਤੀ ਪ੍ਰਵਾਸੀਆਂ ਲਈ ਇੱਕ ਇਤਿਹਾਸਕ ਪੇਸ਼ਕਦਮੀ ਤਹਿਤ ਕੈਲੀਫੋਰਨੀਆ ਨੇ ਦੀਵਾਲੀ ਨੂੰ ਅਧਿਕਾਰਤ ਸਰਕਾਰੀ ਛੁੱਟੀ ਐਲਾਨ ਦਿੱਤਾ ਹੈ। ਇਸ ਫੈਸਲੇ ਨਾਲ ਕੈਲੀਫੋਰਨੀਆ ਅਮਰੀਕਾ ਦਾ ਤੀਜਾ ਰਾਜ ਬਣ ਗਿਆ ਹੈ, ਜਿਸ ਨੇ ਭਾਰਤੀਆਂ ਦੇ ਰੌਸ਼ਨੀ ਦੇ ਇਸ ਤਿਉਹਾਰ ਨੂੰ ਅਧਿਕਾਰਤ ਛੁੱਟੀ ਵਜੋਂ ਮਾਨਤਾ ਦਿੱਤੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਅਸੈਂਬਲੀ ਮੈਂਬਰ ਐੱਸ. ਕਾਲੜਾ ਵੱਲੋਂ ਦੀਵਾਲੀ ਨੂੰ ਇੱਕ ਸਰਕਾਰੀ ਛੁੱਟੀ ਐਲਾਨੇ ਜਾਣ ਸਬੰਧੀ ਬਿੱਲ ’ਤੇ ਦਸਤਖ਼ਤ ਕੀਤੇ ਹਨ। ਦੀਵਾਲੀ ਮੌਕੇ ਸਰਕਾਰੀ ਛੁੱਟੀ ਐਲਾਨੇ ਜਾਣ ਸਬੰਧੀ ‘ਏਬੀ 268’ ਸਿਰਲੇਖ ਵਾਲਾ ਬਿੱਲ ਕੈਲੀਫੋਰਨੀਆ ਦੀ ਵਿਧਾਨ ਸਭਾ ਦੇ ਦੋਵਾਂ ਸਦਨਾਂ ਵਿਚ ਸਫਲਤਾਪੂਰਵਕ ਪਾਸ ਹੋ ਗਿਆ ਸੀ ਅਤੇ ਨਿਊਸਮ ਵੱਲੋਂ ਸਹੀ ਪਾਉਣ ਦੀ ਉਡੀਕ ਕੀਤੀ ਜਾ ਰਹੀ ਸੀ। ਕਾਲੜਾ ਨੇ ਪਿਛਲੇ ਮਹੀਨੇ ਕਿਹਾ ਸੀ, “ਕੈਲੀਫੋਰਨੀਆ ਭਾਰਤੀ ਅਮਰੀਕੀਆਂ ਦੀ ਸਭ ਤੋਂ ਵੱਡੀ ਆਬਾਦੀ ਦਾ ਘਰ ਹੈ ਅਤੇ ਦੀਵਾਲੀ ਮੌਕੇ ਸਰਕਾਰੀ ਛੁੱਟੀ ਐਲਾਨੇ ਜਾਣ ਦਾ ਸੰਦੇਸ਼ ਉਨ੍ਹਾਂ ਲੱਖਾਂ ਕੈਲੀਫੋਰਨੀਆ ਵਾਸੀਆਂ ਤੱਕ ਪਹੁੰਚੇਗਾ, ਜੋ ਇਸ ਤਿਓਹਾਰ ਦਾ ਜਸ਼ਨ ਮਨਾਉਂਦੇ ਹਨ।”

# ਅਮਰੀਕੀ ਯੂਨੀਵਰਸਿਟੀਆਂ ’ਚ 50 ਫੀਸਦੀ ਤੱਕ ਘਟੀ ਭਾਰਤੀ ਵਿਦਿਆਰਥੀਆਂ ਦੀ ਗਿਣਤੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਨ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਇਸ ਸਾਲ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਫੋਰਬਸ ਦੀ ਰਿਪੋਰਟ ਅਨੁਸਾਰ, ਜੁਲਾਈ ਅਤੇ ਅਗਸਤ 2025 ਵਿਚ ਪਿਛਲੇ ਸਾਲ ਦੇ ਮੁਕਾਬਲੇ ਭਾਰਤੀ ਵਿਦਿਆਰਥੀਆਂ ਦੀ ਆਮਦ 50 ਫੀਸਦੀ ਤੱਕ ਘਟ ਗਈ ਹੈ, ਜਿਸ ਕਾਰਨ 2025-26 ਅਕਾਦਮਿਕ ਸਾਲ ’ਤੇ ਵੱਡਾ ਅਸਰ ਪੈ ਸਕਦਾ ਹੈ।

ਅਮਰੀਕੀ ਇੰਟਰਨੈਸ਼ਨਲ ਟਰੇਡ ਐਡਮਿਨਿਸਟ੍ਰੇਸ਼ਨ ਦੇ ਅੰਕੜਿਆਂ ਮੁਤਾਬਕ, ਅਗਸਤ 2024 ਵਿਚ ਜਿੱਥੇ 74,825 ਵਿਦਿਆਰਥੀ ਭਾਰਤ ਤੋਂ ਅਮਰੀਕਾ ਗਏ ਸਨ, ਉੱਥੇ ਅਗਸਤ 2025 ਵਿਚ ਇਹ ਗਿਣਤੀ ਘੱਟ ਕੇ ਕੇਵਲ 41,540 ਰਹਿ ਗਈ। ਜੁਲਾਈ 2025 ਵਿਚ ਵੀ 46.4 ਫੀਸਦੀ ਦੀ ਕਮੀ ਦਰਜ ਕੀਤੀ ਗਈ।

ਮਾਹਿਰਾਂ ਅਨੁਸਾਰ, ਇਹ ਗਿਰਾਵਟ ਮੁੱਖ ਤੌਰ ’ਤੇ ਟਰੰਪ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਨੀਤੀਆਂ ਦੇ ਕਾਰਨ ਹੈ, ਜਿਵੇਂ ਵੀਜ਼ਾ ਇੰਟਰਵਿਊਜ਼ ਦਾ ਅਸਥਾਈ ਰੂਪ ਵਿਚ ਰੁਕਣਾ ਅਤੇ ਸੋਸ਼ਲ ਮੀਡੀਆ ਦਾ ਸਖ਼ਤ ਹੋਣਾ।

ਮਾਰਚ ਤੋਂ ਮਈ 2025 ’ਚ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੀਆਂ ਅਮਰੀਕੀ ਸਟੂਡੈਂਟ ਵੀਜ਼ਾ ਦੀ ਗਿਣਤੀ ਵੀ ਕੋਵਿਡ ਮਗਰੋਂ ਸਭ ਤੋਂ ਘੱਟ ਦਰਜੇ ’ਤੇ ਆ ਗਈ ਹੈ, ਜੋ ਪਿਛਲੇ ਸਾਲ ਦੀ ਤੁਲਨਾ ਵਿਚ ਲਗਭਗ 27% ਘਟਾਓ ਹੈ।

2024 ’ਚ ਭਾਰਤੀ ਵਿਦਿਆਰਥੀਆਂ ਦੀ ਹਿੱਸੇਦਾਰੀ ਸਾਰੇ ਵਿਦੇਸ਼ੀ ਵਿਦਿਆਰਥੀਆਂ ਵਿਚ 27 ਫੀਸਦੀ ਸੀ, ਜੋ ਪਿਛਲੇ ਸਾਲ ਦੇ ਮੁਕਾਬਲੇ 11.8 ਫੀਸਦੀ ਵੱਧ ਸੀ। ਇਸ ਤੋਂ ਇਲਾਵਾ, **STEM OPT** (ਆਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ) ਪ੍ਰੋਗਰਾਮ ਵਿਚ ਭਾਰਤੀ ਵਿਦਿਆਰਥੀ ਸਭ ਤੋਂ ਅੱਗੇ ਸਨ।

ਇੱਕ ਤਾਜ਼ਾ ਸਰਵੇਖਣ ਵਿਚ ਇਹ ਵੀ ਸਾਹਮਣੇ ਆਇਆ ਕਿ 54 ਫੀਸਦੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਕਿਹਾ ਕਿ ਜੇ ਓ.ਪੀ.ਟੀ. ਪ੍ਰੋਗਰਾਮ ਨਾ ਹੁੰਦਾ, ਤਾਂ ਉਹ ਅਮਰੀਕੀ ਯੂਨੀਵਰਸਿਟੀਆਂ ’ਚ ਦਾਖਲਾ ਹੀ ਨਾ ਲੈਂਦੇ। 57 ਫੀਸਦੀ ਮਾਸਟਰਜ਼ ਵਿਦਿਆਰਥੀਆਂ ਨੇ ਕਿਹਾ ਕਿ ਜੇ ਓ.ਪੀ.ਟੀ. ਰੱਦ ਕੀਤਾ ਗਿਆ, ਤਾਂ ਉਹ ਅਮਰੀਕਾ ਛੱਡਣ ਬਾਰੇ ਸੋਚਣਗੇ।

ਸਰਵੇਖਣ ਨੇ ਇਹ ਵੀ ਦਰਸਾਇਆ ਕਿ ਓ.ਪੀ.ਟੀ. ਅਤੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਅਮਰੀਕਾ ਦੀ ਉੱਚ ਸਿੱਖਿਆ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਵਿਚ ਸਭ ਤੋਂ ਵੱਡਾ ਕਾਰਕ ਹਨ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਅਮਰੀਕਾ 'ਚ ਹਮਲੇ ਦੇ ਦੋਸ਼ ਹੇਠ ਗ੍ਰਿਫ਼ਤਾਰ ਭਾਰਤੀ ਵਿਅਕਤੀ ਕੈਨੇਡਾ ਹਵਾਲੇ

ਓਨਟਾਰੀਓ, (ਪੰਜਾਬ ਮੇਲ)- ਟੈਕਸਾਸ 'ਚ ਇੱਕ ਹਮਲੇ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਕੈਨੇਡਾ ਹਵਾਲੇ ਕਰ ਦਿੱਤਾ ਗਿਆ ਹੈ। ਰਿਪੋਰਟ ਅਨੁਸਾਰ 25 ਸਾਲਾ ਸੁਖਪ੍ਰੀਤ ਸਿੰਘ 2021 'ਚ ਕੈਨੇਡਾ 'ਚ ਏਲਨਾਜ਼ ਹਜਤਾਮੀਰੀ ਨਾਮ ਦੀ ਇੱਕ ਔਰਤ 'ਤੇ ਹੋਏ ਹਮਲੇ ਦੇ ਸਬੰਧ 'ਚ ਲੋੜੀਂਦੇ ਕਈ ਸ਼ੱਕੀਆਂ 'ਚੋਂ ਇੱਕ ਹੈ। ਰਿਪੋਰਟ ਵਿਚ ਯੌਰਕ ਰੀਜਨਲ ਪੁਲਿਸ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸੁਖਪ੍ਰੀਤ ਸਿੰਘ ਨੂੰ ਇਸ ਸਾਲ ਜੂਨ ਵਿਚ ਯੂਨਾਈਟਿਡ ਸਟੇਟਸ ਮਾਰਸ਼ਲ ਸਰਵਿਸ ਦੇ ਮੈਂਬਰਾਂ ਨੇ ਗ੍ਰਿਫਤਾਰ ਕੀਤਾ ਸੀ ਤੇ ਅਗਸਤ 'ਚ ਉਸ 'ਤੇ ਦੋਸ਼ ਲਗਾਏ ਗਏ ਸਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸੁਖਪ੍ਰੀਤ ਸਿੰਘ ਨੂੰ ਯੌਰਕ ਰੀਜਨ ਹਵਾਲੇ ਕੀਤਾ ਗਿਆ ਸੀ। ਉਸ 'ਤੇ ਗੰਭੀਰ ਹਮਲੇ ਅਤੇ ਅਪਰਾਧਿਕ ਅਪਰਾਧ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ। ਸੁਖਪ੍ਰੀਤ ਸਿੰਘ ਦੀ ਪਛਾਣ ਰਿਚਮੰਡ ਹਿੱਲ ਵਿਚ ਇੱਕ ਭੂਮੀਗਤ ਪਾਰਕਿੰਗ ਗੈਰਾਜ ਵਿਚ ਹਜਤਾਮੀਰੀ 'ਤੇ ਹੋਏ ਹਿੰਸਕ ਹਮਲੇ ਦੇ ਸ਼ੱਕੀ ਵਜੋਂ ਕੀਤੀ ਗਈ ਸੀ, ਜਿਸ ਤੋਂ ਬਾਅਦ 2023 'ਚ ਉਸਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕੀਤਾ ਗਿਆ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 2022 'ਚ, ਹਜਤਾਮੀਰੀ ਦੇ ਸਾਬਕਾ ਬੁਆਏਫ੍ਰੈਂਡ, ਮੁਹੰਮਦ ਲੀਲੋ ਸਮੇਤ ਚਾਰ ਸ਼ੱਕੀਆਂ 'ਤੇ ਹਮਲਾ, ਕਤਲ ਦੀ ਕੋਸ਼ਿਸ਼ ਅਤੇ ਅਗਵਾ ਕਰਨ ਦੇ ਦੋਸ਼ ਲਗਾਏ ਗਏ ਸਨ। ਇਸ ਮਾਮਲੇ ਦੇ ਸਬੰਧ ਵਿਚ 2023 ਵਿਚ ਤਿੰਨ ਹੋਰ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੁਖਪ੍ਰੀਤ ਸਿੰਘ ਦੀ ਗ੍ਰਿਫਤਾਰੀ ਨਾਲ ਹਜਤਾਮੀਰੀ ਦੇ ਮਾਮਲੇ ਵਿਚ ਦੋਸ਼ ਲਗਾਏ ਗਏ ਵਿਅਕਤੀਆਂ ਦੀ ਕੁੱਲ ਗਿਣਤੀ ਅੱਠ ਹੋ ਗਈ ਹੈ। ਹਜਤਾਮੀਰੀ ਨੂੰ ਰਿਚਮੰਡ ਹਿੱਲ ਹਮਲੇ ਤੋਂ ਕੁਝ ਹਫ਼ਤੇ ਬਾਅਦ, 12 ਜਨਵਰੀ, 2022 ਨੂੰ ਵਾਸਾਗਾ ਬੀਚ ਤੋਂ ਅਗਵਾ ਕੀਤਾ ਗਿਆ ਸੀ।

ਯਾਰਕ ਖੇਤਰੀ ਪੁਲਿਸ ਅਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਅਜੇ ਵੀ ਹਜਤਾਮੀਰੀ ਦੀ ਭਾਲ ਕਰ ਰਹੀ ਹੈ ਅਤੇ ਉਸਦੇ ਠਿਕਾਣੇ ਬਾਰੇ ਜਾਣਕਾਰੀ ਦੇਣ ਵਾਲੇ ਲਈ 100,000 ਕੈਨੇਡੀਅਨ ਡਾਲਰ ਦਾ ਇਨਾਮ ਰੱਖਿਆ ਗਿਆ ਹੈ। ਮਾਮਲੇ 'ਚ ਹੋਰ ਸ਼ੱਕੀਆਂ 'ਚ ਹਰਸ਼ਦੀਪ ਬਿੰਨਰ, ਰਿਆਸਤ ਸਿੰਘ, ਹਰਸ਼ਪ੍ਰੀਤ ਸੇਖੋਂ, ਆਕਾਸ਼ ਰਾਣਾ ਅਤੇ ਜਸਪ੍ਰੀਤ ਸਿੰਘ ਸ਼ਾਮਲ ਹਨ।

# ਫਿਰ ਆ ਸਕਦੀ ਹੈ 1929 ਵਰਗੀ ਵੱਡੀ ਮੰਦੀ: ਕਿਓਸਾਕੀ ਦੀ ਚਿਤਾਵਨੀ

ਵਾਸ਼ਿੰਗਟਨ, (ਪੰਜਾਬ ਮੇਲ)- ਦੁਨੀਆਂ ਦੇ ਦੋ ਸਭ ਤੋਂ ਵੱਡੇ ਦਿੱਗਜ ਨਿਵੇਸ਼ਕ ਵਾਰਨ ਬਫੇਟ ਅਤੇ ਰਾਬਰਟ ਕਿਓਸਾਕੀ ਵਿਚਕਾਰ ਨਿਵੇਸ਼ ਨੂੰ ਲੈ ਕੇ ਬਹਿਸ ਨੇ ਇੱਕ ਵਾਰ ਫਿਰ ਨਿਵੇਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਜਦੋਂਕਿ ਬਫੇਟ ਸਾਲਾਂ ਤੋਂ ਸੋਨੇ ਅਤੇ ਚਾਂਦੀ ਦੇ ਨਿਵੇਸ਼ਾਂ ਤੋਂ ਪਰਹੇਜ਼ ਕਰਦਾ ਸੀ, ਉਸਦੀ ਰਾਏ ਹਾਲ ਹੀ ਵਿਚ ਬਦਲ ਗਈ ਹੈ। ਇਸ ਤਬਦੀਲੀ ਨੇ ਕਿਓਸਾਕੀ ਨੂੰ ਚਿਤਾਵਨੀ ਦੇਣ ਲਈ ਪ੍ਰੇਰਿਤ ਕੀਤਾ ਹੈ ਕਿ ਸਟਾਕ ਅਤੇ ਬਾਂਡ ਬਾਜ਼ਾਰਾਂ ਵਿਚ ਇੱਕ ਮਹੱਤਵਪੂਰਨ ਗਿਰਾਵਟ ਅਤੇ 1929 ਵਰਗੀ ਸੰਭਾਵੀ ਵੱਡੀ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਪਿਛਲੇ ਸਾਲ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿਚ 50% ਤੋਂ ਵੱਧ ਦਾ ਵਾਧਾ ਹੋਇਆ ਹੈ, ਜੋ ਦਰਸਾਉਂਦਾ ਹੈ ਕਿ ਇਹ ਕੀਮਤੀ ਧਾਤਾਂ ਆਰਥਿਕ ਅਨਿਸ਼ਚਿਤਤਾ ਦੇ ਸਮੇਂ ਨਿਵੇਸ਼ਕਾਂ ਲਈ ਸੁਰੱਖਿਅਤ ਪਨਾਹਗਾਹਾਂ ਵਜੋਂ ਕੰਮ ਕਰਦੀਆਂ ਹਨ। ਇਸ ਦੌਰਾਨ, "ਰਿਚ ਡੈਡ, ਪੂਅਰ ਡੈਡ" ਦੇ ਲੇਖਕ ਰਾਬਰਟ ਕਿਓਸਾਕੀ ਨੇ ਮਸ਼ਹੂਰ ਨਿਵੇਸ਼ਕ ਵਾਰਨ ਬਫੇਟ 'ਤੇ ਨਿਸ਼ਾਨਾ ਸਾਧਿਆ ਹੈ। ਬਫੇਟ ਹਮੇਸ਼ਾ ਸੋਨੇ ਵਿਚ ਨਿਵੇਸ਼ ਕਰਨ ਦੇ ਵਿਰੁੱਧ ਰਿਹਾ ਹੈ। ਹਾਲਾਂਕਿ, ਉਸਦੀ ਰਾਏ ਵਿਚ ਹਾਲ ਹੀ ਵਿਚ ਤਬਦੀਲੀ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਕਿਓਸਾਕੀ ਅਤੇ ਬਫੇਟ ਦੇ ਹਮੇਸ਼ਾ ਵੱਖੋ-ਵੱਖਰੇ ਨਿਵੇਸ਼ ਵਿਚਾਰ ਰਹੇ ਹਨ। ਬਫੇਟ ਨੇ ਪਹਿਲਾਂ ਸੋਨੇ ਅਤੇ ਚਾਂਦੀ ਨੂੰ "ਬੇਕਾਰ" ਅਤੇ "ਗੈਰ-ਉਤਪਾਦਕ" ਦੱਸਿਆ ਸੀ, ਜਦੋਂ ਕਿ ਕਿਓਸਾਕੀ ਆਰਥਿਕ ਅਨਿਸ਼ਚਿਤਤਾ ਦੇ ਸਮੇਂ ਦੌਰਾਨ ਉਨ੍ਹਾਂ ਨੂੰ ਭਰੋਸੇਯੋਗ ਨਿਵੇਸ਼ ਮੰਨਦਾ ਹੈ।

## ਰੂਸੀ ਰਾਸ਼ਟਰਪਤੀ ਵੱਲੋਂ ਅਮਰੀਕਾ ਨੂੰ ਚਿਤਾਵਨੀ

### ਕਿਹਾ: ਯੂਕਰੇਨ ਨੂੰ ਮਿਜ਼ਾਈਲਾਂ ਦੇਣ 'ਤੇ ਮਾਸਕੋ ਅਤੇ ਵਾਸ਼ਿੰਗਟਨ ਸੰਬੰਧਾਂ ਨੂੰ ਪੁੱਜੇਗਾ ਨੁਕਸਾਨ

ਮਾਸਕੋ, (ਪੰਜਾਬ ਮੇਲ)- ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ



ਕਿ ਯੂਕਰੇਨ ਨੂੰ ਲੰਮੀ ਦੂਰੀ ਦੀਆਂ ਮਿਜ਼ਾਈਲਾਂ ਮੁਹੱਈਆ ਕਰਵਾਉਣ ਨਾਲ ਯੁੱਧ ਖੇਤਰ ਦੀ ਸਥਿਤੀ 'ਚ ਕੋਈ ਬਦਲਾਅ ਨਹੀਂ ਆਵੇਗਾ ਪਰ ਇਸ ਨਾਲ ਮਾਸਕੋ ਅਤੇ ਵਾਸ਼ਿੰਗਟਨ ਵਿਚਾਲੇ ਸਬੰਧਾਂ ਨੂੰ ਗੰਭੀਰ ਨੁਕਸਾਨ ਪਹੁੰਚੇਗਾ।

ਪੁਤਿਨ ਨੇ ਸੋਚੀ 'ਚ ਬਲੈਕ ਸੀ ਰਿਜ਼ੋਰਟ 'ਚ ਵਿਦੇਸ਼ ਨੀਤੀ ਦੇ ਅੰਤਰਰਾਸ਼ਟਰੀ ਮਾਹਿਰਾਂ ਦੇ ਇਕ ਮੰਚ 'ਤੇ ਕਿਹਾ ਕਿ ਕੀਵ ਨੂੰ ਅਮਰੀਕੀ ਟਾਮਹਾਕ ਕਰੂਜ਼ ਮਿਜ਼ਾਈਲਾਂ ਦੀ ਸੰਭਾਵੀ ਸਪਲਾਈ 'ਨਵੇਂ ਪੱਧਰ ਦੇ ਟਕਰਾਅ' ਦਾ ਸੰਕੇਤ ਹੋਵੇਗੀ, ਜਿਸ ਵਿਚ ਰੂਸ ਅਤੇ ਅਮਰੀਕਾ ਵਿਚਾਲੇ ਸਬੰਧ ਵੀ ਸ਼ਾਮਲ ਹਨ। ਰੂਸੀ ਨੇਤਾ ਨੇ ਕਿਹਾ ਕਿ ਜੇਕਰ ਟਾਮਹਾਕ ਮਿਜ਼ਾਈਲਾਂ ਯੂਕਰੇਨ ਨੂੰ ਦਿੱਤੀਆਂ ਜਾਂਦੀਆਂ ਹਨ, ਤਾਂ ਭਾਵੇਂ ਹੀ ਉਹ ਰੂਸ ਨੂੰ ਨੁਕਸਾਨ ਪਹੁੰਚਾਉਣਗੀਆਂ ਪਰ ਰੂਸੀ ਏਅਰ ਡਿਫੈਂਸ ਸਿਸਟਮ ਨਵੇਂ ਖਤਰੇ ਦਾ ਜਲਦ ਹੀ ਮੁਕਾਬਲਾ ਕਰ ਲਵੇਗਾ।

# ਅਮਰੀਕੀ ਅਦਾਲਤ ਨੇ ਪ੍ਰਵਾਸੀਆਂ ਬਾਰੇ ਟਰੰਪ ਦੇ ਫ਼ੈਸਲੇ 'ਤੇ ਲਾਈ ਰੋਕ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਇੱਕ ਫੈਡਰਲ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਵਿਵਾਦਿਤ ਹੁਕਮ 'ਤੇ ਰੋਕ ਲਾ ਦਿੱਤੀ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਗੈਰਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਨੂੰ 18 ਸਾਲ ਦੀ ਉਮਰ ਪੂਰੀ ਹੋਣ 'ਤੇ ਬਾਲਗ ਡਿਟੈਂਸ਼ਨ ਸੈਂਟਰਾਂ ਵਿਚ ਭੇਜਿਆ ਜਾਵੇਗਾ।

ਅਮਰੀਕੀ ਫੈਡਰਲ ਅਦਾਲਤ ਦੇ ਜੱਜ ਰਡੋਲਫ਼ ਕੌਂਟਰੇਸਾਸ ਨੇ ਕਿਹਾ ਕਿ ਇਹ ਫੈਸਲਾ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਅਤੇ ਅਮਰੀਕਾ ਦੇ ਸੰਵਿਧਾਨੀ ਮੁੱਲਾਂ ਦੇ ਖ਼ਿਲਾਫ਼ ਹੈ। ਜੱਜ ਨੇ ਆਪਣੇ ਹੁਕਮ ਵਿਚ ਸਪੱਸ਼ਟ ਕੀਤਾ ਕਿ ਇਨ੍ਹਾਂ ਨੌਜਵਾਨਾਂ ਨਾਲ ਮਨੁੱਖੀ ਸਲੂਕ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਜ਼ਾ ਦੇ ਤੌਰ 'ਤੇ ਨਹੀਂ, ਸਹਾਇਤਾ ਦੇ ਤੌਰ 'ਤੇ ਦੇਖਿਆ ਜਾਣਾ ਚਾਹੀਦਾ ਹੈ।

ਟਰੰਪ ਪ੍ਰਸ਼ਾਸਨ ਨੇ ਇਹ ਕਦਮ ਸਰਹੱਦਾਂ 'ਤੇ ਹੋ ਰਹੀ ਗੈਰਕਾਨੂੰਨੀ ਇਮਿਗ੍ਰੇਸ਼ਨ 'ਤੇ ਨਿਯੰਤਰਣ ਲਈ ਚੁੱਕਿਆ ਸੀ, ਪਰ ਵਿਰੋਧੀ ਧਿਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਫ਼ੈਸਲੇ ਨਾਲ ਕਈ ਪਰਿਵਾਰ ਟੁੱਟ ਜਾਣਗੇ ਅਤੇ ਬੱਚਿਆਂ ਦੀ ਜ਼ਿੰਦਗੀ ਪ੍ਰਭਾਵਿਤ ਹੋਵੇਗੀ।

ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਅਮਰੀਕਾ ਵਿਚ ਪ੍ਰਵਾਸੀ ਸਮੂਹਾਂ ਨੇ ਸੁੱਖ ਦਾ ਸਾਹ ਲਿਆ ਹੈ ਅਤੇ ਕਿਹਾ ਹੈ ਕਿ ਇਹ ਕਦਮ ਮਨੁੱਖਤਾ ਅਤੇ ਨਿਆਂ ਦੀ ਜਿੱਤ ਹੈ। ਇਸ ਮਾਮਲੇ 'ਤੇ ਅਮਰੀਕੀ ਸਰਕਾਰ ਵੱਲੋਂ ਅਗਲਾ ਕਦਮ ਕੀ ਹੁੰਦਾ ਹੈ, ਇਸ ਉੱਤੇ ਹੁਣ ਸਾਰਿਆਂ ਦੀ ਨਜ਼ਰ ਟਿਕੀ ਹੋਈ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**





EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਕੱਢਿਆ





**ਅੰਮ੍ਰਿਤਸਰ, (ਪੰਜਾਬ ਮੇਲ)-** ਸ਼ਹਿਰ ਦੇ ਬਾਨੀ ਅਤੇ ਸਿੱਖ ਧਰਮ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਤੋਂ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਸ੍ਰੀ ਅਕਾਲ ਤਖ਼ਤ ਤੋਂ ਹੋਈ ਅਤੇ ਇਹ ਸ਼ਹਿਰ ਦੇ ਪੁਰਾਤਨ ਦਰਵਾਜ਼ਿਆਂ ਤੋਂ ਹੁੰਦਾ ਹੋਇਆ ਵਾਪਸ ਸ੍ਰੀ ਅਕਾਲ ਤਖ਼ਤ ਵਿਖੇ ਪੁੱਜ ਕੇ ਸਮਾਪਤ ਹੋਇਆ।

ਇਸ ਮੌਕੇ ਪਾਵਨ ਸਰੂਪ ਨੂੰ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਸ ਨਗਰ ਕੀਰਤਨ ਵਿਚ ਵੱਡੀ ਗਿਣਤੀ ਵਿਚ ਸੰਗਤ ਸ਼ਾਮਲ ਸੀ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਤੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ੍ਰੀ ਅਕਾਲ ਤਖ਼ਤ ਤੇ ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਗੁਰਮੀਤ ਸਿੰਘ ਬੂਹ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਮੈਨੇਜਰ ਭਗਵੰਤ ਸਿੰਘ ਧੰਗੇੜਾ ਸਮੇਤ ਵੱਡੀ ਗਿਣਤੀ ਵਿਚ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਸਨ। ਨਗਰ ਕੀਰਤਨ ਦੌਰਾਨ ਗਤਕਾ ਜੱਥਿਆਂ ਵੱਲੋਂ ਗਤਕਾ ਖੇਡਿਆ ਗਿਆ, ਸੰਗਤਾਂ ਨੇ ਸ਼ਬਦ ਗਾਇਨ ਕੀਤਾ ਅਤੇ ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਸੰਗਤ ਵਾਸਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਾਏ। ਉਧਰ ਗੁਰਪੁਰਬ ਦਿਵਸ ਦੇ ਸਬੰਧ ਵਿਚ ਸ੍ਰੀ ਹਰਿਮੰਦਰ ਸਾਹਿਬ ਨੂੰ ਫੁੱਲਾਂ ਨਾਲ ਸੁੰਦਰ ਰੂਪ ਵਿਚ ਸਜਾਉਣ ਦਾ ਕੰਮ ਵੀ ਜਾਰੀ ਹੈ। ਮੁੰਬਈ ਤੋਂ ਆਈ ਸੰਗਤ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੱਚਖੰਡ, ਸ੍ਰੀ ਅਕਾਲ ਤਖ਼ਤ, ਦਰਸ਼ਨੀ ਦਿਉੜੀ ਅਤੇ ਹੋਰ ਥਾਵਾਂ 'ਤੇ ਸੁੰਦਰ ਸਜਾਵਟ ਕੀਤੀ ਗਈ।

ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਅਤੇ ਹੋਰ ਅਧਿਕਾਰੀਆਂ ਨੇ ਵੀ ਨਗਰ ਕੀਰਤਨ ਦਾ ਸਵਾਗਤ ਕੀਤਾ।

ਗੁਰਪੁਰਬ ਦੇ ਸਬੰਧ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਭੋਗ ਪਾਏ ਗਏ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟਲ ਰਾਏ ਵਿਖੇ ਸਾਰਾ ਦਿਨ ਗੁਰਮਤਿ ਸਮਾਗਮ ਚੱਲੇ।

# ਟਰੰਪ ਦੀ ਧਮਕੀ ਤੋਂ ਬਾਅਦ ਜੰਗਬੰਦੀ ਲਈ ਸਹਿਮਤ ਹਮਾਸ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਟਰੰਪ ਦੀ ਧਮਕੀ ਤੋਂ ਬਾਅਦ ਹਮਾਸ ਗਾਜ਼ਾ 'ਚ ਜੰਗਬੰਦੀ ਲਈ ਤਿਆਰ ਹੋ ਗਿਆ ਹੈ। ਹਮਾਸ ਨੇ ਸ਼ੁੱਕਰਵਾਰ ਰਾਤ ਨੂੰ ਐਲਾਨ ਕੀਤਾ ਕਿ ਉਹ ਟਰੰਪ ਦੇ ਪਲਾਨ 'ਚ ਦੱਸੇ ਗਏ ਫਾਰਮੂਲੇ ਅਨੁਸਾਰ ਸਾਰੇ ਜ਼ਿੰਦਾ ਅਤੇ ਮਰੇ ਹੋਏ ਬੰਧਕਾਂ ਨੂੰ ਰਿਹਾਅ ਕਰਨ ਅਤੇ ਗਾਜ਼ਾ ਦਾ ਪ੍ਰਸ਼ਾਸਨ ਛੱਡਣ ਲਈ ਵੀ ਤਿਆਰ ਹੈ।

ਹਮਾਸ ਨੇ ਇਹ ਵੀ ਕਿਹਾ ਕਿ ਰਾਸ਼ਟਰਪਤੀ ਟਰੰਪ ਦੀ ਇਸ ਹਫਤੇ ਪੇਸ਼ ਕੀਤੀ ਗਈ 20 ਪੁਆਇੰਟ ਦੀ ਪੀਸ ਡੀਲ ਦੇ ਕੁਝ ਪਹਿਲੂਆਂ 'ਤੇ ਗੱਲਬਾਤ ਜ਼ਰੂਰੀ ਹੈ। ਰਿਪੋਰਟ ਅਨੁਸਾਰ ਹਮਾਸ ਵੱਲੋਂ ਜੋ ਜਵਾਬ ਆਇਆ ਹੈ, ਉਸ 'ਚ ਹਥਿਆਰ ਛੱਡਣ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਹਮਾਸ ਦੇ ਐਲਾਨ ਤੋਂ ਬਾਅਦ ਟਰੰਪ ਨੇ ਇਜ਼ਰਾਈਲ ਨੂੰ ਗਾਜ਼ਾ 'ਚ ਹਮਲੇ ਤੁਰੰਤ ਰੋਕਣ ਲਈ ਕਿਹਾ ਹੈ। ਉਥੇ ਹੀ, ਇਜ਼ਰਾਈਲ ਨੇ ਕਿਹਾ ਕਿ ਉਹ ਟਰੰਪ ਦੇ ਗਾਜ਼ਾ ਪਲਾਨ 'ਤੇ ਕੰਮ ਕਰਨ ਲਈ ਤਿਆਰ ਹੈ। ਦੂਜੇ ਪਾਸੇ ਪਾਕਿਸਤਾਨ ਵੀ ਕੱਲ੍ਹ ਇਸ ਜੰਗਬੰਦੀ ਪਲਾਨ ਦਾ ਵਿਰੋਧ ਕਰਨ ਤੋਂ ਬਾਅਦ ਅੱਜ ਇਸ ਦੇ ਸਮਰਥਨ 'ਚ ਆ ਗਿਆ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਟਰੰਪ ਦੇ ਗਾਜ਼ਾ ਜੰਗਬੰਦੀ ਪਲਾਨ ਦੀ ਸ਼ਲਾਘਾ ਕੀਤੀ ਹੈ। ਇਹ ਪਲਾਨ ਗਾਜ਼ਾ ਵਿਚ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਦੀ ਦਿਸ਼ਾ 'ਚ ਇਕ ਵੱਡਾ ਕਦਮ ਹੈ। ਅਸੀਂ ਹੁਣ ਗਾਜ਼ਾ ਵਿਚ ਜੰਗਬੰਦੀ ਦੇ ਬਹੁਤ ਨੇੜੇ ਹਾਂ। ਹਮਾਸ ਦੇ ਬਿਆਨ ਨੇ ਸ਼ਾਂਤੀ ਦਾ ਰਸਤਾ ਖੋਲ੍ਹ ਦਿੱਤਾ ਹੈ, ਜਿਸ ਨੂੰ ਸਾਨੂੰ ਬੰਦ ਨਹੀਂ ਹੋਣ ਦੇਣਾ ਚਾਹੀਦਾ। ਪਾਕਿਸਤਾਨ ਫਿਲਸਤੀਨ 'ਚ ਸ਼ਾਂਤੀ ਲਿਆਉਣ ਲਈ ਕੰਮ ਕਰੇਗਾ।

ਪ੍ਰਧਾਨ ਮੰਤਰੀ ਨੇਤਨਯਾਹੂ ਦੇ ਦਫ਼ਤਰ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਇਜ਼ਰਾਈਲ ਟਰੰਪ ਦੇ ਪਲਾਨ ਦੇ ਪਹਿਲੇ ਪੜਾਅ ਨੂੰ ਲਾਗੂ ਕਰਨ ਲਈ ਤਿਆਰ ਹੈ। ਇਸ ਲਈ ਉਹ ਟਰੰਪ ਅਤੇ ਉਨ੍ਹਾਂ ਦੀ ਟੀਮ ਨਾਲ ਮਿਲਕੇ ਕੰਮ ਕਰਨਗੇ ਤਾਂ ਕਿ ਜੰਗ ਖ਼ਤਮ ਹੋ ਸਕੇ। ਇਸ ਦੇ ਨਾਲ ਇਜ਼ਰਾਈਲ ਗਾਜ਼ਾ 'ਚ ਹਮਲੇ ਰੋਕਣ ਲਈ ਤਿਆਰ ਹੋ ਗਿਆ ਹੈ। ਸਰਕਾਰ ਨੇ ਫੌਜ ਨੂੰ ਗਾਜ਼ਾ 'ਤੇ ਕਬਜ਼ੇ ਦੀ ਕਾਰਵਾਈ ਨੂੰ ਰੋਕਣ ਦਾ ਹੁਕਮ ਦਿੱਤਾ ਹੈ। ਇਸ 'ਚ ਕਿਹਾ ਗਿਆ ਹੈ ਕਿ ਸਿਰਫ ਜ਼ਰੂਰਤ ਪੈਣ 'ਤੇ ਹੀ ਕਾਰਵਾਈ ਕੀਤੀ ਜਾਵੇ।

ਹਮਾਸ ਸਾਰੇ 48 ਬੰਧਕਾਂ ਨੂੰ ਰਿਹਾਅ ਕਰਨ ਲਈ ਤਿਆਰ ਹੈ। ਇਨ੍ਹਾਂ 'ਚੋਂ 20 ਦੇ ਜ਼ਿੰਦਾ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਬੰਧਕ ਜੰਗਬੰਦੀ ਲਾਗੂ ਹੋਣ ਦੇ 72 ਘੰਟਿਆਂ ਦੇ ਅੰਦਰ-ਅੰਦਰ ਰਿਹਾਅ ਕੀਤੇ ਜਾਣਗੇ ਅਤੇ ਬਦਲੇ 'ਚ 2,000 ਤੋਂ ਵੱਧ ਫਿਲਸਤੀਨੀ ਕੈਦੀਆਂ ਅਤੇ ਮਾਰੇ ਗਏ ਗਾਜ਼ਾ ਵਾਸੀਆਂ ਦੀਆਂ ਲਾਸ਼ਾਂ ਵਾਪਸ ਕੀਤੀਆਂ ਜਾਣਗੀਆਂ। ਇਸ ਤੋਂ ਬਾਅਦ ਇਜ਼ਰਾਈਲ ਗਾਜ਼ਾ ਤੋਂ ਆਪਣੀ ਵਾਪਸੀ ਦਾ ਪਹਿਲਾ ਪੜਾਅ ਪੂਰਾ ਕਰੇਗਾ। ਬੰਧਕਾਂ ਨੂੰ ਸਿਰਫ਼ ਜ਼ਰੂਰੀ ਸ਼ਰਤਾਂ ਪੂਰੀਆਂ ਹੋਣ 'ਤੇ ਹੀ ਰਿਹਾਅ ਕੀਤਾ ਜਾਵੇਗਾ। ਹਾਲਾਂਕਿ ਹਮਾਸ ਨੇ ਇਨ੍ਹਾਂ ਸ਼ਰਤਾਂ ਬਾਰੇ ਹੋਰ ਕੋਈ ਵੇਰਵਾ ਨਹੀਂ ਦਿੱਤਾ ਹੈ। ਹਮਾਸ ਪੋਲਿਤ ਬਿਊਰੋ ਦੇ ਮੈਂਬਰ ਮੂਸਾ ਅਬੂ ਮਰਜ਼ੂਕ ਨੇ ਅਲ ਜਜ਼ੀਰਾ ਨੂੰ ਦੱਸਿਆ ਕਿ ਜਦੋਂ ਤੱਕ ਗਾਜ਼ਾ 'ਤੇ ਇਜ਼ਰਾਈਲੀ ਕਬਜ਼ਾ ਖ਼ਤਮ ਨਹੀਂ ਹੋ ਜਾਂਦਾ, ਉਹ ਹਥਿਆਰ ਨਹੀਂ ਛੱਡੇਗਾ।

# ਕੈਰੇਬੀਅਨ ਸਾਗਰ 'ਚ ਅਮਰੀਕਾ ਤੇ ਵੈਨੇਜ਼ੁਏਲਾ ਵਿਚਾਲੇ ਤਣਾਅ ਸਿਖਰ 'ਤੇ ਪਹੁੰਚਿਆ

**ਵਾਸ਼ਿੰਗਟਨ/ਕਰਾਕਸ, (ਪੰਜਾਬ ਮੇਲ)-** ਦੁਨੀਆਂ ਭਰ ਦੀਆਂ ਨਜ਼ਰਾਂ ਜਿੱਥੇ ਇਜ਼ਰਾਈਲ-ਹਮਾਸ ਅਤੇ ਰੂਸ-ਯੂਕਰੇਨ ਯੁੱਧ 'ਤੇ ਟਿਕੀਆਂ ਹੋਈਆਂ ਹਨ, ਉੱਥੇ ਹੀ ਕੈਰੇਬੀਅਨ ਸਾਗਰ ਵਿਚ ਅਮਰੀਕਾ ਅਤੇ ਵੈਨੇਜ਼ੁਏਲਾ ਵਿਚਾਲੇ ਤਣਾਅ ਸਿਖਰ 'ਤੇ ਪਹੁੰਚ ਗਿਆ ਹੈ। ਅਮਰੀਕਾ ਨੇ ਜਵਾਬੀ ਕਾਰਵਾਈ ਕਰਦਿਆਂ ਵੈਨੇਜ਼ੁਏਲਾ ਦੇ ਤੱਟ 'ਤੇ ਆਪਣੇ ਸਭ ਤੋਂ ਖ਼ਤਰਨਾਕ ਐੱਫ-35 ਲੜਾਕੂ ਜਹਾਜ਼, ਗਾਈਡਡ ਮਿਜ਼ਾਈਲ ਡਿਸਟ੍ਰਾਇਰ ਅਤੇ ਇੱਕ ਪ੍ਰਮਾਣੂ ਪਣਡੁੱਬੀ ਤਾਇਨਾਤ ਕਰ ਦਿੱਤੀ ਹੈ। ਇਸ ਕਾਰਵਾਈ ਨੂੰ ਸਿੱਧੀ ਜੰਗ ਦੀ ਧਮਕੀ ਮੰਨਦਿਆਂ, ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੇ ਵੀ ਗੋਡੇ ਟੇਕਣ ਦੀ ਬਜਾਏ ਦੇਸ਼ ਦੀ

**■ 37 ਲੱਖ ਫ਼ੌਜੀ, ਮਿਜ਼ਾਈਲਾਂ ਤੇ ਪ੍ਰਮਾਣੂ ਪਣਡੁੱਬੀਆਂ ਤਾਇਨਾਤ**

ਰੱਖਿਆ ਲਈ 37 ਲੱਖ ਤੋਂ ਵੱਧ ਦੀ ਫ਼ੌਜ ਨੂੰ ਜੰਗ ਲਈ ਤਿਆਰ ਰਹਿਣ ਦਾ ਹੁਕਮ ਦਿੱਤਾ ਹੈ।

ਇਹ ਤਣਾਅ ਉਦੋਂ ਵਧਿਆ, ਜਦੋਂ ਅਮਰੀਕਾ ਨੇ ਡਰੱਗ ਮਾਫੀਆ (ਡਰੱਗ ਕਾਰਟੇਲ) ਖ਼ਿਲਾਫ਼ ਕਾਰਵਾਈ ਦਾ ਹਵਾਲਾ ਦਿੰਦੇ ਹੋਏ ਆਪਣੇ ਜੰਗੀ ਬੇੜੇ ਅਤੇ ਲੜਾਕੂ ਜਹਾਜ਼ ਵੈਨੇਜ਼ੁਏਲਾ ਵੱਲ ਭੇਜੇ। ਹਾਲਾਂਕਿ, ਵੈਨੇਜ਼ੁਏਲਾ ਨੇ ਇਸ ਨੂੰ ਆਪਣੇ ਦੇਸ਼ 'ਤੇ ਸਿੱਧੇ ਹਮਲੇ ਦੀ ਤਿਆਰੀ ਕਰਾਰ ਦਿੱਤਾ ਹੈ। ਰਾਸ਼ਟਰਪਤੀ ਮਾਦੁਰੋ ਨੇ ਇਸ ਕਦਮ ਤੋਂ ਬਾਅਦ ਦੇਸ਼ ਵਿਚ ਤੁਰੰਤ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਅਤੇ ਆਪਣੀਆਂ ਸਾਰੀਆਂ ਹਥਿਆਰਬੰਦ ਸੈਨਾਵਾਂ ਨੂੰ ਹਾਈ ਅਲਰਟ 'ਤੇ ਰੱਖ ਦਿੱਤਾ ਹੈ।

ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਰਾਸ਼ਟਰਪਤੀ ਮਾਦੁਰੋ ਨੇ 3.7 ਮਿਲੀਅਨ (37 ਲੱਖ) ਮਿਲਿਸ਼ੀਆ ਫੋਰਸ ਨੂੰ ਸਰਗਰਮ ਕਰ ਦਿੱਤਾ ਹੈ। ਇਹ ਆਮ ਨਾਗਰਿਕਾਂ ਤੋਂ ਬਣੇ ਸੈਨਿਕ ਹਨ, ਜੋ ਦੇਸ਼ ਲਈ ਜੰਗ ਲੜਨ ਲਈ ਤਿਆਰ ਹਨ। ਇਸ ਤੋਂ ਇਲਾਵਾ, ਵੈਨੇਜ਼ੁਏਲਾ ਨੇ ਆਪਣੇ ਰੂਸੀ ਸੁਖੋਈ-30 ਲੜਾਕੂ ਜਹਾਜ਼ਾਂ ਨੂੰ ਐਂਟੀ-ਸ਼ਿਪ ਮਿਜ਼ਾਈਲਾਂ ਨਾਲ ਲੈਸ ਕਰਕੇ ਤਿਆਰ ਕਰ ਲਿਆ ਹੈ ਅਤੇ ਏਅਰ ਡਿਫੈਂਸ ਸਿਸਟਮ ਵੀ ਤਾਇਨਾਤ ਕਰ ਦਿੱਤੇ ਹਨ।

# ਕੈਨੇਡਾ ਵੱਲੋਂ ਅਮਰੀਕਾ ਜਾਣ ਵਾਲਿਆਂ ਲਈ ਐਡਵਾਈਜ਼ਰੀ ਜਾਰੀ

**ਓਟਵਾ, (ਪੰਜਾਬ ਮੇਲ)-** ਕੈਨੇਡਾ ਦੀ ਫੈਡਰਲ ਸਰਕਾਰ ਨੇ ਜੈਂਡਰ ਨਿਊਟਰਲ ਪਾਸਪੋਰਟਸ ਨੂੰ ਧਿਆਨ ਵਿਚ ਰੱਖਦਿਆਂ ਅਮਰੀਕਾ ਜਾਣ ਵਾਲਿਆਂ ਲਈ ਕਾਸ਼ਨਰੀ ਨੋਟ ਜੋੜ ਕੇ ਇਕ ਟਰੈਵਲ ਐਡਵਾਈਜ਼ਰੀ ਜਾਰੀ ਕੀਤੀ ਹੈ। ਮਹਿਲਾ ਜਾਂ ਪੁਰਸ਼ ਵਜੋਂ ਆਪਣੀ ਪਛਾਣ ਜ਼ਾਹਰ ਨਾ ਕਰਨ ਵਾਲੇ ਵਿਅਕਤੀਆਂ ਲਈ ਕੈਨੇਡਾ 'ਐਕਸ' ਮਾਰਕਰ ਨਾਲ ਪਾਸਪੋਰਟ ਜਾਰੀ ਕਰਦਾ ਹੈ। ਇਸ ਐਡਵਾਈਜ਼ਰੀ ਵਿਚ ਆਖਿਆ ਗਿਆ ਹੈ ਕਿ ਅਮਰੀਕਾ ਸਮੇਤ ਹੋਰਨਾਂ ਦੇਸ਼ਾਂ ਦਾ ਸਫਰ ਕਰਨ ਵਾਲਿਆਂ ਨੂੰ ਇਸ ਪਛਾਣ ਨਾਲ ਐਂਟਰੀ ਮਿਲੇਗੀ, ਇਸ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾ ਸਕਦੀ। ਐਡਵਾਈਜ਼ਰੀ ਵਿਚ ਇਹ ਵੀ ਆਖਿਆ ਗਿਆ ਹੈ ਕਿ ਕੁਝ ਦੇਸ਼ ਤੇ ਟਰੈਵਲ ਕੰਪਨੀਆਂ ਐਕਸ ਮਾਰਕਰ ਨੂੰ ਲਿੰਗਕ ਪਛਾਣ ਦਾ ਆਧਾਰ ਨਹੀਂ ਮੰਨਦੇ। ਇਸ ਲਈ ਸਫਰ ਕਰਨ ਵਾਲਿਆਂ ਨੂੰ ਪੁਰਸ਼ ਜਾਂ ਮਹਿਲਾ ਵਜੋਂ ਆਪਣੀ ਪਛਾਣ ਦੱਸਣ ਦੀ ਲੋੜ ਪੈ ਸਕਦੀ ਹੈ।

# ਰੂਸੀ ਰਾਸ਼ਟਰਪਤੀ ਪੂਤਿਨ ਦਸੰਬਰ ਦੇ ਸ਼ੁਰੂ 'ਚ ਭਾਰਤ ਆਉਣਗੇ



**ਨਵੀਂ ਦਿੱਲੀ, (ਪੰਜਾਬ ਮੇਲ)-** ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ 5 ਦਸੰਬਰ ਦੇ ਆਸ-ਪਾਸ ਭਾਰਤ ਦਾ ਦੌਰਾ ਕਰਨਗੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਾਲਾਨਾ ਸਿਖਰ ਵਾਰਤਾ ਕਰਨਗੇ, ਜਿਸ ਨਾਲ ਦੁਵੱਲੇ ਰਣਨੀਤਕ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਮਹੱਤਵਪੂਰਨ ਨਤੀਜੇ ਨਿਕਲਣ ਦੀ ਉਮੀਦ ਹੈ। ਹਲਕਿਆਂ ਅਨੁਸਾਰ ਇਸ ਹਾਈ-ਪ੍ਰੋਫਾਈਲ ਦੌਰੇ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਰੂਸੀ ਰਾਸ਼ਟਰਪਤੀ ਇਕ ਦਿਨ ਦੀ ਯਾਤਰਾ ਲਈ ਆਉਣਗੇ ਜਾਂ ਉਹ ਦੋ ਦਿਨਾਂ ਲਈ ਭਾਰਤ 'ਚ ਰਹਿਣਗੇ। ਪੂਤਿਨ ਦੀ ਯਾਤਰਾ ਤੋਂ ਪਹਿਲਾਂ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਅਗਲੇ ਮਹੀਨੇ ਰਾਸ਼ਟਰਪਤੀ ਦੌਰੇ ਦੇ ਬਰੀਕ ਵੇਰਵਿਆਂ ਨੂੰ ਅੰਤਿਮ ਰੂਪ ਦੇਣ ਲਈ ਭਾਰਤ ਦੀ ਯਾਤਰਾ ਕਰਨਗੇ। ਰੂਸੀ ਰਾਸ਼ਟਰਪਤੀ ਆਖਰੀ ਵਾਰ 2021 'ਚ ਨਵੀਂ ਦਿੱਲੀ ਆਏ ਸਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਖੋਲੇ ਸਿਖਲਾਈ ਸੈਂਟਰ ਅਤੇ ਦਿੱਤੇ ਸਰਟੀਫਿਕੇਟ





ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿਚ ਸੰਨੀ ਓਬਰਾਏ ਸਵੈਂ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ-ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਮੁਫ਼ਤ ਸਿਖਲਾਈ ਸੈਂਟਰ (ਕੰਪਿਊਟਰ, ਸਿਲਾਈ, ਬਿਊਟੀ ਪਾਰਲਰ) ਖੋਲ੍ਹੇ ਜਾ ਰਹੇ ਹਨ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ ਕੰਪਿਊਟਰ ਸਿਖਲਾਈ ਸੈਂਟਰ, ਮਲੋਟ ਵਿਚ ਬਿਊਟੀ ਪਾਰਲਰ ਸੈਂਟਰ, ਪਿੰਡ ਕਰਮਗੜ੍ਹ ਵਿਚ ਸਿਲਾਈ ਸੈਂਟਰ ਸ਼ੁਰੂ ਕੀਤੇ ਗਏ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਸਿਖਲਾਈ ਸੈਂਟਰਾਂ ਵਿਚ ਸਿਖਿਆਰਥੀਆਂ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ ਅਤੇ 6 ਮਹੀਨੇ ਦਾ ਕੋਰਸ ਪੂਰਾ ਹੋਣ ਉਪਰੰਤ ਆਈ.ਐੱਸ.ਓ. ਸਰਟੀਫਿਕੇਟ ਦਿੱਤੇ ਜਾਂਦੇ ਹਨ। ਇਸ ਤੋਂ ਪਹਿਲਾਂ ਹਜ਼ਾਰਾਂ ਦੀ ਗਿਣਤੀ 'ਚ ਸਿਖਲਾਈ ਪ੍ਰਾਪਤ ਕਰਕੇ ਨੌਜਵਾਨ ਆਪਣੇ ਕੰਮਾਂ ਵਿਚ ਨਿਪੁੰਨ ਹੋ ਕੇ ਅਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਰਹੇ ਹਨ।



ਡਾ. ਐੱਸ.ਪੀ. ਸਿੰਘ ਓਬਰਾਏ।

ਸ੍ਰੀ ਮੁਕਤਸਰ ਸਾਹਿਬ ਵਿਖੇ ਕੰਪਿਊਟਰ ਸੈਂਟਰ ਦੀ ਸ਼ੁਰੂਆਤ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਵੱਲੋਂ ਕੀਤੀ ਗਈ। ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਪ੍ਰਿੰਸੀਪਲ ਬਿੰਦਰ ਪਾਲ ਕੌਰ, ਮੈਡਮ ਹਰਿਦਰ ਕੌਰ, ਮੈਡਮ ਮਨਿੰਦਰ ਕੌਰ ਨੇ ਦੱਸਿਆ ਕਿ ਅਜਿਹੇ ਸਿਖਲਾਈ ਸੈਂਟਰ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਸ੍ਰੀ ਮੁਕਤਸਰ ਸਾਹਿਬ ਟੀਮ ਕੰਪਿਊਟਰ ਕੋਰਸ ਪੂਰਾ ਕਰ ਚੁੱਕੇ ਸਿਖਿਆਰਥੀਆਂ ਨੂੰ ਅਤੇ ਸਿਲਾਈ ਦਾ ਕੋਰਸ ਪੂਰਾ ਕਰ ਚੁੱਕੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਝੋਨੇ ਦੇ ਸੀਜ਼ਨ ਦੌਰਾਨ ਟਰਾਲੀਆਂ ਤੇ ਟ੍ਰੈਫਿਕ ਪੁਲਿਸ ਦੇ ਸਹਿਯੋਗ ਨਾਲ ਲਗਾਏ ਰਿਫਲੈਕਟਰ



**■ ਕੀਮਤੀ ਜਾਨਾਂ ਬਚਾਉਣ ਲਈ ਹਰ ਸਾਲ ਲੱਖਾਂ ਦੀ ਤਾਦਾਦ 'ਚ ਲਗਾਏ ਜਾਂਦੇ ਹਨ ਰਿਫਲੈਕਟਰ : ਡਾ. ਓਬਰਾਏ**

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿਚ ਕੀਮਤੀ ਜਾਨਾਂ ਬਚਾਉਣ ਲਈ ਹਰ ਸਾਲ ਲੱਖਾਂ ਦੀ ਤਾਦਾਦ 'ਚ ਵਹੀਕਲਾਂ 'ਤੇ ਮੁਫ਼ਤ ਰਿਫਲੈਕਟਰ ਡਾਕਟਰ ਓਬਰਾਏ ਵਲੋਂ ਜ਼ਿਲ੍ਹਾ ਟੀਮਾਂ ਰਾਹੀਂ ਲਗਵਾਏ ਜਾਂਦੇ ਹਨ। ਇਸ ਲੜੀ ਨੂੰ ਅੱਗੇ ਤੋਰਦਿਆਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ ਤਰਸੇਮ ਸਿੰਘ ਟ੍ਰੈਫਿਕ ਪੁਲਿਸ ਇੰਚਾਰਜ ਦੀ ਰਹਿਨੁਮਾਈ ਹੇਠ, ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਡੋਹਕ ਦੀ ਹਾਜ਼ਰੀ ਵਿਚ ਦਾਣਾ ਮੰਡੀ ਸ੍ਰੀ ਮੁਕਤਸਰ ਸਾਹਿਬ ਵਿਖੇ ਵੱਡੀ ਗਿਣਤੀ 'ਚ ਟਰਾਲੀਆਂ 'ਤੇ ਰਿਫਲੈਕਟਰ ਲਗਾਏ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਝੋਨੇ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ। ਟਰੈਕਟਰ ਟਰਾਲੀਆਂ ਦਿਨ ਰਾਤ ਚੱਲਦੀਆਂ ਹਨ, ਅਕਸਰ ਹੀ ਕਿਸਾਨਾਂ ਦੀਆਂ ਟਰਾਲੀਆਂ ਅਤੇ ਯੂਨੀਅਨ ਦੀਆਂ ਟਰਾਲੀਆਂ 'ਤੇ ਰਿਫਲੈਕਟਰ ਨਹੀਂ ਲੱਗੇ ਹੁੰਦੇ। ਇਸ ਕਰਕੇ ਐਕਸੀਡੈਂਟ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਸੋਮ ਨਾਥ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ, ਕਾਲ਼ਾ ਸਿੰਘ ਖੱਪਿਆਂਵਾਲ਼ੀ ਵਾਲੀ, ਸ੍ਰੀ ਮੁਕਤਸਰ ਸਾਹਿਬ ਦੀ ਟ੍ਰੈਫਿਕ ਪੁਲਿਸ, ਜਸਕਰਨ ਸਿੰਘ ਬੂੜਾ ਗੁੱਜਰ ਖਜ਼ਾਨਚੀ ਕੌਮੀ ਕਿਸਾਨ ਯੂਨੀਅਨ, ਹੈਪੀ ਬਰਾੜ ਇਕਾਈ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਸੇਰਬਾਜ ਸਿੰਘ ਬਰਾੜ, ਬਲਜੀਤ ਸਿੰਘ ਕੱਚਾ ਆੜ੍ਹਤੀਆ, ਟਰੈਕਟਰ ਟਰਾਲੀ ਯੂਨੀਅਨ ਦੇ ਆਗੂ ਮੌਜੂਦ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।




FOR SALE & PURCHASE OF
ANY KIND OF PROPERTY



RE/MAX
RE/MAX®
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# 'ਆਪ' ਵੱਲੋਂ ਰਾਜ ਸਭਾ ਉਪ ਚੋਣ ਲਈ ਟਰਾਈਡੈਂਟ ਗਰੁੱਪ ਦੇ ਰਾਜਿੰਦਰ ਗੁਪਤਾ ਹੋ ਸਕਦੇ ਨੇ ਉਮੀਦਵਾਰ



**ਚੰਡੀਗੜ੍ਹ, (ਪੰਜਾਬ ਮੇਲ)-** ਪ੍ਰਮੁੱਖ ਉਦਯੋਗਪਤੀ ਰਾਜਿੰਦਰ ਗੁਪਤਾ 24 ਅਕਤੂਬਰ ਨੂੰ ਹੋਣ ਵਾਲੀ ਰਾਜ ਸਭਾ ਦੀ ਉਪ-ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹੋ ਸਕਦੇ ਹਨ। ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਗੁਪਤਾ ਅਗਲੇ ਹਫ਼ਤੇ ਰਾਜ ਸਭਾ ਦੀ ਇਕੋ ਇੱਕ ਖਾਲੀ ਸੀਟ ਲਈ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰ ਸਕਦੇ ਹਨ। ਇਸ ਚੋਣ ਦੀ ਤਿਆਰੀ ਤਹਿਤ ਗੁਪਤਾ ਨੇ ਬੀਤੇ ਦਿਨ ਹੀ ਰਾਜ ਆਰਥਿਕ ਨੀਤੀ ਤੇ ਯੋਜਨਾ ਬੋਰਡ ਦੇ ਉਪ ਚੇਅਰਮੈਨ ਅਤੇ ਨਾਲ ਹੀ ਸ਼੍ਰੀ ਕਾਲੀ ਦੇਵੀ ਸਲਾਹਕਾਰ ਕਮੇਟੀ ਦੇ ਚੇਅਰਪਰਸਨ ਦੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਨੂੰ 2022 ਵਿਚ ਯੋਜਨਾ ਬੋਰਡ ਦਾ ਉਪ ਚੇਅਰਮੈਨ ਅਤੇ ਇਸ ਸਾਲ ਅਗਸਤ ਵਿਚ ਪਟਿਆਲਾ ਦੇ ਮੰਦਰ ਦੀ ਸਲਾਹਕਾਰ ਕਮੇਟੀ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਸੀ। ਉਹ ਪਿਛਲੀਆਂ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਦੌਰਾਨ ਵੀ ਯੋਜਨਾ ਬੋਰਡ ਦੇ ਉਪ ਚੇਅਰਮੈਨ ਰਹੇ ਸਨ। ਸੂਬੇ ਦੀ ਸੱਤਾਧਾਰੀ ਪਾਰਟੀ ਦੇ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਗੁਪਤਾ ਨੇ 'ਸਕਾਰਾਤਮਕ ਨੋਟ' ਲਿਖ ਕੇ ਅਸਤੀਫਾ ਦਿੱਤਾ ਹੈ ਅਤੇ ਉਹ ਰਾਜ ਸਭਾ ਉਪ ਚੋਣ ਲਈ ਪਾਰਟੀ ਦੇ ਉਮੀਦਵਾਰ ਹੋ ਸਕਦੇ ਹਨ।" ਸੂਬੇ ਦੀ ਸੱਤਾਧਾਰੀ ਪਾਰਟੀ ਜਿਸ ਦੇ 117 ਮੈਂਬਰੀ ਵਿਧਾਨ ਸਭਾ ਵਿਚ 93 ਮੈਂਬਰ ਹਨ, ਉਪ-ਚੋਣ ਲਈ ਕਿਸੇ ਪ੍ਰਮੁੱਖ ਪੰਜਾਬੀ ਨੂੰ ਆਪਣਾ ਉਮੀਦਵਾਰ ਬਣਾਉਣ ਦੀ ਭਾਲ ਵਿਚ ਸੀ।

## ਤਰਨ ਤਾਰਨ ਜ਼ਿਮਨੀ ਚੋਣ: 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਉਮੀਦਵਾਰ ਦਾ ਐਲਾਨ



**ਅੰਮ੍ਰਿਤਸਰ, (ਪੰਜਾਬ ਮੇਲ)-** ਤਰਨ ਤਾਰਨ ਜ਼ਿਮਨੀ ਚੋਣ ਦੀ ਤਰੀਕ ਦਾ ਐਲਾਨ ਹੋਣ ਮਗਰੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਮਨਦੀਪ ਸਿੰਘ ਨੂੰ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ ਗਿਆ। ਮਨਦੀਪ ਸਿੰਘ ਜੇਲ੍ਹ ਵਿਚ ਬੰਦ ਸੰਦੀਪ ਸਿੰਘ ਸੰਨੀ ਦਾ ਭਰਾ ਹੈ। ਸੰਨੀ ਖ਼ਿਲਾਫ਼ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਦਾ ਦੋਸ਼ ਹੈ।

ਇੱਥੇ ਪ੍ਰੈੱਸ ਕਲੱਬ ਵਿਚ ਮੀਡੀਆ ਨੂੰ ਸੰਬੋਧਨ ਕਰਦਿਆਂ ਤਰਸੇਮ ਸਿੰਘ ਅਤੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਤਰਨ ਤਾਰਨ ਜ਼ਿਮਨੀ ਚੋਣ ਲਈ ਮਨਦੀਪ ਸਿੰਘ ਦੇ ਨਾਮ ਦਾ ਐਲਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਮੁੱਚੀ ਕੌਮ ਦੀਆਂ ਭਾਵਨਾਵਾਂ ਅਤੇ ਸੰਦੀਪ ਸਿੰਘ ਸੰਨੀ ਦੀ ਕੁਰਬਾਨੀ ਨੂੰ ਧਿਆਨ ਵਿਚ ਰੱਖਦਿਆਂ ਉਸ ਦੇ ਪਰਿਵਾਰ ਵਿਚੋਂ ਇੱਕ ਮੈਂਬਰ ਨੂੰ ਉਮੀਦਵਾਰ ਐਲਾਨਿਆ ਹੈ। ਮਨਦੀਪ ਸਿੰਘ ਉਸ ਦਾ ਵੱਡਾ ਭਰਾ ਹੈ। ਇਸ ਮੌਕੇ ਸੰਦੀਪ ਸਿੰਘ ਸੰਨੀ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ। ਤਰਸੇਮ ਸਿੰਘ ਨੇ ਸਮੁੱਚੀਆਂ ਕਿਸਾਨ, ਮਜ਼ਦੂਰ, ਸਿੱਖ ਜਥੇਬੰਦੀਆਂ, ਧਾਰਮਿਕ ਸੰਪਰਦਾਵਾਂ ਅਤੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਉਹ ਮਨਦੀਪ ਸਿੰਘ ਦਾ ਸਾਥ ਦੇਣ, ਤਾਂ ਜੋ ਪੰਜਾਬ ਵਿਚ ਪੰਥਕ ਪਰਚਮ ਮੁੜ ਲਹਿਰਾਇਆ ਜਾ ਸਕੇ ਅਤੇ ਸੱਚਾਈ ਨੂੰ ਸੰਸਾਰ ਭਰ ਵਿਚ ਬੁਲੰਦ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਇਸੇ ਹਲਕੇ ਤੋਂ ਲੋਕ ਸਭਾ ਚੋਣਾਂ ਵੇਲੇ ਵੱਡੇ ਫ਼ਰਕ ਨਾਲ ਜਿੱਤੇ ਸਨ। ਇਸ ਜ਼ਿਮਨੀ ਚੋਣ ਲਈ 'ਆਪ', ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁੱਕਿਆ ਹੈ।

## ਪੰਜਾਬ 'ਚ ਹਲਵਾਰਾ ਏਅਰਪੋਰਟ ਖੁੱਲ੍ਹਣ ਦਾ ਰਾਹ ਹੋ ਸਕਦੈ ਪੱਧਰਾ



**ਲੁਧਿਆਣਾ, (ਪੰਜਾਬ ਮੇਲ)-** ਪੰਜਾਬ ਵਿਚ ਜਲਦੀ ਹੀ ਇਕ ਹੋਰ ਏਅਰਪੋਰਟ ਖੁੱਲ੍ਹਣ ਦਾ ਰਾਹ ਪੱਧਰਾ ਹੋ ਸਕਦਾ ਹੈ। ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦੱਸਿਆ ਹੈ ਕਿ ਬਿਊਰੋ ਆਫ਼ ਸਿਵਿਲ ਏਵੀਏਸ਼ਨ ਸਿਕਿਊਰਿਟੀ ਹਲਵਾਰਾ ਏਅਰਪੋਰਟ ਦੀ ਬਿਲਡਿੰਗ ਕਲੀਅਰੈਂਸ ਦੀ ਜਾਂਚ ਲਈ ਲੁਧਿਆਣਾ ਪਹੁੰਚ ਰਹੀ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਏਅਰਪੋਰਟ ਦਾ ਇਹ ਸੁਪਨਾ ਸਾਕਾਰ ਹੋਣ ਵਾਲਾ ਹੈ।

ਰਵਨੀਤ ਸਿੰਘ ਬਿੱਟੂ ਨੇ ਇਹ ਵੀ ਕਿਹਾ ਕਿ ਇਹ ਕਦਮ ਲੁਧਿਆਣਾ ਦੇ ਹਵਾਈ ਸੰਪਰਕ ਦੇ ਸੁਪਨੇ ਨੂੰ ਹਕੀਕਤ ਬਣਾਉਣ ਵੱਲ ਵੱਡਾ ਮੀਲ ਪੱਥਰ ਹੈ। ਉਨ੍ਹਾਂ ਕਿਹਾ ਕਿ ਇਹ ਏਅਰਪੋਰਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪੰਜਾਬ ਦੇ ਵਿਕਾਸ ਨੂੰ ਨਵੀਆਂ ਉੱਚਾਈਆਂ ਤੱਕ ਲੈ ਕੇ ਜਾਵੇਗਾ।

## ਪੰਜਾਬ 'ਚ ਰਾਜ ਸਭਾ ਦੀ ਜ਼ਿਮਨੀ ਚੋਣ ਦਾ ਐਲਾਨ; ਨੋਟੀਫਿਕੇਸ਼ਨ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਨੇ 1 ਜੁਲਾਈ, 2025 ਨੂੰ ਸੰਜੀਵ ਅਰੋੜਾ ਦੇ ਅਸਤੀਫ਼ੇ ਉਪਰੰਤ ਖ਼ਾਲੀ ਹੋਈ ਸੀਟ ਲਈ ਪੰਜਾਬ ਤੋਂ ਰਾਜ ਸਭਾ ਦੀ ਜ਼ਿਮਨੀ ਚੋਣ ਲਈ ਸ਼ਡਿਊਲ ਨੋਟੀਫਾਈ ਕਰ ਦਿੱਤਾ ਹੈ। ਇਸ ਖ਼ਾਲੀ ਸੀਟ ਦੀ ਮਿਆਦ 9 ਅਪ੍ਰੈਲ, 2028 ਤੱਕ ਹੈ। ਚੋਣ ਕਮਿਸ਼ਨ ਵਲੋਂ 6 ਅਕਤੂਬਰ, 2025 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ, ਲੋਕ ਪ੍ਰਤੀਨਿਧਤਾ ਐਕਟ, 1951 ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਨੁਸਾਰ ਉਕਤ ਖ਼ਾਲੀ ਥਾਂ ਨੂੰ ਭਰਨ ਲਈ ਉਪ-ਚੋਣ ਕਰਵਾਈ ਜਾਵੇਗੀ। ਇਸ ਸ਼ਡਿਊਲ ਅਨੁਸਾਰ 13 ਅਕਤੂਬਰ, 2025 (ਸੋਮਵਾਰ) ਨਾਮਜ਼ਦਗੀਆਂ ਦਾਖ਼ਲ ਕਰਨ ਦੀ ਆਖ਼ਰੀ ਮਿਤੀ ਹੈ, ਹਾਲਾਂਕਿ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ ਦੀ ਧਾਰਾ-25 ਅਧੀਨ ਇਸ ਦੌਰਾਨ ਆਉਣ ਵਾਲੀਆਂ ਗਜ਼ਟਿਡ ਜਨਤਕ ਛੁੱਟੀਆਂ ਵਾਲੇ ਦਿਨ ਕੋਈ ਨਾਮਜ਼ਦਗੀ ਸਵੀਕਾਰ ਨਹੀਂ ਕੀਤੀ ਜਾਵੇਗੀ।

14 ਅਕਤੂਬਰ, 2025 ਦਿਨ ਮੰਗਲਵਾਰ ਨੂੰ ਨਾਮਜ਼ਦਗੀਆਂ ਦੀ ਪੜਤਾਲ ਕੀਤੀ ਜਾਵੇਗੀ। 16 ਅਕਤੂਬਰ, 2025 ਦਿਨ ਵੀਰਵਾਰ ਨੂੰ ਉਮੀਦਵਾਰੀ ਵਾਪਸ ਲੈਣ ਦੀ ਆਖ਼ਰੀ ਮਿਤੀ ਹੋਵੇਗੀ। 24 ਅਕਤੂਬਰ, 2025 ਦਿਨ ਸ਼ੁੱਕਰਵਾਰ ਵੋਟਿੰਗ ਦੀ ਮਿਤੀ (ਜੇਕਰ ਜ਼ਰੂਰੀ ਹੋਵੇ)।

28 ਅਕਤੂਬਰ, 2025 ਦਿਨ ਮੰਗਲਵਾਰ : ਉਹ ਮਿਤੀ ਜਿਸ ਤੋਂ ਪਹਿਲਾਂ ਚੋਣ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ।

ਵੋਟਿੰਗ ਜੇਕਰ ਲੋੜੀਂਦੀ ਹੋਈ, ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗੀ।

ਪੰਜਾਬ ਸਰਕਾਰ ਦੀ ਸਲਾਹ ਨਾਲ ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਸਕੱਤਰ ਰਾਮ ਲੋਕ ਖਟਾਨਾ ਨੂੰ ਜ਼ਿਮਨੀ ਚੋਣ ਲਈ ਰਿਟਰਨਿੰਗ ਅਫ਼ਸਰ ਅਤੇ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਡਿਪਟੀ ਸਕੱਤਰ ਜਸਵਿੰਦਰ ਸਿੰਘ ਨੂੰ ਚੋਣ ਪ੍ਰਕਿਰਿਆ ਦੇ ਸੰਚਾਲਨ ਵਿਚ ਸਹਾਇਤਾ ਲਈ ਸਹਾਇਕ ਰਿਟਰਨਿੰਗ ਅਫ਼ਸਰ ਵਜੋਂ ਨਾਮਜ਼ਦ ਕੀਤਾ ਹੈ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
'863

# ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਝੀਂਡਾ ਖਿਲਾਫ਼ ਬਗਾਵਤ

■ 17 ਮੈਂਬਰਾਂ ਨੇ ਸਮਰਥਨ ਲਿਆ ਵਾਪਸ; ਆਪਹੁਦਰੇਪਣ ਤੇ ਗਲਤ ਕਾਰਗੁਜ਼ਾਰੀ ਦੇ ਦੋਸ਼



ਕੁਰੂਕਸ਼ੇਤਰ 'ਚ ਮੀਟਿੰਗ ਕਰਦੇ ਹੋਏ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ।

**ਗੂਹਲਾ ਚੀਕਾ, (ਪੰਜਾਬ ਮੇਲ)-** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚ.ਐੱਸ.ਜੀ.ਪੀ.ਸੀ.) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦਾ ਸਮਰਥਨ ਕਰਨ ਵਾਲੇ 17 ਮੈਂਬਰਾਂ ਨੇ ਬਗਾਵਤ ਕਰਦਿਆਂ ਆਪਣਾ ਸਮਰਥਨ ਵਾਪਸ ਲੈ ਲਿਆ ਹੈ। ਇਸ ਨਾਲ ਪ੍ਰਧਾਨ ਝੀਂਡਾ ਆਪਣਾ ਬਹੁਮਤ ਗੁਆ ਬੈਠੇ ਹਨ। ਦੱਸਣਯੋਗ ਹੈ ਕਿ 49 ਮੈਂਬਰੀ ਜਨਰਲ ਹਾਊਸ ਵਿਚ ਝੀਂਡਾ ਨੂੰ 29 ਮੈਂਬਰਾਂ ਦੇ ਸਮਰਥਨ ਨਾਲ ਪ੍ਰਧਾਨ ਚੁਣਿਆ ਗਿਆ ਸੀ, ਜਦਕਿ 18 ਮੈਂਬਰਾਂ ਨੇ ਵਾਕਆਊਟ ਕੀਤਾ ਸੀ ਅਤੇ 2 ਮੈਂਬਰ ਗੈਰ-ਹਾਜ਼ਰ ਰਹੇ ਸਨ। ਕਮੇਟੀ ਦੇ ਮੁੱਖ ਦਫ਼ਤਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਚ ਹੋਈ ਵਿਸ਼ੇਸ਼ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਮੀਤ ਪ੍ਰਧਾਨ ਗੁਰਬੀਰ ਸਿੰਘ ਤਲਾਕੌਰ ਨੇ ਦੱਸਿਆ ਕਿ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਸਰ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ 17 ਮੈਂਬਰਾਂ ਨੇ ਪ੍ਰਧਾਨ ਝੀਂਡਾ ਦੀ ਗਲਤ ਕਾਰਗੁਜ਼ਾਰੀ ਅਤੇ ਆਪਹੁਦਰੇਪਣ ਤੋਂ ਤੰਗ ਆ ਕੇ ਆਪਣਾ ਸਮਰਥਨ ਵਾਪਸ ਲੈਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ 29 'ਚੋਂ 17 ਮੈਂਬਰਾਂ ਦੇ ਸਮਰਥਨ ਵਾਪਸ ਲੈਣ ਤੋਂ ਬਾਅਦ ਪ੍ਰਧਾਨ ਝੀਂਡਾ ਕੋਲ ਹੁਣ ਬਹੁਮਤ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਨੈਤਿਕਤਾ ਦੇ ਆਧਾਰ 'ਤੇ ਤੁਰੰਤ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਜਾਂ ਫਿਰ ਜਨਰਲ ਹਾਊਸ ਦਾ ਇਜਲਾਸ ਬੁਲਾ ਕੇ ਆਪਣਾ ਬਹੁਮਤ ਸਾਬਤ ਕਰਨਾ ਚਾਹੀਦਾ ਹੈ। ਮੀਤ ਪ੍ਰਧਾਨ ਨੇ ਦੋਸ਼ ਲਾਇਆ ਕਿ ਗੁਰਦੁਆਰਾ ਐਕਟ 2014 ਅਨੁਸਾਰ 15 ਮੈਂਬਰਾਂ ਦੇ ਦਸਤਖ਼ਤਾਂ 'ਤੇ ਜਨਰਲ ਹਾਊਸ ਬੁਲਾਉਣਾ ਪੈਂਦਾ ਹੈ, ਪਰ 17 ਮੈਂਬਰਾਂ ਦੀ ਲਿਖਤੀ ਮੰਗ ਦੇ ਬਾਵਜੂਦ ਪ੍ਰਧਾਨ ਝੀਂਡਾ ਇਜਲਾਸ ਨਹੀਂ ਬੁਲਾ ਰਹੇ, ਜੋ ਕਿ ਐਕਟ ਦੀ ਸਿੱਧੀ ਉਲੰਘਣਾ ਹੈ। ਇਸ ਤੋਂ ਇਲਾਵਾ ਗੈਰ-ਕਾਨੂੰਨੀ ਢੰਗ ਨਾਲ ਮੁਲਾਜ਼ਮਾਂ ਦੀਆਂ ਬਦਲੀਆਂ, ਤਰੱਕੀਆਂ ਅਤੇ ਨਿਯੁਕਤੀਆਂ ਦੇ ਮਾਮਲੇ ਵਿਚ ਅਦਾਲਤੀ ਹੁਕਮਾਂ ਦੀ ਵੀ ਉਲੰਘਣਾ ਕੀਤੀ ਜਾ ਰਹੀ ਹੈ। ਮੈਂਬਰਾਂ ਨੇ ਝੀਂਡਾ ਦੇ ਵਤੀਰੇ ਕਾਰਨ ਕਈ ਮੁਲਾਜ਼ਮਾਂ ਵੱਲੋਂ ਨੌਕਰੀ ਛੱਡ ਕੇ ਜਾਣ 'ਤੇ ਚਿੰਤਾ ਪ੍ਰਗਟਾਈ ਅਤੇ ਬਜਟ ਪਾਸ ਨਾ ਕਰ ਸਕਣ ਕਾਰਨ ਉਨ੍ਹਾਂ ਨੂੰ 'ਫੇਲ੍ਹ ਪ੍ਰਧਾਨ' ਕਰਾਰ ਦਿੱਤਾ। ਮੀਟਿੰਗ ਵਿਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਰੁਪਿੰਦਰ ਸਿੰਘ ਪੰਜੋਖਰਾ ਸਾਹਿਬ, ਜਗਤਾਰ ਸਿੰਘ ਮਾਨ ਮਿੱਠੜੀ, ਤਜਿੰਦਰਪਾਲ ਸਿੰਘ ਨਾਰਨੌਲ ਤੇ ਹੋਰ ਹਾਜ਼ਰ ਸਨ।

# ਕੈਨੇਡਾ ਭੇਜਣ ਦੇ ਨਾਮ 'ਤੇ 30 ਲੱਖ ਦੀ ਠੱਗੀ

■ 3 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ

**ਲੁਧਿਆਣਾ, (ਪੰਜਾਬ ਮੇਲ)-** ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਦੇਹੀ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ। ਥਾਣਾ ਡੇਹਲੋਂ ਪੁਲਿਸ ਨੇ 3 ਮੁਲਜ਼ਮਾਂ ਖਿਲਾਫ਼ ਇਕ ਨੌਜਵਾਨ ਨਾਲ 30 ਲੱਖ ਰੁਪਏ ਹੜੱਪਣ ਦੇ ਦੋਸ਼ 'ਚ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਪੀੜਤ ਏਕਮਜੋਤ ਸਿੰਘ ਨੇ ਦਰਜ ਕਰਵਾਈ ਹੈ, ਜੋ ਪਿੰਡ ਲਹਿਰਾ ਡੇਹਲੋਂ ਦਾ ਰਹਿਣ ਵਾਲਾ ਹੈ। ਏਕਮਜੋਤ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਮੁਲਜ਼ਮਾਂ ਨੇ ਉਸ ਨੂੰ ਕੈਨੇਡਾ ਭੇਜਣ ਦਾ ਝਾਂਸਾ ਦਿੱਤਾ ਸੀ। ਭਰੋਸਾ ਦਿਵਾਉਣ ਲਈ ਉਨ੍ਹਾਂ ਨੇ ਕੈਨੇਡਾ ਦਾ ਫਰਜ਼ੀ ਵੀਜ਼ਾ ਅਤੇ ਦਸਤਾਵੇਜ਼ ਵੀ ਦਿਖਾਏ। ਇਸੇ ਭਰੋਸੇ ਵਿਚ ਆ ਕੇ ਉਸ ਨੇ ਤਿੰਨਾਂ ਮੁਲਜ਼ਮਾਂ ਨੂੰ 30 ਲੱਖ ਰੁਪਏ ਦੇ ਦਿੱਤੇ। ਰਕਮ ਲੈਣ ਤੋਂ ਬਾਅਦ ਮੁਲਜ਼ਮ ਲਗਾਤਾਰ ਟਾਲ-ਮਟੋਲ ਕਰਨ ਲੱਗੇ ਅਤੇ ਬਾਅਦ ਵਿਚ ਸੰਪਰਕ ਤੋਂ ਵੀ ਗਾਇਬ ਹੋ ਗਏ।

ਪੁਲਿਸ ਅਨੁਸਾਰ ਮੁਲਜ਼ਮਾਂ ਦੀ ਪਛਾਣ ਕਮਲਜੀਤ ਸਿੰਘ, ਉਂਕਾਰ ਸਿੰਘ ਵਾਸੀ ਪਿੰਡ ਭਲੂਰ, ਉਂਕਾਰ ਸਿੰਘ ਵਾਸੀ ਤਹਿਸੀਲ ਕੰਪਲੈਕਸ ਬਾਘਾਪੁਰਾਣਾ ਵਜੋਂ ਹੋਈ ਹੈ। ਥਾਣਾ ਡੇਹਲੋਂ ਪੁਲਿਸ ਨੇ ਸ਼ਿਕਾਇਤ ਅਤੇ ਜਾਂਚ ਦੇ ਆਧਾਰ 'ਤੇ ਮੁਲਜ਼ਮਾਂ ਖਿਲਾਫ਼ ਧੋਖਾਦੇਹੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਕਿਹਾ ਕਿ ਮੁਲਜ਼ਮਾਂ ਦੀ ਭਾਲ ਜਾਰੀ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵਿਦੇਸ਼ ਭੇਜਣ ਦੇ ਨਾਂ 'ਤੇ ਕਿਸੇ ਏਜੰਟ ਜਾਂ ਵਿਅਕਤੀ ਨੂੰ ਪੈਸੇ ਦੇਣ ਤੋਂ ਪਹਿਲਾਂ ਉਸ ਦਾ ਪਿਛੋਕੜ ਅਤੇ ਲਾਇਸੈਂਸ ਦੀ ਪੂਰੀ ਜਾਂਚ ਜ਼ਰੂਰ ਕਰਨ।

# ਤਰਨਤਾਰਨ ਜ਼ਿਮਨੀ ਚੋਣ: ਕਾਂਗਰਸ ਵੱਲੋਂ 'ਕਰਨਬੀਰ ਸਿੰਘ ਬੁਰਜ' ਉਮੀਦਵਾਰ ਵਜੋਂ ਨਾਮਜ਼ਦ



ਕਰਨਬੀਰ ਸਿੰਘ ਬੁਰਜ।

**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਨੇ ਪੰਜਾਬ ਦੀ ਤਰਨਤਾਰਨ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਲਈ ਪਾਰਟੀ ਆਗੂ ਕਰਨਬੀਰ ਸਿੰਘ ਬੁਰਜ ਨੂੰ ਨਾਮਜ਼ਦ ਕੀਤਾ ਹੈ। ਪਾਰਟੀ ਵੱਲੋਂ ਜਾਰੀ ਇੱਕ ਬਿਆਨ ਅਨੁਸਾਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬੁਰਜ ਦੀ ਉਮੀਦਵਾਰੀ ਨੂੰ ਮਨਜ਼ੂਰੀ ਦੇ ਦਿੱਤੀ।

ਦੱਸ ਦਈਏ ਕਿ ਇਸ ਸਾਲ ਜੂਨ 'ਚ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦਾ ਦੇਹਾਂਤ ਹੋ ਗਿਆ ਸੀ, ਜਿਸ ਕਾਰਨ ਇਹ ਸੀਟ ਖਾਲੀ ਹੋ ਗਈ ਸੀ।

ਚੋਣ ਕਮਿਸ਼ਨ ਨੇ ਅਜੇ ਤੱਕ ਜ਼ਿਮਨੀ ਚੋਣ ਦੀ ਮਿਤੀ ਦਾ ਐਲਾਨ ਨਹੀਂ ਕੀਤਾ ਹੈ। 'ਆਪ' ਨੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਭਾਰਤੀ ਜਨਤਾ ਪਾਰਟੀ ਨੇ ਹਰਜੀਤ ਸਿੰਘ ਸੰਧੂ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਸੁਖਵਿੰਦਰ ਕੌਰ ਰੰਧਾਵਾ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ, ਆਮ ਆਦਮੀ ਪਾਰਟੀ ਨੇ ਇਹ ਸੀਟ ਜਿੱਤੀ, ਜਦੋਂਕਿ ਅਕਾਲੀ ਦਲ ਦੂਜੇ ਸਥਾਨ 'ਤੇ ਰਿਹਾ ਅਤੇ ਕਾਂਗਰਸ ਤੀਜੇ ਸਥਾਨ 'ਤੇ ਰਹੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਸਾਲ 2023 'ਚ 10,700 ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀ

■ ਮਹਾਰਾਸ਼ਟਰ ਸਭ ਤੋਂ ਅੱਗੇ; ਐੱਨ.ਸੀ.ਆਰ.ਬੀ. ਦੀ ਰਿਪੋਰਟ 'ਚ ਖੁਲਾਸਾ

**ਨਵੀਂ ਦਿੱਲੀ, (ਪੰਜਾਬ ਮੇਲ)-** ਕੌਮੀ ਅਪਰਾਧ ਰਿਕਾਰਡਜ਼ ਬਿਊਰੋ (ਐੱਨ.ਸੀ.ਆਰ.ਬੀ.) ਦੀ ਰਿਪੋਰਟ ਅਨੁਸਾਰ ਸਾਲ 2023 ਦੌਰਾਨ ਖੇਤੀ ਖੇਤਰ ਨਾਲ ਜੁੜੇ 10,700 ਤੋਂ ਵੱਧ ਵਿਅਕਤੀਆਂ ਨੇ ਖ਼ੁਦਕੁਸ਼ੀ ਕੀਤੀ ਹੈ। ਰਿਪੋਰਟ ਅਨੁਸਾਰ ਖ਼ੁਦਕੁਸ਼ੀਆਂ ਦੇ ਸਭ ਤੋਂ ਵੱਧ 38.5 ਫੀਸਦੀ ਮਾਮਲੇ ਮਹਾਰਾਸ਼ਟਰ, ਜਦਕਿ 22.5 ਫੀਸਦੀ ਮਾਮਲੇ ਕਰਨਾਟਕ ਨਾਲ ਸਬੰਧਤ ਹਨ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਸਾਲ 2023 ਦੌਰਾਨ ਕੁੱਲ 1,71,418 ਵਿਅਕਤੀਆਂ ਨੇ ਖ਼ੁਦਕੁਸ਼ੀ ਕੀਤੀ ਹੈ, ਜਿਨ੍ਹਾਂ 'ਚੋਂ 1,13,416 (66.2 ਫੀਸਦੀ) ਵਿਅਕਤੀਆਂ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਸੀ।

ਰਿਪੋਰਟ 'ਚ ਕਿਹਾ ਗਿਆ ਹੈ ਕਿ 2023 ਦੌਰਾਨ ਖੇਤੀ ਖੇਤਰ ਨਾਲ ਜੁੜੇ 10,786 ਵਿਅਕਤੀਆਂ ਨੇ ਖ਼ੁਦਕੁਸ਼ੀ ਕੀਤੀ, ਜਿਨ੍ਹਾਂ 'ਚੋਂ 4,690 ਕਿਸਾਨ ਤੇ 6,096 ਖੇਤ ਮਜ਼ਦੂਰ ਸ਼ਾਮਲ ਹਨ। ਦੇਸ਼ ਭਰ 'ਚ ਖ਼ੁਦਕੁਸ਼ੀ ਕਰਨ ਵਾਲਿਆਂ 'ਚੋਂ 6.3 ਫੀਸਦੀ ਖੇਤੀ ਨਾਲ ਜੁੜੇ ਹੋਏ ਸਨ। ਰਿਪੋਰਟ ਅਨੁਸਾਰ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ 'ਚੋਂ 4,553 ਪੁਰਸ਼ ਤੇ 137 ਮਹਿਲਾਵਾਂ ਸਨ, ਜਦਕਿ ਖੇਤ ਮਜ਼ਦੂਰਾਂ 'ਚੋਂ 5,433 ਪੁਰਸ਼ ਤੇ 663 ਮਹਿਲਾਵਾਂ ਸਨ। ਰਿਪੋਰਟ ਅਨੁਸਾਰ ਖੇਤੀ ਖੇਤਰ 'ਚ ਖ਼ੁਦਕੁਸ਼ੀ ਦੇ ਸਭ ਤੋਂ ਵੱਧ 38.5 ਫੀਸਦੀ ਮਾਮਲੇ ਮਹਾਰਾਸ਼ਟਰ ਤੋਂ ਸਾਹਮਣੇ ਆਏ। ਕਰਨਾਟਕ ਤੋਂ 22.5 ਫੀਸਦੀ, ਆਂਧਰਾ ਪ੍ਰਦੇਸ਼ ਤੋਂ 8.6 ਫੀਸਦੀ, ਮੱਧ ਪ੍ਰਦੇਸ਼ ਤੋਂ 7.2 ਫੀਸਦ ਅਤੇ ਤਾਮਿਲਨਾਡੂ ਤੋਂ 5.9 ਫੀਸਦੀ ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ ਪੱਛਮੀ ਬੰਗਾਲ, ਬਿਹਾਰ, ਉੜੀਸਾ, ਝਾਰਖੰਡ, ਹਿਮਾਚਲ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਗੋਆ, ਮਨੀਪੁਰ, ਮਿਜ਼ੋਰਮ, ਨਾਗਾਲੈਂਡ, ਤ੍ਰਿਪੁਰਾ, ਚੰਡੀਗੜ੍ਹ, ਦਿੱਲੀ ਤੇ ਲਕਸ਼ਦੀਪ ਤੋਂ ਕਿਸਾਨ ਜਾਂ ਖੇਤ ਮਜ਼ਦੂਰ ਵੱਲੋਂ ਖੁਦਕੁਸ਼ੀ ਕੀਤੇ ਜਾਣ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ।

### ਬੱਚਿਆਂ ਤੇ ਔਰਤਾਂ ਖ਼ਿਲਾਫ਼ ਜੁਰਮਾਂ 'ਚ ਵਾਧਾ

ਰਿਪੋਰਟ ਅਨੁਸਾਰ 2023 'ਚ ਦੇਸ਼ ਅੰਦਰ ਬੱਚਿਆਂ ਖ਼ਿਲਾਫ਼ ਜੁਰਮਾਂ ਦੇ ਕੁੱਲ 1,77,335 ਮਾਮਲੇ ਦਰਜ ਕੀਤੇ ਗਏ ਹਨ ਜੋ 2022 ਮੁਕਾਬਲੇ 9.2 ਫੀਸਦੀ ਵੱਧ ਹਨ। ਅੰਕੜਿਆਂ ਤੋਂ ਪਤਾ ਲੱਗਾ ਹੈ ਕਿ 2023 'ਚ ਜੁਰਮ ਦਰ ਪ੍ਰਤੀ ਲੱਖ ਬੱਚਿਆਂ ਦੀ ਅਬਾਦੀ 'ਤੇ 39.9 ਸੀ, ਜਦਕਿ 2022 'ਚ ਇਹ 36.6 ਸੀ। ਐੱਨ. ਸੀ. ਆਰ. ਬੀ. ਦੇ ਅੰਕੜਿਆਂ ਅਨੁਸਾਰ 2023 'ਚ ਮਹਿਲਾਵਾਂ ਖ਼ਿਲਾਫ਼ ਅਪਰਾਧ ਦੇ ਤਕਰੀਬਨ 4.5 ਲੱਖ ਮਾਮਲੇ ਦਰਜ ਕੀਤੇ ਗਏ, ਜੋ ਇਸ ਦੇ ਪਿਛਲੇ ਦੋ ਸਾਲਾਂ ਮੁਕਾਬਲੇ ਮਾਮੂਲੀ ਵਾਧਾ ਹੈ। ਸਾਲ 2023 'ਚ ਔਰਤਾਂ ਖ਼ਿਲਾਫ਼ ਜੁਰਮਾਂ ਦੇ ਕੁੱਲ 4,48,221 ਮਾਮਲੇ ਦਰਜ ਕੀਤੇ ਗਏ ਜੋ 2022 ਦੇ 4,45,256 ਤੇ 2021 ਦੇ 4,28,278 ਮਾਮਲਿਆਂ ਤੋਂ ਵੱਧ ਹਨ।


## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ। 871


# ਟਰੰਪ ਟੈਰਿਫ਼ ਦੇ ਬਾਵਜੂਦ ਭਾਰਤ ਨੇ ਰੂਸ ਤੋਂ ਸਤੰਬਰ ਮਹੀਨੇ ਖਰੀਦਿਆ ਸਭ ਤੋਂ ਵੱਧ ਤੇਲ

**ਨਵੀਂ ਦਿੱਲੀ, (ਪੰਜਾਬ ਮੇਲ)-**ਇਕ ਪਾਸੇ ਅਮਰੀਕਾ ਰੂਸ ਤੋਂ ਤੇਲ ਨਾ ਖਰੀਦਣ ਲਈ ਲਗਾਤਾਰ ਦਬਾਅ ਬਣਾ ਰਿਹਾ ਹੈ, ਉੱਥੇ ਹੀ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਕਿ ਸਤੰਬਰ ਮਹੀਨੇ ਦੌਰਾਨ ਰੂਸ ਭਾਰਤ ਨੂੰ ਸਭ ਤੋਂ ਵੱਧ ਕੱਚਾ ਤੇਲ ਸਪਲਾਈ ਕਰਨ ਵਾਲਾ ਦੇਸ਼ ਬਣਿਆ। ਭਾਰਤ ਨੇ ਕੁੱਲ ਖਰੀਦੇ ਗਏ ਤੇਲ ਦਾ ਤੀਜਾ ਹਿੱਸਾ (ਕਰੀਬ 33.3 ਫ਼ੀਸਦੀ) ਇਕੱਲੇ ਰੂਸ ਤੋਂ ਖਰੀਦਿਆ।

ਹਾਲਾਂਕਿ ਇਸ ਤੋਂ ਇਲਾਵਾ ਭਾਰਤ ਨੇ ਯੂਰਪੀ ਤੇ ਏਸ਼ੀਆਈ ਦੇਸ਼ਾਂ ਤੋਂ ਅਗਸਤ ਦੇ ਮੁਕਾਬਲੇ ਤੇਲ ਦੀ ਆਯਾਤ ਘਟਾਈ ਹੈ। ਇਕ ਰਿਪੋਰਟ ਅਨੁਸਾਰ ਭਾਰਤ ਨੇ ਸਤੰਬਰ 'ਚ ਰੂਸ ਤੋਂ ਕਰੀਬ 16 ਲੱਖ ਬੈਰਲ ਪ੍ਰਤੀ ਦਿਨ ਤੇਲ ਖਰੀਦਿਆ, ਜੋ ਕਿ ਅਗਸਤ ਦੇ 17 ਲੱਖ ਬੈਰਲ ਪ੍ਰਤੀ ਦਿਨ ਤੋਂ ਕਰੀਬ 6 ਫ਼ੀਸਦੀ ਘੱਟ ਹੈ।

ਇਸ ਤੋਂ ਪਹਿਲਾਂ ਜੂਨ ਮਹੀਨੇ ਭਾਰਤ ਨੇ ਰੂਸ ਤੋਂ 21 ਲੱਖ ਬੈਰਲ ਪ੍ਰਤੀ ਦਿਨ ਦੇ ਹਿਸਾਬ ਨਾਲ ਕੱਚਾ ਤੇਲ ਖਰੀਦਿਆ ਸੀ। ਪਰ ਇਸ ਤੋਂ ਬਾਅਦ ਅਮਰੀਕਾ ਨੇ ਭਾਰਤ 'ਤੇ 50 ਫ਼ੀਸਦੀ ਟੈਰਿਫ਼ ਲਗਾਉਣ ਦਾ ਐਲਾਨ ਕਰ ਦਿੱਤਾ, ਜਿਸ ਕਾਰਨ ਰੂਸ ਤੋਂ ਤੇਲ ਦੀ ਆਯਾਤ 'ਚ ਕੁਝ ਹੱਦ ਤੱਕ ਕਮੀ ਆਈ ਹੈ। ਹਾਲਾਂਕਿ ਸਤੰਬਰ ਮਹੀਨੇ ਭਾਰਤ ਨੇ ਕੁੱਲ 48 ਮਿਲੀਅਨ ਬੈਰਲ ਤੇਲ ਖਰੀਦਿਆ, ਜੋ ਕਿ ਅਗਸਤ ਮਹੀਨੇ ਤੋਂ 6 ਫ਼ੀਸਦੀ ਵੱਧ ਹੈ।

# ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕਰਨਗੇ ਜਥੇਦਾਰ ਗੜਗੱਜ



**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਜਲਦ ਹੀ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕਰਨਗੇ। ਇਸ ਮੁਲਾਕਾਤ ਸਬੰਧੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਜੇਲ੍ਹ ਅਧਿਕਾਰੀਆਂ ਨਾਲ ਲਿਖਾ-ਪੜ੍ਹੀ ਕਰਨ ਲਈ ਪੱਤਰ ਭੇਜ ਦਿੱਤਾ ਗਿਆ ਹੈ।

ਸਕੱਤਰੇਤ ਦਫ਼ਤਰ ਤੋਂ ਜਾਰੀ ਬਿਆਨ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਜੇਲ੍ਹ ਵਿਚ ਨਜ਼ਰਬੰਦ ਹਨ ਅਤੇ ਲੰਮੇ ਸਮੇਂ ਤੋਂ ਫਾਂਸੀ ਚੱਕੀ ਵਿਚ ਕੈਦ ਹਨ, ਜੋ ਕਿ ਮਨੁੱਖੀ ਅਧਿਕਾਰਾਂ ਦਾ ਵੱਡਾ ਘਾਣ ਹੈ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਦੇ ਮਾਮਲੇ ਵਿਚ ਕੇਂਦਰ ਸਰਕਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਮੌਕੇ ਸਾਲ 2019 ਵਿਚ ਜਾਰੀ ਕੀਤੀ ਆਪਣੀ ਨੋਟੀਫਿਕੇਸ਼ਨ ਜਲਦ ਹੀ ਲਾਗੂ ਕਰਕੇ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿਉਂਕਿ ਭਾਈ ਰਾਜੋਆਣਾ ਉਮਰ ਕੈਦ ਨਾਲੋਂ ਦੁੱਗਣੇ ਸਮੇਂ ਤੋਂ ਜੇਲ੍ਹ ਵਿਚ ਨਜ਼ਰਬੰਦ ਹਨ, ਇਸ ਲਈ ਸਰਕਾਰ ਉਨ੍ਹਾਂ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਰਿਹਾਅ ਕਰੇ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਰਕਾਰ ਉਨ੍ਹਾਂ ਬੰਦੀ ਸਿੰਘਾਂ ਨੂੰ ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਤੋਂ ਵੱਧ ਕੈਦ ਕੱਟ ਲਈ ਹੈ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਮੱਦੇਨਜ਼ਰ ਜਲਦ ਹੀ ਰਿਹਾਅ ਕਰਨਾ ਚਾਹੀਦਾ ਹੈ। ਉਨ੍ਹਾਂ ਕੇਂਦਰ ਅਤੇ ਸੂਬਾ ਸਰਕਾਰ ਨੂੰ ਬੰਦੀ ਸਿੰਘ ਭਾਈ ਜਗਤਾਰ ਸਿੰਘ ਹਵਾਰਾ ਨੂੰ ਆਪਣੀ ਬਜ਼ੁਰਗ ਮਾਤਾ ਬੀਬੀ ਨਰਿੰਦਰ ਕੌਰ ਜੀ ਨਾਲ ਮੁਲਾਕਾਤ ਕਰਨ ਲਈ ਨਿਆਂਪੂਰਣ ਅਤੇ ਮਨੁੱਖੀ ਅਧਿਕਾਰਾਂ ਵਾਲੀ ਪਹੁੰਚ ਅਪਣਾ ਕੇ ਵਕਤੀ ਜ਼ਮਾਨਤ ਦੇਣ ਲਈ ਵੀ ਆਖਿਆ।




# ਕਾਲਾ ਦਿਵਸ: ਪ੍ਰਧਾਨ ਝੀਂਡਾ ਗੁਰੂ ਕੀ ਗੋਲਕ ਅਤੇ ਮੁਲਾਜ਼ਮਾਂ ਦੀ ਦੁਰਵਰਤੋਂ ਦੀ ਜਾਂਚ 'ਚ ਦੋਸ਼ੀ: ਸਬ ਕਮੇਟੀ

**ਗੂਹਲਾ ਚੀਕਾ, (ਪੰਜਾਬ ਮੇਲ)-** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਵੱਲੋਂ ਕਮੇਟੀ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ 26 ਜੂਨ 2025 ਨੂੰ ਐਮਰਜੈਂਸੀ ਦੇ ਖ਼ਿਲਾਫ਼ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਕਾਲਾ ਦਿਵਸ ਨਿੱਜੀ ਤੌਰ 'ਤੇ ਮਨਾਇਆ ਗਿਆ। ਜਿਸ ਨੂੰ ਮਨਾਉਣ ਤੋਂ ਬਾਅਦ ਪ੍ਰਧਾਨ ਝੀਂਡਾ ਨੇ ਮੀਡੀਆ ਵਿਚ ਸੰਬੋਧਨ ਕੀਤਾ ਸੀ ਕਿ ਕਾਲਾ ਦਿਵਸ ਸਮਾਗਮ ਵਿਚ ਗੁਰੂ ਕੀ ਗੋਲਕ ਦਾ ਇੱਕ ਰੁਪਈਆ ਵੀ ਖਰਚ ਨਹੀਂ ਕੀਤਾ ਅਤੇ ਨਾ ਹੀ ਹਰਿਆਣਾ ਕਮੇਟੀ ਦੇ ਮੁਲਾਜ਼ਮਾਂ ਗੱਡੀਆਂ ਕਾਰਾਂ ਦੀ ਵਰਤੋਂ ਕੀਤੀ ਗਈ ਹੈ। ਪ੍ਰਧਾਨ ਝੀਂਡਾ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕਿਹਾ ਸੀ ਕਿ ਕਾਲਾ ਦਿਵਸ ਸਮਾਗਮ ਉੱਤੇ ਹੋਇਆ



ਖਰਚ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਤੋਂ ਨਿੱਜੀ ਤੌਰ 'ਤੇ ਇਕੱਤਰ ਕੀਤਾ ਗਿਆ ਸੀ।

ਇਸ ਸਬੰਧੀ ਹਰਿਆਣਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਸਰ ਵੱਲੋਂ ਸਮਾਗਮ ਖਰਚ ਦੀ ਪੜਤਾਲ ਲਈ ਪੰਜ ਮੈਂਬਰੀ ਸਬ ਕਮੇਟੀ ਦਾ ਗਠਨ ਕੀਤਾ ਗਿਆ ਸੀ। ਜੂਨੀਅਰ ਮੀਤ ਪ੍ਰਧਾਨ ਗੁਰਵੀਰ ਸਿੰਘ ਤਲਾਕੌਰ ਦੀ ਅਗਵਾਈ ਵਿਚ ਬਣਾਈ ਗਈ ਇਸ ਕਮੇਟੀ ਵਿਚ ਸੀਨੀਅਰ ਮੈਂਬਰ ਜੋਗਾ ਸਿੰਘ ਯਮੁਨਾਨਗਰ ਮੈਂਬਰ, ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ, ਬਲਵਿੰਦਰ ਸਿੰਘ ਭਿੰਡਰ ਮੀਤ ਸਕੱਤਰ, ਗੁਰਤੇਜ ਸਿੰਘ ਅੰਬਾਲਾ ਮੈਂਬਰ ਸ਼ਾਮਲ ਸਨ।

ਸਬ ਕਮੇਟੀ ਦੇ ਮੁਖੀ ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ ਨੇ ਪੂਰੀ ਗੰਭੀਰਤਾ ਨਾਲ ਕੀਤੀ ਗਈ ਜਾਂਚ ਪੜਤਾਲ ਦੀ ਰਿਪੋਰਟ ਸਬੂਤਾਂ ਸਮੇਤ ਹਰਿਆਣਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਸਰ ਨੂੰ ਸੌਂਪ ਦਿੱਤੀ ਹੈ। ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕੇ ਸਬ ਕਮੇਟੀ ਵੱਲੋਂ ਜਾਂਚ ਪੜਤਾਲ ਦੀ ਪੇਸ਼ ਕੀਤੀ ਰਿਪੋਰਟ ਵਿਚ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਦੋਸ਼ੀ ਪਾਇਆ ਗਿਆ ਹੈ।

ਸਬ ਕਮੇਟੀ ਨੇ ਪੂਰੇ ਸਬੂਤਾਂ ਸਮੇਤ ਰਿਪੋਰਟ ਵਿਚ ਜਾਣਕਾਰੀ ਦਿੱਤੀ ਹੈ ਕਿ ਪ੍ਰਧਾਨ ਝੀਂਡਾ ਨੇ ਕਿਵੇਂ ਗੁਰੂ ਕੀ ਗੋਲਕ, ਗੱਡੀਆਂ ਅਤੇ ਮੁਲਾਜ਼ਮਾਂ ਦੀ ਦੁਰਵਰਤੋਂ ਕੀਤੀ ਹੈ। ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਕੋਲੋਂ ਬੇਹਿਸਾਬ ਪੈਸਾ ਇਕੱਤਰ ਕੀਤਾ ਹੈ। ਰਾਮਸਰ ਨੇ ਦੱਸਿਆ ਕਿ ਕਾਲਾ ਦਿਵਸ 'ਤੇ ਆਏ 766220 ਰੁਪਏ ਦੇ ਖਰਚ ਬਾਰੇ ਪ੍ਰਧਾਨ ਝੀਂਡਾ ਨੇ ਖੁਦ ਮੀਡੀਆ ਵਿਚ ਮੰਨਿਆ ਹੈ, ਬਾਕੀ ਇਕੱਤਰ ਕੀਤੇ ਗਏ ਪੈਸੇ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ, ਜੋ ਸਿੱਧਾ-ਸਿੱਧਾ ਪ੍ਰਧਾਨਗੀ ਦੇ ਅਹੁਦੇ ਦੀ ਦੁਰਵਰਤੋਂ ਅਤੇ ਭ੍ਰਿਸ਼ਟਾਚਾਰ ਹੈ।

ਸਬ ਕਮੇਟੀ ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਹੈ ਕਿ ਗੁਰੂ ਕੀ ਗੋਲਕ, ਗੱਡੀਆਂ ਮੁਲਾਜ਼ਮਾਂ ਪੈਸੇ ਦੀ ਦੁਰਵਰਤੋਂ ਕਰਨ ਸਬੰਧੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਦੋਸ਼ੀ ਪਾਇਆ ਜਾਂਦਾ ਹੈ।

# ਟਰੰਪ ਵੱਲੋਂ ਦਰਮਿਆਨੇ ਤੇ ਭਾਰੀ ਟਰੱਕਾਂ 'ਤੇ 25% ਟੈਰਿਫ ਲਗਾਉਣ ਦਾ ਐਲਾਨ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਅਮਰੀਕਾ ਸਾਰੇ ਦਰਮਿਆਨੇ ਅਤੇ ਭਾਰੀ ਟਰੱਕਾਂ 'ਤੇ 25% ਟੈਰਿਫ ਲਗਾਏਗਾ।

ਟਰੰਪ ਨੇ 'ਟਰੂਥ ਸੋਸ਼ਲ' 'ਤੇ ਲਿਖਿਆ, "1 ਨਵੰਬਰ, 2025 ਤੋਂ ਦੂਜੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਸਾਰੇ ਦਰਮਿਆਨੇ ਅਤੇ ਭਾਰੀ ਟਰੱਕਾਂ 'ਤੇ 25% ਟੈਰਿਫ ਲੱਗੇਗਾ।" "ਇਸ ਮਾਮਲੇ ਵੱਲ ਧਿਆਨ ਦੇਣ ਲਈ ਤੁਹਾਡਾ ਧੰਨਵਾਦ।" ਅਮਰੀਕੀ ਰਾਸ਼ਟਰਪਤੀ ਨੇ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ 1 ਅਕਤੂਬਰ, 2025 ਤੋਂ ਭਾਰੀ ਟਰੱਕਾਂ ਦੇ ਆਯਾਤ 'ਤੇ ਨਵੇਂ ਟੈਰਿਫ ਲਾਗੂ ਹੋਣਗੇ।

ਇਹ ਕਦਮ ਅਮਰੀਕੀ ਟਰੱਕ ਨਿਰਮਾਤਾਵਾਂ ਨੂੰ ਇੱਕ ਮੁਕਾਬਲੇਬਾਜ਼ੀ ਵਾਲਾ ਫਾਇਦਾ ਦੇ ਸਕਦਾ ਹੈ, ਕਿਉਂਕਿ ਆਯਾਤ ਕੀਤੇ ਟਰੱਕਾਂ ਦੀਆਂ ਕੀਮਤਾਂ ਵਧਣਗੀਆਂ। ਹਾਲਾਂਕਿ, ਇਸ ਫੈਸਲੇ ਦਾ ਵਾਹਨ ਨਿਰਮਾਤਾਵਾਂ, ਸਪਲਾਈ ਚੇਨਾਂ ਅਤੇ ਸੰਬੰਧਿਤ ਉਦਯੋਗਾਂ 'ਤੇ ਵੀ ਪ੍ਰਭਾਵ ਪਵੇਗਾ, ਜੋ ਪਹਿਲਾਂ ਹੀ ਉੱਚ ਉਤਪਾਦਨ ਲਾਗਤਾਂ ਅਤੇ ਮੰਗ ਵਿਚ ਗਿਰਾਵਟ ਨਾਲ ਜੂਝ ਰਹੇ ਹਨ। ਇਹ ਕਦਮ ਕੈਨੇਡਾ ਅਤੇ ਮੈਕਸੀਕੋ ਵਰਗੇ ਪ੍ਰਮੁੱਖ ਅਮਰੀਕੀ ਵਪਾਰਕ ਭਾਈਵਾਲਾਂ ਨਾਲ ਵਪਾਰਕ ਸਬੰਧਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕੈਨੇਡਾ, ਜੋ ਕਿ ਅਮਰੀਕੀ ਟਰੱਕਾਂ ਦਾ ਇੱਕ ਵੱਡਾ ਸਪਲਾਇਰ ਹੈ, ਪਹਿਲਾਂ ਹੀ ਇਨ੍ਹਾਂ ਟੈਰਿਫਾਂ ਦੇ ਵਿਰੁੱਧ ਪ੍ਰਤੀਕਿਰਿਆ ਦੇ ਚੁੱਕਾ ਹੈ।

# ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਅਨੰਦਪੁਰ ਸਾਹਿਬ 'ਚ ਹੋਵੇਗਾ ਵਿਧਾਨ ਸਭਾ ਦਾ ਇਜਲਾਸ

**ਚੰਡੀਗੜ੍ਹ, (ਪੰਜਾਬ ਮੇਲ)-** ਸ੍ਰੀ ਗੁਰੂ ਤੇਗ਼ ਬਹਾਦਰ ਦੇ ਸ਼ਹੀਦੀ ਦਿਹਾੜੇ ਦੇ 350 ਸਾਲਾ ਸਮਾਗਮਾਂ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ 24 ਨਵੰਬਰ ਨੂੰ ਚੰਡੀਗੜ੍ਹ ਤੋਂ ਬਾਹਰ ਸੱਦਿਆ ਜਾ ਰਿਹਾ ਹੈ। ਗੁਰੂ ਤੇਗ਼ ਬਹਾਦਰ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮੁੱਖ ਸਮਾਗਮ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੋ ਰਹੇ ਹਨ ਅਤੇ 24 ਨਵੰਬਰ ਨੂੰ ਗੁਰੂ ਤੇਗ਼ ਬਹਾਦਰ ਦਾ ਸ਼ਹੀਦੀ ਦਿਹਾੜਾ ਹੈ। ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਵਿਧਾਨ ਸਭਾ ਦਾ ਇਜਲਾਸ ਰਾਜਧਾਨੀ ਤੋਂ ਬਾਹਰ ਸ੍ਰੀ ਅਨੰਦਪੁਰ ਸਾਹਿਬ ਵਿਚ ਕੀਤੇ ਜਾਣ ਦਾ ਪ੍ਰਸਤਾਵ ਹੈ। ਪੰਜਾਬ ਸਰਕਾਰ ਨੇ ਇਕ ਦਿਨਾ ਇਸ ਵਿਸ਼ੇਸ਼ ਇਜਲਾਸ ਦੀ ਤਿਆਰੀ

**■ ਗੁਰੂ ਤੇਗ਼ ਬਹਾਦਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਜਲਾਸ 24 ਨਵੰਬਰ ਨੂੰ**

ਆਰੰਭ ਦਿੱਤੀ ਹੈ ਅਤੇ ਇਜਲਾਸ ਦੀ ਸਰਕਾਰੀ ਤਜਵੀਜ਼ 'ਤੇ ਮੰਥਨ ਵਾਸਤੇ ਮੀਟਿੰਗਾਂ ਦਾ ਦੌਰ ਵੀ ਚੱਲ ਰਿਹਾ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਭਾਰਤੀ ਸੰਵਿਧਾਨ ਮੁਤਾਬਕ ਵਿਧਾਨ ਸਭਾ ਦਾ ਇਜਲਾਸ ਕਿਧਰੇ ਵੀ ਹੋ ਸਕਦਾ ਹੈ ਅਤੇ ਰਾਜਪਾਲ ਦੀ ਮਨਜ਼ੂਰੀ ਨਾਲ ਪੰਜਾਬ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਇਹ ਇਜਲਾਸ ਸੱਦਣ ਦੀ ਤਿਆਰੀ ਵਿਚ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸਾਬਕਾ ਅਕਾਲੀ ਮੰਤਰੀ ਮਜੀਠੀਆ ਦੀ ਨਿਆਂਇਕ ਹਿਰਾਸਤ 'ਚ ਵਾਧਾ



**ਮੋਹਾਲੀ, (ਪੰਜਾਬ ਮੇਲ)-** ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਨਾਭਾ ਦੀ ਨਿਊ ਜੇਲ੍ਹ ਵਿਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਨਿਆਇਕ ਹਿਰਾਸਤ ਵਿਚ ਮੋਹਾਲੀ ਦੀ ਅਦਾਲਤ ਨੇ 14 ਦਿਨਾਂ ਦਾ ਵਾਧਾ ਕਰ ਦਿੱਤਾ ਹੈ। ਮਜੀਠੀਆ ਨੇ ਇਥੋਂ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਇਸ ਮੌਕੇ ਸਰਕਾਰੀ ਅਤੇ ਬਚਾਅ ਪੱਖ ਦੇ ਵਕੀਲ ਵੀ ਮੌਜੂਦ ਸਨ। ਮਜੀਠੀਆ ਦੀ ਅਗਲੀ ਪੇਸ਼ੀ 18 ਅਕਤੂਬਰ ਨੂੰ ਹੋਵੇਗੀ। ਵਿਜੀਲੈਂਸ ਵਿਭਾਗ ਪੰਜਾਬ ਵੱਲੋਂ 25 ਜੂਨ ਨੂੰ ਬਿਕਰਮ ਮਜੀਠੀਆ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਕੇ ਮੋਹਾਲੀ ਲਿਆਂਦਾ ਗਿਆ ਸੀ।







# ‘ਸਲਮਾਨ ਖਾਨ ਨੂੰ ਯੂ.ਕੇ. ਸੱਦ ਕੇ ਮਾਰਨਾ ਚਾਹੁੰਦਾ ਸੀ ਲਾਰੈਂਸ’

**ਲੰਡਨ, (ਪੰਜਾਬ ਮੇਲ)**-ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੂੰ ਮਿਲ ਰਹੀਆਂ ਧਮਕੀਆਂ ਦੇ ਵਿਚਕਾਰ ਇਕ ਨਵਾਂ ਖੁਲਾਸਾ ਹੋਇਆ ਹੈ। ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਖੁਲਾਸਾ ਕੀਤਾ ਹੈ ਕਿ ਗੈਂਗਸਟਰ ਲਾਰੈਂਸ ਨੇ ਸਲਮਾਨ ਖਾਨ ਨੂੰ ਯੂ.ਕੇ. ਵਿਚ ਸੱਦ ਕੇ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ ਸੀ। ਇਸ ਲਈ, ਉਸਨੇ ਭੱਟੀ ਦੀ ਮਦਦ ਨਾਲ ਉੱਥੇ ਸ਼ੋਅ ਬੁੱਕ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਅਤੇ ਸਲਮਾਨ ਦੇ ਬਾਡੀਗਾਰਡ ਸ਼ੇਰਾ ਨਾਲ ਵੀ ਗੱਲ ਕੀਤੀ। ਹਾਲਾਂਕਿ, ਲਾਰੈਂਸ ਨੇ ਅਚਾਨਕ ਆਪਣੀ ਯੋਜਨਾ ਬਦਲ ਦਿੱਤੀ ਅਤੇ ਆਪਣੀ ਸਾਜ਼ਿਸ਼ ਨੂੰ ਕਤਲ ਕਰਨ ਦੀ ਬਜਾਏ ਸਿਰਫ਼ ਉਸਨੂੰ ਧਮਕੀ ਦੇਣ ਤੱਕ ਸੀਮਤ ਕਰ ਦਿੱਤਾ।



ਸ਼ਹਿਜ਼ਾਦ ਭੱਟੀ ਨੇ ਇਹ ਵੀ ਖੁਲਾਸਾ ਕੀਤਾ ਕਿ ਲਾਰੈਂਸ ਦਾ ਇਰਾਦਾ ਸਲਮਾਨ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸੀ, ਸਗੋਂ ਉਸ ਦੇ ਨਾਂ ’ਤੇ ਮੀਡੀਆ ਦਾ ਧਿਆਨ ਅਤੇ ਪ੍ਰਸਿੱਧੀ ਹਾਸਲ ਕਰਨਾ ਸੀ। ਡੌਨ ਸ਼ਹਿਜ਼ਾਦ ਭੱਟੀ ਨੇ ਕਿਹਾ ਕਿ ਉਸ ਕੋਲ ਇਸ ਪੂਰੇ ਘਟਨਾਕ੍ਰਮ ਦੇ ਵੁਆਇਸ ਮੈਸੇਜ ਵੀ ਹਨ।

ਪੂਰੀ ਯੋਜਨਾ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ ਲਾਰੈਂਸ ਨੇ ਕਿਹਾ ਕਿ ਕਤਲ ਨਾਲ ਮੀਡੀਆ ਦਾ ਧਿਆਨ ਉਸ ’ਤੇ ਆ ਜਾਵੇਗਾ, ਜੋ ਕਿ ਉਸ ਦੀ ਰਣਨੀਤੀ ਦੇ ਖਿਲਾਫ ਹੋਵੇਗਾ। ਲਾਰੈਂਸ ਨੇ ਕਿਹਾ ਕਿ ਸਲਮਾਨ ਖਾਨ ਦਾ ਕਤਲ ਨਹੀਂ ਕਰਨਾ ਹੈ, ਸਗੋਂ ਧਮਕੀ ਦੇਣੀ ਹੈ। ਭੱਟੀ ਨੇ ਬਾਅਦ ਵਿਚ ਆਪਣੇ ਬੰਦਿਆਂ ਨੂੰ ਕਤਲ ਦੀ ਯੋਜਨਾ ਨੂੰ ਅੰਜ਼ਾਮ ਦੇਣ ਤੋਂ ਰੋਕ ਦਿੱਤਾ। ਭੱਟੀ ਨੇ ਇਹ ਨਹੀਂ ਦੱਸਿਆ ਕਿ ਇਸ ਘਟਨਾ ਨੂੰ ਅੰਜ਼ਾਮ ਦੇਣ ਦੀ ਇਹ ਸਾਰੀ ਯੋਜਨਾ ਕਿਹੜੇ ਸਾਲ ਬਣਾਈ ਗਈ ਸੀ। ਇਹ ਖੁਲਾਸਾ ਇਹ ਸਪੱਸ਼ਟ ਕਰਦਾ ਹੈ ਕਿ ਸਲਮਾਨ ਖਾਨ ’ਤੇ ਹਮਲੇ ਦੀਆਂ ਰਿਪੋਰਟਾਂ ਸਿਰਫ਼ ਮੀਡੀਆ ਪ੍ਰਚਾਰ ਅਤੇ ਗੈਂਗਸਟਰ ਦੀ ਪ੍ਰਸਿੱਧੀ ਦੀ ਇੱਛਾ ਤੋਂ ਪ੍ਰੇਰਿਤ ਸਨ; ਅਸਲ ਖਤਰਾ ਇੰਨਾ ਗੰਭੀਰ ਨਹੀਂ ਸੀ।

ਸ਼ਹਿਜ਼ਾਦ ਭੱਟੀ ਨੇ ਦੱਸਿਆ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਵੀ ਇਸੇ ਤਰ੍ਹਾਂ ਸਿਰਫ਼ ਪ੍ਰਸਿੱਧੀ ਲਈ ਕੀਤਾ ਗਿਆ ਸੀ। ਲਾਰੈਂਸ ਅਤੇ ਉਸਦੇ ਸਾਥੀ ਗੋਲਡੀ ਬਰਾੜ ਨੇ ਤੁਰੰਤ ਇਸ ਅਪਰਾਧ ਦੀ ਜ਼ਿੰਮੇਵਾਰੀ ਲਈ, ਪਰ ਉਨ੍ਹਾਂ ਦਾ ਅਸਲ ਉਦੇਸ਼ ਪ੍ਰਸਿੱਧੀ ਪ੍ਰਾਪਤ ਕਰਨਾ ਸੀ। ਲਾਰੈਂਸ ਨੇ ਜੇਲ੍ਹ ਤੋਂ ਇਕ ਇੰਟਰਵਿਊ ਵਿਚ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਕਬੂਲ ਕੀਤੀ, ਆਪਣੇ ਆਪ ਨੂੰ ਮਾਸਟਰਮਾਈਂਡ ਹੋਣ ਦਾ ਦਾਅਵਾ ਕੀਤਾ। ਹੁਣ, ਲਾਰੈਂਸ ਅਤੇ ਗੋਲਡੀ ਬਰਾੜ ਦੇ ਰਿਸ਼ਤੇ ਤਣਾਅਪੂਰਨ ਹੋ ਗਏ ਹਨ।

ਬਾਲੀਵੁੱਡ ਅਦਾਕਾਰ ਸਲਮਾਨ ਖਾਨ 1998 ਵਿਚ ਕਾਲੇ ਹਿਰਨ ਦੇ ਸ਼ਿਕਾਰ ਵਿਚ ਕਥਿਤ ਭੂਮਿਕਾ ਦੇ ਬਾਅਦ ਤੋਂ ਲਾਰੈਂਸ ਦੇ ਨਿਸ਼ਾਨੇ ’ਤੇ ਹਨ। ਬਿਸ਼ਨੋਈ ਭਾਈਚਾਰਾ ਕਾਲੇ ਹਿਰਨ ਨੂੰ ਪਵਿੱਤਰ ਮੰਨਦਾ ਹੈ ਅਤੇ ਪੂਜਦਾ ਹੈ। ਇਸ ਦੋਸ਼ ਦੇ ਚੱਲਦਿਆਂ ਸਲਮਾਨ ਵਿਰੁੱਧ ਕੇਸ ਵੀ ਦਾਇਰ ਕੀਤਾ ਗਿਆ। ਅਪ੍ਰੈਲ 2018 ਵਿਚ, ਜੋਧਪੁਰ ਸੀ.ਜੇ.ਐੱਮ. ਅਦਾਲਤ ਨੇ ਸਲਮਾਨ ਨੂੰ 5 ਸਾਲ ਦੀ ਸਜ਼ਾ ਸੁਣਾਈ ਸੀ। ਹਾਲਾਂਕਿ ਉਹ ਜ਼ਮਾਨਤ ’ਤੇ ਰਿਹਾਅ ਹੋ ਗਏ। ਇਹ ਮਾਮਲਾ ਹੁਣ ਰਾਜਸਥਾਨ ਹਾਈ ਕੋਰਟ ਵਿਚ ਵਿਚਾਰ ਅਧੀਨ ਹੈ।

# ਸਰੀ ਵਿਖੇ ਸ਼ਾਇਰ ਗੁਰਭਜਨ ਗਿੱਲ ਦਾ ਨਵ ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ ‘ਜ਼ੇਵਰ’ ਰਿਲੀਜ਼

**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਬੀਤੇ ਦਿਨੀਂ ਗੁਲਾਟੀ ਪਬਲਿਸ਼ਰਜ਼ ਸਰੀ ਵਿਖੇ ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਮੰਚ ਸਰੀ ਦੇ ਲੇਖਕਾਂ ਵੱਲੋਂ ਪੰਜਾਬੀ ਦੇ ਨਾਮਵਰ ਸ਼ਾਇਰ ਗੁਰਭਜਨ ਗਿੱਲ ਦਾ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ ‘ਜ਼ੇਵਰ’ ਰਿਲੀਜ਼ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਵਿਸ਼ੇਸ਼ ਤੌਰ ’ਤੇ ਇਹ ਪੁਸਤਕ ਲੈ ਕੇ ਸਰੀ ਵਿਖੇ ਆਏ ਸਨ।



ਇਸ ਗ਼ਜ਼ਲ ਸੰਗ੍ਰਹਿ ਦਾ ਸਵਾਗਤ ਕਰਦਿਆਂ ਦਰਸ਼ਨ ਬੁੱਟਰ ਨੇ ਕਿਹਾ ਕਿ ਗੁਰਭਜਨ ਗਿੱਲ ਸੰਵੇਦਨਸ਼ੀਲ ਸ਼ਾਇਰ ਹੈ। ਉਸ ਦੇ ਅਨੇਕ ਸ਼ੇਅਰ ਅਤੇ ਕਾਵਿ ਟੁਕੜੀਆਂ ਸਮਾਜ ਦੇ ਹਰ ਵਰਗ ਦੇ ਪਾਠਕਾਂ ਦੀ ਜ਼ੁਬਾਨ ’ਤੇ ਚੜ੍ਹੀਆਂ ਹੋਈਆਂ ਹਨ। ਇਸ ਲਈ ਸ਼ਾਇਰ ਗੁਰਭਜਨ ਗਿੱਲ ਨੂੰ ਲੋਕ ਕਵੀ ਹੋਣ ਦਾ ਦਰਜਾ ਹਾਸਲ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਕਵੀ ਦੇ ਸਨਮਾਨ ਨਾਲ ਨਿਵਾਜਿਆ ਹੈ। ਇਸ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ’ਚ ਉਸ ਨੇ ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਤਲਾਸ਼ਦਿਆਂ ਆਧੁਨਿਕ ਮਨੁੱਖ ਨੂੰ ਦਰਪੇਸ਼ ਤ੍ਰਾਸਦੀਆਂ ਦੀ ਨਿਸ਼ਾਨਦੇਹੀ ਕੀਤੀ ਹੈ।

ਸ਼ਾਇਰ ਜਸਵਿੰਦਰ ਨੇ ਕਿਹਾ ਕਿ ਜ਼ੇਵਰ ਦੀ ਵਿੱਲਖਣ ਕਾਵਿ ਭਾਸ਼ਾ ਪੰਜਾਬੀ ਪਾਠਕ ਦੇ ਮਨ ਵਿਚ ਸਹਿਜੇ ਹੀ ਉਤਰਨ ਦੀ ਸਮਰੱਥਾ ਰੱਖਦੀ ਹੈ। ਪੰਜਾਬੀ ਰਹਿਤਲ ਵਿਚੋਂ ਲਏ ਬਿੰਬਾਂ, ਪ੍ਰਤੀਕਾਂ ਦੀ ਆਪਣੇ ਸ਼ੇਅਰਾਂ ਵਿਚ ਸੁਯੋਗ ਵਰਤੋਂ ਕਰਨੀ ਸ਼ਾਇਰ ਗੁਰਭਜਨ ਗਿੱਲ ਦੀ ਵਿਸ਼ੇਸ਼ਤਾ ਹੈ। ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਹਰਦਮ ਮਾਨ, ਸਤੀਸ਼ ਗੁਲਾਟੀ ਅਤੇ ਅੰਗਰੇਜ਼ ਬਰਾੜ ਹੋਰਾਂ ਨੇ ਇਹ ਖੂਬਸੂਰਤ ਪੁਸਤਕ ਰਿਲੀਜ਼ ਹੋਣ ’ਤੇ ਸ਼ਾਇਰ ਗੁਰਭਜਨ ਗਿੱਲ ਨੂੰ ਮੁਬਾਰਕਬਾਦ ਦਿੱਤੀ।

# ਏਅਰ ਇੰਡੀਆ ਐਕਸਪ੍ਰੈੱਸ ਵੱਲੋਂ 7 ਨਵੇਂ ਰੂਟਾਂ ਲਈ ਉਡਾਣਾਂ ਦੀ ਜਲਦ ਸ਼ੁਰੂਆਤ ਕਰਨ ਦਾ ਐਲਾਨ

**ਨਵੀਂ ਦਿੱਲੀ, (ਪੰਜਾਬ ਮੇਲ)**- ਯਾਤਰੀਆਂ ਨੂੰ ਵਧੇਰੇ ਵਿਕਲਪ ਪੇਸ਼ ਕਰਦਿਆਂ ਏਅਰ ਇੰਡੀਆ ਐਕਸਪ੍ਰੈੱਸ ਨੇ ਅਕਤੂਬਰ ਦੇ ਅਖੀਰ ਤੋਂ ਦਿੱਲੀ ਅਤੇ ਅੰਮ੍ਰਿਤਸਰ ਸਮੇਤ ਸੱਤ ਨਵੇਂ ਰੂਟਾਂ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇੱਕ ਏਅਰਲਾਈਨ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਸਾਂਝੀ ਕੀਤੀ।



ਨਵੀਆਂ ਸੇਵਾਵਾਂ ਰਾਜਧਾਨੀ ਨੂੰ 26 ਅਕਤੂਬਰ ਤੋਂ ਗੋਆ (ਡਾਬੋਲਿਮ), ਇੰਫਾਲ, ਲਖਨਊ ਅਤੇ ਸ਼੍ਰੀ ਵਿਜੇ ਪੁਰਮ (ਪੋਰਟ ਬਲੇਅਰ) ਨਾਲ ਜੋੜਨਗੀਆਂ, ਜਿਸ ਤੋਂ ਬਾਅਦ 28 ਅਕਤੂਬਰ ਤੋਂ ਅੰਮ੍ਰਿਤਸਰ ਅਤੇ 1 ਨਵੰਬਰ ਤੋਂ ਜੋਧਪੁਰ ਅਤੇ ਉਦੈਪੁਰ ਨਾਲ ਜੋੜਿਆ ਜਾਵੇਗਾ।

ਏਅਰਲਾਈਨ ਨੇ ਕਿਹਾ ਕਿ ਇਹ ਨਵੇਂ ਰੂਟ ਦੇਸ਼ ਭਰ ਦੇ ਸੱਭਿਆਚਾਰਕ ਅਤੇ ਆਰਥਿਕ ਤੌਰ ’ਤੇ ਮਹੱਤਵਪੂਰਨ ਸ਼ਹਿਰਾਂ ਅਤੇ ਦਿੱਲੀ ਵਿਚਕਾਰ ਸੰਪਰਕ ਨੂੰ ਮਹੱਤਵਪੂਰਨ ਤੌਰ ’ਤੇ ਵਧਾਉਣਗੇ।

26 ਅਕਤੂਬਰ ਤੋਂ ਪ੍ਰਭਾਵੀ ਨਵੇਂ ਸਮਾਂ-ਸੂਚੀ ਤਹਿਤ ਏਅਰ ਇੰਡੀਆ ਐਕਸਪ੍ਰੈਸ ਦਿੱਲੀ ਅਤੇ ਗੋਆ ਵਿਚਕਾਰ ਤਿੰਨ ਰੋਜ਼ਾਨਾ ਉਡਾਣਾਂ, ਇੰਫਾਲ ਅਤੇ ਪੋਰਟ ਬਲੇਅਰ ਲਈ ਰੋਜ਼ਾਨਾ ਉਡਾਣਾਂ ਅਤੇ ਲਖਨਊ ਅਤੇ ਸ਼੍ਰੀ ਵਿਜੇ ਪੁਰਮ ਲਈ ਵਾਧੂ ਸੇਵਾਵਾਂ ਦਾ ਸੰਚਾਲਨ ਕਰੇਗੀ। ਦਿੱਲੀ-ਅੰਮ੍ਰਿਤਸਰ ਰੂਟ 28 ਅਕਤੂਬਰ ਨੂੰ ਹਫ਼ਤੇ ਵਿਚ ਤਿੰਨ ਵਾਰ ਦੀਆਂ ਸੇਵਾਵਾਂ ਨਾਲ ਸ਼ੁਰੂ ਹੋਵੇਗਾ, ਜਦੋਂਕਿ ਜੋਧਪੁਰ ਅਤੇ ਉਦੈਪੁਰ ਲਈ ਰੋਜ਼ਾਨਾ ਉਡਾਣਾਂ 1 ਨਵੰਬਰ ਤੋਂ ਸ਼ੁਰੂ ਹੋਣਗੀਆਂ। ਏਅਰਲਾਈਨ ਨੇ ਕਿਹਾ ਕਿ ਨਵੇਂ ਰੂਟ ਮੁੱਖ ਮਹਾਨਗਰੀ ਕੇਂਦਰਾਂ ਨੂੰ ਇਤਿਹਾਸਕ ਅਤੇ ਸੈਰ-ਸਪਾਟਾ ਨਾਲ ਭਰਪੂਰ ਸਥਾਨਾਂ ਨਾਲ ਜੋੜ ਕੇ, ਵਧੇਰੇ ਸਮਾਵੇਸ਼ੀ ਅਤੇ ਪਹੁੰਚਯੋਗ ਯਾਤਰਾ ਨੈੱਟਵਰਕ ਬਣਾਉਣ ਯਤਨ ਦਾ ਹਿੱਸਾ ਹਨ।

# ਹੁਣ ਦੌਲਤਮੰਦ ਜ਼ਿਆਦਾ ਚੜ੍ਹਦੇ ਨੇ ਭਾਰਤੀ ਸੰਸਦ ਦੇ ਉਪਰਲੇ ਸਦਨ ਦੀਆਂ ਪੌੜੀਆਂ!

**ਚੰਡੀਗੜ੍ਹ, (ਪੰਜਾਬ ਮੇਲ)**-ਭਾਰਤੀ ਸੰਸਦ ਦੇ ਉਪਰਲੇ ਸਦਨ ਦੀਆਂ ਪੌੜੀਆਂ ਹੁਣ ਦੌਲਤਮੰਦ ਜ਼ਿਆਦਾ ਚੜ੍ਹਦੇ ਹਨ। ਹਾਲਾਂਕਿ, ਲੋਕ ਸਭਾ ਵਿਚ ਜਾਣ ਵਾਲੇ ਜ਼ਿਆਦਾ ਕਰੋੜਪਤੀ ਹੀ ਹੁੰਦੇ ਹਨ ਪਰ ਜਦੋਂ ਰਾਜ ਸਭਾ ਮੈਂਬਰਾਂ ਦੀ ਵਿੱਤੀ ਪੈਂਠ ਦੇਖਦੇ ਹਾਂ, ਤਾਂ ਚਾਰੋਂ ਪਾਸੇ ਲੋਕ ਸਭਾ ਮੈਂਬਰ ਪੱਛੜ ਜਾਂਦੇ ਹਨ। ਆਮ ਆਦਮੀ ਪਾਰਟੀ ਨੇ ਵੀ ਹੁਣ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਰਾਜਿੰਦਰ ਗੁਪਤਾ ਨੂੰ ਰਾਜ ਸਭਾ ਲਈ ਉਮੀਦਵਾਰ ਐਲਾਨਿਆ ਹੈ ਅਤੇ ਰਾਜ ਸਭਾ ਦੀ ਇਹ ਸੀਟ ਉਦਯੋਗਪਤੀ ਸੰਜੀਵ ਅਰੋੜਾ ਦੇ ਅਸਤੀਫ਼ੇ ਮਗਰੋਂ ਖ਼ਾਲੀ ਹੋ ਗਈ ਸੀ।

ਰਾਜ ਸਭਾ ਵਿਚ ਸਭ ਤੋਂ ਵੱਧ ਉਪਰਲੇ ਨੌਂ ਦੌਲਤਮੰਦ ਮੈਂਬਰਾਂ ਵਿਚ ਪੰਜਾਬ ਦੇ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ 498 ਕਰੋੜ ਦੀ ਸੰਪਤੀ ਨਾਲ ਪੰਜਵੇਂ ਨੰਬਰ ’ਤੇ ਹਨ, ਜਦੋਂਕਿ ਅਸਤੀਫ਼ਾ ਦੇਣ ਵਾਲੇ ਸੰਜੀਵ ਅਰੋੜਾ 460 ਕਰੋੜ ਦੀ ਮਾਲਕੀ ਨਾਲ ਸੱਤਵੇਂ ਨੰਬਰ ’ਤੇ ਸਨ। ਭਾਰਤੀ ਸਿਆਸਤ ’ਚ ਇਹ ਰੁਝਾਨ ਜ਼ੋਰ ਫੜ ਗਿਆ ਹੈ ਕਿ ਸੰਸਦ ਦੇ ਉਪਰਲੇ ਸਦਨ ਵਿਚ ਹੁਣ ਹਰ ਸਿਆਸੀ ਪਾਰਟੀ ਵੱਲੋਂ ਦੌਲਤਮੰਦ ਹਸਤੀਆਂ ਨੂੰ ਹੀ ਭੇਜਿਆ ਜਾ ਰਿਹਾ ਹੈ। ਏ.ਡੀ.ਆਰ. ਦੇ ਮੁਲਾਂਕਣ

## ■ ਰਾਜ ਸਭਾ ’ਚ 31 ਮੈਂਬਰ ਅਰਬਪਤੀ; ਸੰਪਤੀ ਦੇ ਮਾਮਲੇ ਵਿਚ ਲੋਕ ਸਭਾ ਨੂੰ ਪਛਾੜਿਆ

ਅਨੁਸਾਰ, 200 ਕਰੋੜ ਤੋਂ ਵੱਧ ਮਾਲਕੀ ਵਾਲੇ ਰਾਜ ਸਭਾ ਵਿਚ ਇਸ ਸਮੇਂ 8.44 ਫ਼ੀਸਦੀ ਮੈਂਬਰ ਹਨ, ਜਦੋਂਕਿ ਲੋਕ ਸਭਾ ’ਚ ਇਹ ਗਿਣਤੀ 2.93 ਫ਼ੀਸਦੀ ਹੈ। 100 ਕਰੋੜ ਤੋਂ ਵੱਧ ਦੀ ਦੌਲਤ ਵਾਲੇ ਅਰਬਪਤੀ ਰਾਜ ਸਭਾ ਵਿਚ 13.77 ਫ਼ੀਸਦੀ ਹਨ, ਜਦਕਿ ਲੋਕ ਸਭਾ ਵਿਚ 5.50 ਫ਼ੀਸਦੀ ਹੀ ਹਨ। ਤਿਲੰਗਾਨਾ ਤੋਂ 53,00 ਕਰੋੜ ਦੀ ਸੰਪਤੀ ਵਾਲੇ ਬੀ ਪਾਰਥਾਸਾਰਥੀ ਨੂੰ ਰਾਜ ਸਭਾ ਭੇਜਿਆ ਹੈ, ਜੋ ਰਾਜ ਸਭਾ ਮੈਂਬਰਾਂ ’ਚੋਂ ਸਭ ਤੋਂ ਵੱਧ ਅਮੀਰ ਹੈ। ਗੁਜਰਾਤ ’ਚੋਂ ਪਿਛਲੇ ਸਾਲ ਹੀ ਡਾਇਮੰਡ ਵਪਾਰੀ ਗੋਵਿੰਦਭਾਈ ਨੂੰ ਰਾਜ ਸਭਾ ’ਚ ਭੇਜਿਆ ਗਿਆ, ਜੋ ਕਿ 279 ਕਰੋੜ ਦੇ ਮਾਲਕ ਹਨ। ਰਾਜ ਸਭਾ ਵਿਚ ਇਸ ਸਮੇਂ 199 ਮੈਂਬਰ ਕਰੋੜਪਤੀ ਹਨ, ਜਦੋਂਕਿ 31 ਮੈਂਬਰ ਅਰਬਪਤੀ ਹਨ। 400 ਕਰੋੜ ਤੋਂ ਵੱਧ ਸੰਪਤੀ ਵਾਲੇ ਨੌਂ ਰਾਜ ਸਭਾ ਮੈਂਬਰ ਹਨ ਅਤੇ 300 ਕਰੋੜ ਦੀ ਸੰਪਤੀ ਵਾਲੇ 14 ਮੈਂਬਰ ਹਨ।






# ਪ੍ਰਕਾਸ਼ ਪੁਰਬ ਮੌਕੇ ਪਹਿਲੀ ਵਾਰ ਪਾਕਿ ਆਉਣ ਵਾਲੇ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕਰਨ ਨੂੰ ਦੇਵੇਗਾ ਤਰਜੀਹ

**ਅੰਮ੍ਰਿਤਸਰ, (ਪੰਜਾਬ ਮੇਲ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਦਿੱਲੀ ਸਥਿਤ ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ ਇਸ ਵਾਰ ਜਥਿਆਂ 'ਚ ਲਗਾਤਾਰ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਦੀ ਬਜਾਏ ਪਹਿਲੀ ਵਾਰ ਉੱਥੇ ਜਾਣ ਵਾਲੇ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕਰਨ 'ਚ ਤਰਜੀਹ ਦਿੱਤੀ ਜਾਵੇਗੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਇਸ ਵਾਰ ਸਾਲ 1974 ਦੇ ਭਾਰਤ-ਪਾਕਿ ਦੁਵੱਲੇ ਯਾਤਰਾ ਸਮਝੌਤੇ ਤਹਿਤ ਦਿੱਲੀ ਸਥਿਤ ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ 3000 ਵੀਜ਼ੇ ਜਾਰੀ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਧਾਰਮਿਕ ਜਥਿਆਂ ਦੀ ਗਿਣਤੀ 'ਚ ਵਾਧਾ ਕਰਨਾ ਦੋਵਾਂ ਮੁਲਕਾਂ ਦੇ ਸੰਬੰਧਿਤ ਮੰਤਰਾਲਿਆਂ ਦੇ ਫ਼ੈਸਲੇ 'ਤੇ ਨਿਰਭਰ ਹੈ। ਉਨ੍ਹਾਂ ਨੇ ਨਾਲ ਹੀ ਇਹ ਉਮੀਦ ਵੀ ਜਤਾਈ ਕਿ ਭਾਰਤ-ਪਾਕਿ 'ਚ ਬਣੇ ਤਾਜ਼ਾ ਤਲਖ਼ੀ ਵਾਲੇ ਮਾਹੌਲ ਦੌਰਾਨ ਪ੍ਰਕਾਸ਼ ਪੁਰਬ ਮੌਕੇ ਭਾਰਤੀ ਸਿੱਖ ਜਥੇ ਦੇ ਪਾਕਿ ਆਉਣ ਨਾਲ ਦੋਵਾਂ ਮੁਲਕਾਂ ਦੇ ਸਬੰਧਾਂ 'ਚ ਸੁਧਾਰ ਹੋਵੇਗਾ। ਉਨ੍ਹਾਂ ਭਾਰਤ ਸਰਕਾਰ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਵੀ ਅਪੀਲ ਕੀਤੀ, ਤਾਂ ਜੋ ਵੱਡੀ ਗਿਣਤੀ 'ਚ ਭਾਰਤੀ ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚ ਸਕਣ। ਅਰੋੜਾ ਨੇ ਕਿਹਾ ਕਿ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਅਤੇ ਪਾਕਿ ਗੁਰਦੁਆਰਾ ਕਮੇਟੀ ਵਲੋਂ ਸਾਂਝੇ ਤੌਰ 'ਤੇ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ 'ਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ 'ਚ ਪਹੁੰਚ ਰਹੀ ਸੰਗਤ ਦੀ ਅਸਥਾਈ ਰਿਹਾਇਸ਼ ਅਤੇ ਹੋਰ ਪ੍ਰਬੰਧ ਜਲਦੀ ਮੁਕੰਮਲ ਕਰ ਲਏ ਜਾਣਗੇ। ਈ.ਟੀ.ਪੀ.ਬੀ. ਦੇ ਵਧੀਕ ਸਕੱਤਰ (ਸ਼ਰਾਈਨਜ਼) ਨਾਸਿਰ ਮੁਸ਼ਤਾਕ ਨੇ ਕਿਹਾ ਕਿ ਪ੍ਰਕਾਸ਼ ਪੁਰਬ ਸਮਾਰੋਹਾਂ ਦੌਰਾਨ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ, ਹਸਨ ਅਬਦਾਲ, ਸ੍ਰੀ ਕਰਤਾਰਪੁਰ ਸਾਹਿਬ ਆਦਿ ਵਿਖੇ ਸੁਰੱਖਿਆ, ਸਿਹਤ ਸੇਵਾਵਾਂ, ਲੰਗਰ, ਰਿਹਾਇਸ਼ ਆਦਿ ਹਰ ਤਰ੍ਹਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ।

**■ ਯਾਤਰੂਆਂ ਦੀ ਸੁਰੱਖਿਆ ਲਈ ਕੀਤੇ ਜਾਣਗੇ ਸਖ਼ਤ ਪ੍ਰਬੰਧ**

ਯਾਤਰੂਆਂ ਦੀ ਸੁਰੱਖਿਆ ਲਈ ਪਹਿਲਾਂ ਦੇ ਮੁਕਾਬਲੇ ਸੁਰੱਖਿਆ ਤੇ ਖ਼ੁਫ਼ੀਆ ਏਜੰਸੀਆਂ ਸਮੇਤ ਸਪੈਸ਼ਲ ਫੋਰਸ ਦੀਆਂ ਵਧੇਰੇ ਕੰਪਨੀਆਂ ਤਾਇਨਾਤ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੁਰਬ ਮੌਕੇ ਭਾਰਤ, ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਸਿੰਗਾਪੁਰ, ਮਲੇਸ਼ੀਆ, ਲੰਡਨ, ਆਸਟ੍ਰੇਲੀਆ, ਅਫ਼ਗਾਨਿਸਤਾਨ ਆਦਿ ਮੁਲਕਾਂ ਸਮੇਤ ਪਾਕਿ ਦੇ ਸੂਬਾ ਖ਼ੈਬਰ ਪਖਤੂਨਖਵਾ, ਸਿੰਧ, ਬਲੋਚਿਸਤਾਨ ਅਤੇ ਲਹਿੰਦੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ 60 ਹਜ਼ਾਰ ਤੋਂ ਵਧੇਰੇ ਹਿੰਦੂ ਸਿੱਖ ਸ਼ਰਧਾਲੂ ਸ੍ਰੀ ਨਨਕਾਣਾ ਸਾਹਿਬ ਪਹੁੰਚਣਗੇ।

# ਸ਼੍ਰੋਮਣੀ ਕਮੇਟੀ ਨੇ ਪਾਕਿ ਜਾਣ ਵਾਲੇ ਸ਼ਰਧਾਲੂਆਂ ਲਈ ਸਹਾਇਤਾ ਕੇਂਦਰ ਬਣਾਏ

**ਅੰਮ੍ਰਿਤਸਰ, (ਪੰਜਾਬ ਮੇਲ)**-ਕੇਂਦਰ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਦੇ ਮਾਮਲੇ ਨੂੰ ਹਰੀ ਝੰਡੀ ਦੇਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸਬੰਧੀ ਅਗਲੇਰੀ ਪ੍ਰਕਿਰਿਆ ਆਰੰਭ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਲਈ ਵੀਜ਼ਾ ਪ੍ਰਕਿਰਿਆ ਪੂਰੀ ਕਰਨ ਲਈ ਗੁਰਦੁਆਰਿਆਂ 'ਚ ਕੇਂਦਰ ਸਥਾਪਤ ਕੀਤੇ ਹਨ। ਲੋਕਾਂ ਨੂੰ 9 ਅਕਤੂਬਰ ਤੱਕ ਇਨ੍ਹਾਂ ਕੇਂਦਰਾਂ 'ਚ ਸੰਪਰਕ ਕਰਨ ਲਈ ਕਿਹਾ ਹੈ। ਜਾਣਕਾਰੀ ਮੁਤਾਬਕ ਪਾਕਿਸਤਾਨ ਜਾਣ ਵਾਸਤੇ ਸ਼੍ਰੋਮਣੀ ਕਮੇਟੀ ਕੋਲ ਲਗਪਗ 1900 ਸ਼ਰਧਾਲੂਆਂ ਦੇ ਪਾਸਪੋਰਟ ਪੁੱਜੇ ਸਨ।

**■ ਸ਼੍ਰੋਮਣੀ ਕਮੇਟੀ ਕੋਲ ਲਗਭਗ 1900 ਸ਼ਰਧਾਲੂਆਂ ਦੇ ਪਾਸਪੋਰਟ ਪੁੱਜੇ**

ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਵੱਲੋਂ ਇਸ ਸਬੰਧ ਵਿਚ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਨੂੰ ਲੋੜੀਂਦਾ ਪੱਤਰ ਜਾਰੀ ਕੀਤਾ ਗਿਆ ਹੈ। ਇਸ ਵਿਚ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਸਬੰਧੀ ਕੁਝ ਸ਼ਰਤਾਂ ਤੋਂ ਵੀ ਜਾਣੂ ਕਰਾਇਆ ਗਿਆ। ਪੱਤਰ ਵਿਚ ਦੱਸਿਆ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਪਾਕਿਸਤਾਨ ਵਿਚਲੇ ਮੌਜੂਦਾ ਹਾਲਾਤ ਤੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਸਿੱਖ ਸ਼ਰਧਾਲੂਆਂ ਦਾ ਜਥਾ ਨਾ ਭੇਜਣ ਦਾ ਫ਼ੈਸਲਾ ਕੀਤਾ ਸੀ ਪਰ ਇਸ ਸਬੰਧ ਵਿਚ ਸਿੱਖ ਜਥੇਬੰਦੀਆਂ ਅਤੇ ਸੰਗਠਨਾਂ ਵੱਲੋਂ ਫ਼ੈਸਲੇ ਨੂੰ ਮੁੜ ਵਿਚਾਰਨ ਦੀ ਅਪੀਲ ਕੀਤੀ ਗਈ ਸੀ। ਇਸ ਆਧਾਰ 'ਤੇ ਕੇਂਦਰ ਸਰਕਾਰ ਵੱਲੋਂ ਇਹ ਫ਼ੈਸਲਾ ਕੀਤਾ ਗਿਆ ਹੈ ਪਰ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਕੁਝ ਸ਼ਰਤਾਂ ਵੀ ਨਿਰਧਾਰਿਤ ਕੀਤੀਆਂ ਗਈਆਂ ਹਨ।

## ਪੰਜਾਬ 'ਚ ਨਸ਼ਾ ਤਸਕਰਾਂ ਦੀ ਗਿਣਤੀ ਨਸ਼ੇੜੀਆਂ ਨਾਲੋਂ ਵੱਧ

**ਚੰਡੀਗੜ੍ਹ, (ਪੰਜਾਬ ਮੇਲ)**-ਕੌਮੀ ਅਪਰਾਧ ਰਿਕਾਰਡਜ਼ ਬਿਊਰੋ (ਐੱਨ.ਸੀ.ਆਰ.ਬੀ.) ਵੱਲੋਂ ਜਾਰੀ ਕੀਤੀ ਗਈ 2023 ਦੀ ਤਾਜ਼ਾ ਦੇਸ਼ਵਿਆਪੀ ਵਿਸ਼ਲੇਸ਼ਣਾਤਮਕ ਰਿਪੋਰਟ ਅਨੁਸਾਰ, ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲਿਆਂ ਦੀ ਗਿਣਤੀ, ਇਨ੍ਹਾਂ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਨਾਲੋਂ ਵੱਧ ਹੈ।

ਸਫਾ 1 ਦਾ ਬਾਕੀ

## ਅਮਰੀਕਾ ਮੈਕਸੀਕੋ ਸਰਹੱਦ 'ਤੇ 1970...

ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਪ੍ਰਸ਼ਾਸਨ ਦੇ ਅੰਤਿਮ ਦਿਨਾਂ ਵਿਚ ਭਾਵੇਂ ਸਖਤੀ ਕਰਨੀ ਸ਼ੁਰੂ ਕਰ ਦਿੱਤੀ ਸੀ, ਪਰ ਟਰੰਪ ਪ੍ਰਸ਼ਾਸਨ ਵੱਲੋਂ ਹੋਈ ਸਖਤੀ ਨੇ ਬਾਰਡਰ ਸੀਲ ਕਰਕੇ ਰੱਖ ਦਿੱਤਾ ਹੈ ਅਤੇ ਗੈਰ ਕਾਨੂੰਨੀ ਲੋਕਾਂ ਨੂੰ ਸੰਯੁਕਤ ਰਾਸ਼ਟਰ ਅਮਰੀਕਾ ਵਿਚ ਆਉਣ ਤੋਂ ਰੋਕਣ 'ਤੇ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਇਥੋਂ ਤੱਕ ਕਿ ਰਾਸ਼ਟਰਪਤੀ ਟਰੰਪ ਨੇ ਐਮਰਜੰਸੀ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਅਮਰੀਕੀ ਸ਼ਰਣ ਪ੍ਰਣਾਲੀ ਨੂੰ ਵੀ ਬੰਦ ਕਰ ਦਿੱਤਾ। ਅਮਰੀਕਾ ਵਿਚ ਗੈਰ ਕਾਨੂੰਨੀ ਰਹਿਣ ਵਾਲੇ ਲੋਕਾਂ ਨੂੰ ਵੱਡੀ ਗਿਣਤੀ ਵਿਚ ਦੇਸ਼ ਨਿਕਾਲਾ ਦੇ ਕੇ ਉਨ੍ਹਾਂ ਨੂੰ ਆਪਣੇ ਮੁਲਕਾਂ ਵਿਚ ਭੇਜਿਆ ਜਾ ਰਿਹਾ ਹੈ। ਗਰੀਨ ਕਾਰਡ ਹੋਲਡਰ, ਜਿਨ੍ਹਾਂ ਨੇ ਕਿ ਇਥੇ ਛੋਟੇ-ਮੋਟੇ ਜੁਰਮ ਕੀਤੇ ਹਨ, ਉਨ੍ਹਾਂ ਵਿਚੋਂ ਵੀ ਬਹੁਤਿਆਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ। ਗੈਰ ਕਾਨੂੰਨੀ ਲੋਕਾਂ ਦੀ ਮਦਦ ਕਰਨ ਦੇ ਦੋਸ਼ ਵਜੋਂ ਬਹੁਤ ਸਾਰੇ ਇਮੀਗ੍ਰੇਸ਼ਨ ਜੱਜਾਂ ਨੂੰ ਨੌਕਰੀਆਂ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ।

# ਨੀਰਵ ਮੋਦੀ ਵੱਲੋਂ ਹਵਾਲਗੀ ਟਰਾਇਲ ਮੁੜ ਖੋਲ੍ਹਣ ਸਬੰਧੀ ਪਟੀਸ਼ਨ ਦਾਇਰ

**ਨਵੀਂ ਦਿੱਲੀ, (ਪੰਜਾਬ ਮੇਲ)**- ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਨੇ ਆਪਣੀ ਹਵਾਲਗੀ ਦਾ ਟਰਾਇਲ ਮੁੜ ਖੋਲ੍ਹਣ ਦੀ ਮੰਗ ਕੀਤੀ ਹੈ। ਇਸ ਸਬੰਧੀ ਉਸ ਦੀ ਪਟੀਸ਼ਨ 'ਤੇ ਲੰਡਨ ਦੀ ਅਦਾਲਤ 23 ਨਵੰਬਰ ਨੂੰ ਸੁਣਵਾਈ ਕਰੇਗੀ। ਮੋਦੀ ਨੇ ਦਲੀਲ ਦਿੱਤੀ ਹੈ ਕਿ ਜੇ ਉਸ ਨੂੰ ਭਾਰਤ ਭੇਜਿਆ ਗਿਆ ਤਾਂ ਉਸ ਨੂੰ ਏਜੰਸੀਆਂ ਦੀ ਪੁੱਛਗਿੱਛ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਏਜੰਸੀਆਂ ਵੱਲੋਂ ਇਸ ਦਾ ਵਿਰੋਧ ਕੀਤੇ ਜਾਣ ਦੀ ਸੰਭਾਵਨਾ ਹੈ।



ਸੂਤਰਾਂ ਅਨੁਸਾਰ ਨੀਰਵ ਮੋਦੀ, ਜੋ ਕਿ ਸੁਪਰੀਮ ਕੋਰਟ ਤੱਕ ਆਪਣੀਆਂ ਸਾਰੀਆਂ ਕਾਨੂੰਨੀ ਅਪੀਲਾਂ ਖ਼ਤਮ ਕਰ ਚੁੱਕੇ ਹਨ, ਨੇ ਵੈਸਟਮਿੰਸਟਰ ਕੋਰਟ ਤੱਕ ਪਹੁੰਚ ਕੀਤੀ ਹੈ। ਉਨ੍ਹਾਂ ਦੀ ਅਰਜ਼ੀ ਦਾ ਆਧਾਰ ਇਹ ਹੈ ਕਿ ਜੇ ਉਨ੍ਹਾਂ ਨੂੰ ਭਾਰਤ ਹਵਾਲੇ ਕੀਤਾ ਜਾਂਦਾ ਹੈ, ਤਾਂ ਵੱਖ-ਵੱਖ ਏਜੰਸੀਆਂ ਵੱਲੋਂ ਉਸ ਨੂੰ ਪੁੱਛਗਿੱਛ ਦੇ ਅਧੀਨ ਕੀਤਾ ਜਾਵੇਗਾ, ਜਿਸ ਦੇ ਨਤੀਜੇ ਵਜੋਂ ਤਸ਼ੱਦਦ ਹੋ ਸਕਦਾ ਹੈ।

ਹਾਲਾਂਕਿ ਮਾਮਲੇ ਦੀ ਜਾਂਚ ਕਰ ਰਹੀਆਂ ਏਜੰਸੀਆਂ ਅਦਾਲਤ ਨੂੰ ਆਪਣਾ ਪੁਰਾਣਾ ਭਰੋਸਾ ਦੁਹਰਾ ਸਕਦੀਆਂ ਹਨ ਕਿ ਮੋਦੀ ਨੂੰ ਜਦੋਂ ਹਵਾਲੇ ਕੀਤਾ ਜਾਵੇਗਾ, ਤਾਂ ਭਾਰਤੀ ਕਾਨੂੰਨਾਂ ਅਨੁਸਾਰ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ ਅਤੇ ਏਜੰਸੀਆਂ ਦੁਆਰਾ ਕਿਸੇ ਵੀ ਪੁੱਛਗਿੱਛ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਘਟਨਾਕ੍ਰਮ ਦੀ ਜਾਣਕਾਰੀ ਰੱਖਣ ਵਾਲੇ ਇਕ ਅਧਿਕਾਰੀ ਨੇ ਕਿਹਾ, "ਅਸੀਂ ਪਹਿਲਾਂ ਹੀ ਕੇਸ ਵਿਚ ਚਾਰਜਸ਼ੀਟਾਂ ਦਾਇਰ ਕਰ ਚੁੱਕੇ ਹਾਂ। ਉਸ ਤੋਂ ਫਿਲਹਾਲ ਕੋਈ ਸਵਾਲ-ਜਵਾਬ ਕਰਨ ਦੀ ਲੋੜ ਨਹੀਂ ਹੈ। ਸਾਡੀ ਜਾਂਚ ਲਗਭਗ ਪੂਰੀ ਹੋ ਚੁੱਕੀ ਹੈ। ਉਸ ਨੂੰ ਟਰਾਇਲ ਦਾ ਸਾਹਮਣਾ ਕਰਨ ਦੀ ਲੋੜ ਹੈ। ਜੇਕਰ ਯੂਨਾਈਟਿਡ ਕਿੰਗਡਮ ਦੀ ਅਦਾਲਤ ਸਾਨੂੰ ਪੁੱਛਦੀ ਹੈ, ਤਾਂ ਅਸੀਂ ਆਪਣਾ ਭਰੋਸਾ ਦੁਹਰਾ ਸਕਦੇ ਹਾਂ ਕਿ ਜੇਕਰ ਉਸ ਨੂੰ ਭਾਰਤ ਹਵਾਲੇ ਕੀਤਾ ਜਾਂਦਾ ਹੈ, ਤਾਂ ਉਸਨੂੰ ਕਿਸੇ ਵੀ ਪੁੱਛਗਿੱਛ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਅਸੀਂ ਪਹਿਲਾਂ ਵੀ ਅਜਿਹਾ ਭਰੋਸਾ ਦੇ ਚੁੱਕੇ ਹਾਂ।" ਸਾਰੀਆਂ ਜਾਂਚ ਏਜੰਸੀਆਂ ਜੋ ਮੋਦੀ ਦੇ ਖ਼ਿਲਾਫ਼ ਕੇਸਾਂ 'ਤੇ ਕੰਮ ਕਰ ਰਹੀਆਂ ਹਨ ਇਸ ਗੱਲ 'ਤੇ ਇੱਕਮਤ ਹਨ ਕਿ ਉਸ ਤੋਂ ਪੁੱਛਗਿੱਛ ਦੀ ਲੋੜ ਨਹੀਂ ਹੈ।

**■ ਲੰਡਨ ਦੀ ਅਦਾਲਤ 23 ਨਵੰਬਰ ਨੂੰ ਕਰੇਗੀ ਸੁਣਵਾਈ**

ਭਾਰਤ ਨੇ ਪਹਿਲਾਂ ਹੀ ਯੂ.ਕੇ. ਨੂੰ ਦੱਸਿਆ ਹੋਇਆ ਹੈ ਕਿ ਮੋਦੀ ਨੂੰ ਮੁੰਬਈ ਦੀ ਆਰਥਰ ਰੋਡ ਜੇਲ੍ਹ ਦੀ ਬੈਰਕ ਨੰਬਰ 12 ਵਿਚ ਰੱਖਿਆ ਜਾਵੇਗਾ, ਜਿੱਥੇ ਹਿੰਸਾ, ਜ਼ਿਆਦਾ ਭੀੜ ਜਾਂ ਦੁਰਵਿਹਾਰ ਦਾ ਕੋਈ ਖ਼ਤਰਾ ਨਹੀਂ ਹੈ ਅਤੇ ਜਿੱਥੇ ਮੈਡੀਕਲ ਸਹੂਲਤ ਵੀ ਹੈ। ਏਜੰਸੀਆਂ ਨੇ ਯੂ.ਕੇ. ਨੂੰ ਭਰੋਸਾ ਦਿੱਤਾ ਕਿ ਉਹ ਭਾਰਤੀ ਕਾਨੂੰਨਾਂ ਅਨੁਸਾਰ ਮੁਕੱਦਮੇ ਦਾ ਸਾਹਮਣਾ ਕਰੇਗਾ ਅਤੇ ਉਸ 'ਤੇ ਕੋਈ ਨਵੇਂ ਦੋਸ਼ ਨਹੀਂ ਲਾਏ ਜਾਣਗੇ।

ਭਾਰਤੀ ਗਹਿਣਿਆਂ ਦੇ ਕਾਰੋਬਾਰ ਦੇ ਕਿੰਗ ਰਹੇ 54 ਸਾਲਾ ਹੀਰਾ ਕਾਰੋਬਾਰੀ ਨੂੰ 19 ਮਾਰਚ 2019 ਨੂੰ ਹਵਾਲਗੀ ਵਾਰੰਟ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਤਤਕਾਲੀ ਯੂ.ਕੇ. ਗ੍ਰਹਿ ਸਕੱਤਰ ਪ੍ਰੀਤੀ ਪਟੇਲ ਨੇ ਅਪ੍ਰੈਲ 2021 ਵਿਚ ਉਸ ਦੀ ਹਵਾਲਗੀ ਦਾ ਹੁਕਮ ਦਿੱਤਾ ਸੀ। ਉਹ ਲਗਭਗ ਛੇ ਸਾਲਾਂ ਤੋਂ ਲੰਡਨ ਦੀ ਜੇਲ੍ਹ ਵਿਚ ਬੰਦ ਹੈ। ਮੋਦੀ ਨੇ ਉਦੋਂ ਤੋਂ ਸੁਪਰੀਮ ਕੋਰਟ ਤੱਕ ਆਪਣੇ ਕੇਸ ਵਿਚ ਸਾਰੀਆਂ ਕਾਨੂੰਨੀ ਅਪੀਲਾਂ ਖ਼ਤਮ ਕਰ ਦਿੱਤੀਆਂ ਹਨ ਅਤੇ ਕਈ ਜ਼ਮਾਨਤ ਅਰਜ਼ੀਆਂ ਦਿੱਤੀਆਂ ਹਨ, ਜਿਨ੍ਹਾਂ ਨੂੰ ਉਸਦੇ ਅਸਲ ਅਤੇ ਮਹੱਤਵਪੂਰਨ ਭੱਜਣ ਦੇ ਜ਼ੋਖਮ ਕਾਰਨ ਠੁਕਰਾ ਦਿੱਤਾ ਗਿਆ ਹੈ।

ਸਫਾ 1 ਦਾ ਬਾਕੀ

## ਦੋਵੇਂ ਅਮਰੀਕੀ ਸਦਨ "ਸ਼ਟਡਾਊਨ"...

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਟਡਾਊਨ 8ਵੇਂ ਦਿਨ ਵੀ ਜਾਰੀ ਰਹਿਣ ਉੱਤੇ ਡੈਮੋਕ੍ਰੇਟਸ ਨਾਲ ਸਿਹਤ ਬੀਮਾ ਸਬਸਿਡੀਆਂ 'ਤੇ ਗੱਲਬਾਤ ਕਰਨ ਦੀ ਸੰਭਾਵਨਾ ਜ਼ਾਹਰ ਕੀਤੀ, ਪਰ ਥੋੜ੍ਹੀ ਦੇਰ ਬਾਅਦ ਹੀ ਇਸਨੂੰ ਰੱਦ ਕਰ ਦਿੱਤਾ, ਜਿਸ ਨਾਲ ਇੱਕ ਹੋਰ ਰੁਕਾਵਟ ਪੈਦਾ ਹੋ ਗਈ।

ਡੈਮੋਕ੍ਰੇਟਸ ਇੱਕ ਛੋਟੀ ਮਿਆਦ ਦੀ ਵਿੱਤੀ ਯੋਜਨਾ ਦਾ ਸਮਰਥਨ ਕਰ ਰਹੇ ਹਨ, ਇਸ ਸ਼ਰਤ 'ਤੇ ਕਿ ਓਬਾਮਾ ਕੇਅਰ ਦੇ ਤਹਿਤ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਿਹਤ ਸਬਸਿਡੀਆਂ ਜਾਰੀ ਰਹਿਣ।

ਉਨ੍ਹਾਂ ਕਿਹਾ, "ਮੈਂ ਡੈਮੋਕ੍ਰੇਟਸ ਦੇ ਅਸਫਲ ਸਿਹਤ ਸੰਭਾਲ ਪ੍ਰੋਗਰਾਮਾਂ 'ਤੇ ਚਰਚਾ ਕਰਨ ਲਈ ਤਿਆਰ ਹਾਂ, ਪਰ ਉਨ੍ਹਾਂ ਨੂੰ ਪਹਿਲਾਂ ਸਰਕਾਰ ਨੂੰ ਮੁੜ ਚਾਲੂ ਕਰਨਾ ਚਾਹੀਦਾ ਹੈ।" ਇਸ ਦੌਰਾਨ, ਡੈਮੋਕ੍ਰੇਟਿਕ ਨੇਤਾਵਾਂ ਚੱਕ ਸ਼ੂਮਰ ਅਤੇ ਹਕੀਮ ਜੈਫਰੀਜ਼ ਨੇ ਕਿਹਾ ਕਿ ਟਰੰਪ ਦੇ ਦਾਅਵੇ ਝੂਠੇ ਹਨ ਅਤੇ ਪਿਛਲੇ ਹਫ਼ਤੇ ਵ੍ਹਾਈਟ ਹਾਊਸ ਦੀ ਮੀਟਿੰਗ ਤੋਂ ਬਾਅਦ ਕੋਈ ਗੱਲਬਾਤ ਨਹੀਂ ਹੋਈ ਹੈ। ਸ਼ੂਮਰ ਨੇ ਕਿਹਾ, "ਜੇਕਰ ਟਰੰਪ ਸੱਚਮੁੱਚ ਗੱਲ ਕਰਨ ਲਈ ਤਿਆਰ ਹਨ, ਤਾਂ ਸਾਨੂੰ ਕੋਈ ਇਤਰਾਜ਼ ਨਹੀਂ।"

ਸੈਨੇਟ 'ਚ ਸਰਕਾਰ ਨੂੰ ਮੁੜ ਚਾਲੂ ਕਰਨ ਲਈ ਦੋ ਪ੍ਰਸਤਾਵ ਪੇਸ਼ ਕੀਤੇ ਗਏ ਸਨ, ਪਰ ਦੋਵੇਂ ਅਸਫਲ ਰਹੇ ਕਿਉਂਕਿ ਉਨ੍ਹਾਂ ਕੋਲ 60 ਵੋਟਾਂ ਦੀ ਘਾਟ ਸੀ। ਦੋਵਾਂ ਪਾਰਟੀਆਂ ਨੇ ਇੱਕ ਦੂਜੇ 'ਤੇ ਗਤੀਰੋਧ ਨੂੰ ਖਤਮ ਕਰਨ ਵਿਚ ਅਸਫਲ ਰਹਿਣ ਦਾ ਦੋਸ਼ ਲਗਾਇਆ।

ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, "ਜੇਕਰ ਇਹ (ਬੰਦ) ਜਾਰੀ ਰਿਹਾ, ਤਾਂ ਇਹ ਥੋੜ੍ਹਾ ਦਰਦਨਾਕ ਹੋਵੇਗਾ, ਪਰ ਸਬਰ ਰੱਖੋ – ਚੰਗੀਆਂ ਚੀਜ਼ਾਂ ਹੋਣ ਵਾਲੀਆਂ ਹਨ।" ਉਨ੍ਹਾਂ ਅੱਗੇ ਕਿਹਾ ਕਿ ਸਿਹਤ ਸੰਭਾਲ ਅਤੇ ਸਰਕਾਰੀ ਖਰਚਿਆਂ ਬਾਰੇ ਡੈਮੋਕ੍ਰੇਟਿਕ ਨੇਤਾਵਾਂ ਨਾਲ ਗੱਲਬਾਤ ਚੱਲ ਰਹੀ ਹੈ। ਟਰੰਪ ਨੇ ਕਿਹਾ, "ਜੇਕਰ ਕੋਈ ਨਿਰਪੱਖ ਸੌਦਾ ਹੁੰਦਾ ਹੈ, ਤਾਂ ਮੈਂ ਇੱਕ ਸੌਦਾ ਕਰਾਂਗਾ। ਮੈਂ ਚਾਹੁੰਦਾ ਹਾਂ ਕਿ ਲੋਕਾਂ ਨੂੰ ਸਭ ਤੋਂ ਵਧੀਆ ਸਿਹਤ ਸੰਭਾਲ ਮਿਲੇ, ਮੈਂ ਇਹ ਡੈਮੋਕਰੇਟਾਂ ਨਾਲੋਂ ਵੀ ਵੱਧ ਚਾਹੁੰਦਾ ਹਾਂ।"

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਚੋਣ ਕਮਿਸ਼ਨ ਵੱਲੋਂ ਬਿਹਾਰ ਦੀ ਅੰਤਿਮ ਵੋਟਰ ਸੂਚੀ ਜਾਰੀ; 7.42 ਕਰੋੜ ਵੋਟਰ ਪਾਉਣਗੇ ਵੋਟ

**ਨਵੀਂ ਦਿੱਲੀ, (ਪੰਜਾਬ ਮੇਲ)**-ਚੋਣ ਕਮਿਸ਼ਨ ਨੇ ਬਿਹਾਰ ਵਿਚ ਵਿਸ਼ੇਸ਼ ਮੁੜ ਸੁਧਾਈ ਐੱਸ.ਆਈ.ਆਰ. ਦੀ ਅੰਤਿਮ ਸੂਚੀ ਬੁੱਧਵਾਰ ਨੂੰ ਜਾਰੀ ਕਰ ਦਿੱਤੀ ਹੈ। ਇਸ ਸੂਚੀ ਅਨੁਸਾਰ ਬਿਹਾਰ ਵਿਚ ਰਜਿਸਟਰਡ ਵੋਟਰਾਂ ਦੀ ਗਿਣਤੀ 7.42 ਕਰੋੜ ਹੋ ਗਈ ਹੈ। ਚੋਣ ਕਮਿਸ਼ਨ ਨੇ ਕਿਹਾ ਕਿ 21.53 ਲੱਖ ਯੋਗ ਵੋਟਰਾਂ ਨੂੰ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਸੂਬੇ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਪੜਤਾਲ (ਐੱਸ. ਆਈ. ਆਰ.) ਜੂਨ 'ਚ ਸ਼ੁਰੂ ਹੋਣ ਮਗਰੋਂ ਇਸ 'ਚ 47 ਲੱਖ ਤੋਂ ਵੱਧ ਵੋਟਰ ਘਟੇ ਹਨ। ਉਂਝ ਅੰਤਿਮ ਅੰਕੜਾ ਅਗਸਤ 'ਚ ਜਾਰੀ ਖਰੜਾ ਸੂਚੀ (7.24 ਕਰੋੜ) ਨਾਲੋਂ ਜ਼ਿਆਦਾ ਹੈ ਜਿਸ 'ਚ ਮੌਤ, ਪਰਵਾਸ ਅਤੇ ਵੋਟਰਾਂ ਦੇ ਨਾਂ ਦੁਹਰਾਏ ਜਾਣ ਸਮੇਤ ਹੋਰ ਕਾਰਨਾਂ ਕਰਕੇ ਮੂਲ ਸੂਚੀ 'ਚੋਂ 65 ਲੱਖ ਵੋਟਰਾਂ ਨੂੰ ਹਟਾ ਦਿੱਤਾ ਗਿਆ ਸੀ।

**■ 21.53 ਲੱਖ ਯੋਗ ਵੋਟਰ ਸ਼ਾਮਲ ਕੀਤੇ; ਬਿਹਾਰ 'ਚ ਚੋਣ ਗਤੀਵਿਧੀਆਂ ਹੋਣਗੀਆਂ ਤੇਜ਼**



ਚੋਣ ਕਮਿਸ਼ਨ ਅਨੁਸਾਰ ਐੱਸ. ਆਈ. ਆਰ. ਦੀ ਪ੍ਰਕਿਰਿਆ ਇਸ ਸਾਲ 25 ਜੂਨ ਨੂੰ ਸ਼ੁਰੂ ਕੀਤੀ ਗਈ ਸੀ। ਇਸ ਵਿਚ 7.89 ਕਰੋੜ ਰਜਿਸਟਰਡ ਵੋਟਰਾਂ ਤੋਂ ਮੁੜ ਫਾਰਮ ਭਰਵਾਏ ਗਏ ਸਨ। ਇਸ ਤੋਂ ਬਾਅਦ ਪਹਿਲੀ ਅਗਸਤ ਨੂੰ ਸੂਚੀ ਜਾਰੀ ਕੀਤੀ ਗਈ ਜਿਸ ਵਿਚ 65 ਲੱਖ ਵੋਟਰਾਂ ਦੇ ਨਾਂ ਕੱਟ ਦਿੱਤੇ ਗਏ। ਚੋਣ ਕਮਿਸ਼ਨ ਵਲੋਂ ਅੰਤਿਮ ਸੂਚੀ ਜਾਰੀ ਹੋਣ ਤੋਂ ਬਾਅਦ ਸੂਬੇ ਵਿਚ ਚੋਣ ਗਤੀਵਿਧੀਆਂ ਤੇਜ਼ ਹੋ ਜਾਣਗੀਆਂ। ਇਸ ਤੋਂ ਪਹਿਲਾਂ ਮੁੱਖ ਚੋਣ ਅਧਿਕਾਰੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਐੱਸ.ਆਈ.ਆਰ. ਦੀ ਅੰਤਿਮ ਵੋਟਰ ਸੂਚੀ ਪ੍ਰਕਾਸ਼ਿਤ ਕਰਨ ਦੀ ਜਾਣਕਾਰੀ ਦਿੱਤੀ।

ਸਫਾ 1 ਦਾ ਬਾਕੀ

## ਸਰੀ ਪੁਲਿਸ ਵੱਲੋਂ ਫਿਰੌਤੀ ਤੇ ਗੋਲੀਬਾਰੀ...

ਚੀਫ ਕਾਂਸਟੇਬਲ ਨੌਰਮ ਲਿਪਿੰਸਕੀ ਨੇ ਇੱਕ ਨਿਊਜ਼ ਰਿਲੀਜ਼ 'ਚ ਕਿਹਾ ਕਿ ਇਹ ਤਿੰਨ ਗ੍ਰਿਫ਼ਤਾਰੀਆਂ ਤੇ ਦੋਸ਼ ਇੱਕ ਸਕਾਰਾਤਮਕ ਕਦਮ ਹਨ ਕਿਉਂਕਿ ਸਰੀ ਪੁਲਿਸ ਸੇਵਾ ਜ਼ਬਰਦਸਤੀ ਵਸੂਲੀ ਦੇ ਮੁੱਦੇ ਨਾਲ ਹਮਲਾਵਰ ਢੰਗ ਨਾਲ ਨਜਿੱਠਣਾ ਜਾਰੀ ਰੱਖੇਗੀ। ਇਨਫੋਰਸਮੈਂਟ ਅਤੇ ਸਾਰੀਆਂ ਜਾਂਚ ਰਣਨੀਤੀਆਂ 'ਚ ਤੇਜ਼ੀ ਲਿਆਂਦੀ ਜਾ ਰਹੀ ਹੈ। ਹਾਉਟਨ ਨੇ ਕਿਹਾ ਕਿ 18 ਫਰਵਰੀ, 2024 ਨੂੰ ਉਸੇ ਰਿਹਾਇਸ਼ ਦੇ ਬਾਹਰ ਗੋਲੀਬਾਰੀ ਹੋਈ ਸੀ, ਪਰ ਜਾਂਚਕਰਤਾਵਾਂ ਨੇ ਉਸ ਮਾਮਲੇ ਵਿਚ ਕਿਸੇ ਵੀ ਸ਼ੱਕੀ ਦੀ ਪਛਾਣ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਦੋਵੇਂ ਗੋਲੀਬਾਰੀ ਦੀਆਂ ਘਟਨਾਵਾਂ ਆਪਸ 'ਚ ਜੁੜੀਆਂ ਨਹੀਂ ਜਾਪਦੀਆਂ। ਸੋਮਵਾਰ ਨੂੰ ਵੀ ਸਰੀ ਆਰ.ਸੀ.ਐੱਮ.ਪੀ. ਨੇ ਐਲਾਨ ਕੀਤਾ ਕਿ ਦੋ ਵਿਅਕਤੀਆਂ 'ਤੇ ਗੋਲੀਬਾਰੀ ਤੇ ਚੋਰੀ ਦੀ ਜਾਇਦਾਦ ਰੱਖਣ ਦੇ ਦੋਸ਼ ਲਗਾਏ ਗਏ ਹਨ। ਹਰਮਨਜੋਤ ਬਰਾੜ, 25, ਅਤੇ ਹਰਦਿਲਪ੍ਰੀਤ ਸਿੰਘ, 23, 'ਤੇ ਐਤਵਾਰ ਨੂੰ ਵਾਪਰੀ ਘਟਨਾ ਦੇ ਸਬੰਧ ਵਿਚ ਦੋਸ਼ ਲਗਾਏ ਗਏ ਸਨ, ਜਦੋਂ ਪੁਲਿਸ ਨੇ ਇੱਕ ਰਿਪੋਰਟ ਦਾ ਜਵਾਬ ਦਿੱਤਾ ਕਿ ਇੱਕ ਵਾਹਨ ਨੂੰ ਕਥਿਤ ਤੌਰ 'ਤੇ ਅੱਗ ਲਗਾਈ ਗਈ ਸੀ।

ਬੀ.ਸੀ. ਆਰ.ਸੀ.ਐੱਮ.ਪੀ. ਦੇ ਬੁਲਾਰੇ ਸਾਰਜੈਂਟ ਵੈਨੇਸਾ ਮੁੰਨ ਨੇ ਕਿਹਾ ਕਿ ਸ਼ੱਕੀ ਇੱਕ ਵਾਹਨ ਵਿਚ ਇਲਾਕੇ ਤੋਂ ਭੱਜ ਗਏ, ਪਰ ਪੁਲਿਸ ਨੇ ਉਨ੍ਹਾਂ ਨੂੰ ਇੱਕ ਘਰ ਤੱਕ ਲੱਭ ਲਿਆ। ਪੁਲਿਸ ਨੇ ਇੱਕ ਵਾਰੰਟ ਪ੍ਰਾਪਤ ਕੀਤਾ ਤੇ ਰਿਹਾਇਸ਼ ਦੀ ਤਲਾਸ਼ੀ ਲਈ। ਮੁੰਨ ਨੇ ਕਿਹਾ ਕਿ ਇਸ ਦੌਰਾਨ ਜਾਂਚ ਤੋਂ ਜਬਰੀ ਵਸੂਲੀ ਦੇ ਸੰਕੇਤ ਹੀ ਮਿਲੇ। ਹਾਉਟਨ ਨੇ ਕਿਹਾ ਕਿ ਇਸ ਸਾਲ ਸਰੀ 'ਚ ਜਬਰੀ ਵਸੂਲੀ ਨਾਲ ਸਬੰਧਤ 56 ਮਾਮਲੇ ਅਤੇ 31 ਗੋਲੀਬਾਰੀ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਇਹ ਦੋਸ਼ ਉਦੋਂ ਲੱਗੇ ਹਨ, ਜਦੋਂ ਐੱਸ.ਪੀ.ਐੱਸ. ਅਧਿਕਾਰੀ ਸੋਮਵਾਰ ਸਵੇਰੇ ਤੜਕੇ ਹੋਈ ਗੋਲੀਬਾਰੀ ਦੀ ਜਾਂਚ ਕਰ ਰਹੇ ਸਨ, ਜਿਸ 'ਚ ਦੱਖਣੀ ਸਰੀ ਦੇ ਇੱਕ ਕਾਰੋਬਾਰ ਨੂੰ ਨੁਕਸਾਨ ਪਹੁੰਚਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਿੰਗ ਜਾਰਜ ਬੁਲੇਵਾਰਡ ਦੇ 2100 ਬਲਾਕ ਵਿਚ ਸਵੇਰੇ 2:20 ਵਜੇ ਬੁਲਾਇਆ ਗਿਆ ਸੀ, ਜਿੱਥੇ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਆਈਆਂ ਸਨ। ਪੁਲਿਸ ਦਾ ਕਹਿਣਾ ਹੈ ਕਿ ਕੋਈ ਵੀ ਜ਼ਖਮੀ ਨਹੀਂ ਹੋਇਆ, ਪਰ ਉਨ੍ਹਾਂ ਨੇ ਗੋਲੀਆਂ ਚੱਲਣ ਕਾਰਨ ਇਮਾਰਤ ਨੂੰ ਨੁਕਸਾਨ ਪਹੁੰਚਿਆ ਹੈ।

# PUNJAB MAIL USA

## TV Channel, Newspaper, Radio

## All over America, Canada, Australia & Europe

**All over America, Canada, Australia & Europe**

**24 Hours 7 Days**

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਜਦੋਂ ਆਰ.ਐੱਸ.ਐੱਸ. ਉੱਤੇ ਉੱਠੇ ਸਵਾਲ



**ਸੰਘ, ਭਾਰਤ ਸਰਕਾਰ ਨਾਲ ਕਿਧਰੇ ਵੀ ਰਜਿਸਟਰਡ ਸੰਗਠਨ ਨਹੀਂ, ਨਾ ਗ਼ੈਰ-ਸਰਕਾਰੀ ਸੰਸਥਾ ਵਜੋਂ, ਨਾ ਹੀ ਕਿਸੇ ਟਰੱਸਟ ਜਾਂ ਸਵੈ-ਸੇਵੀ ਸੰਸਥਾ ਵਜੋਂ। ਸੰਘ ਆਤਮ ਨਿਰਭਰ ਹੈ। ਸੰਘ ਵੱਲੋਂ ਆਪਣੇ ਮੈਂਬਰਾਂ ਤੋਂ ਬਾਹਰੋਂ ਕੋਈ ਸਹਾਇਤਾ ਜਾਂ ਪੈਸਾ ਵੀ ਨਹੀਂ ਲਿਆ ਜਾਂਦਾ। ਪਰ ਭਾਰਤ ਦੇ ਵੱਖੋ-ਵੱਖਰੇ ਥਾਵਾਂ, ਸ਼ਹਿਰਾਂ, ਨਗਰਾਂ 'ਚ ਸੰਘ ਦੇ ਵਲੰਟੀਅਰਾਂ, ਮੈਂਬਰਾਂ ਨੇ ਸੰਗਠਨ/ਟਰੱਸਟ ਬਣਾਏ ਹੋਏ ਹਨ, ਜੋ ਕਾਨੂੰਨ ਦੇ ਦਾਇਰੇ 'ਚ ਪੈਸਾ ਇਕੱਠਾ ਕਰਦੇ ਹਨ ਅਤੇ ਬੈਂਕ ਖ਼ਾਤੇ ਚਲਾਉਂਦੇ ਹਨ।**


ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA




ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐੱਸ.ਐੱਸ.) ਨੇ ਆਪਣੇ 100 ਸਾਲ ਪੂਰੇ ਹੋਣ ਦਾ ਜਸ਼ਨ ਮਨਾਇਆ ਹੈ। ਆਰ.ਐੱਸ.ਐੱਸ. ਨੇ ਆਪਣੀਆਂ ਪ੍ਰਾਪਤੀਆਂ ਪ੍ਰਤੀ ਚਿੰਤਨ ਕੀਤਾ ਹੈ ਅਤੇ ਆਪਣੇ ਅਗਲੇ 100 ਵਰ੍ਹਿਆਂ ਲਈ ਭਵਿੱਖੀ ਯੋਜਨਾਵਾਂ ਵੀ ਆਂਕੀਆਂ ਹਨ। ਸੌ ਵਰ੍ਹਿਆਂ ਦੇ ਸੰਘ ਨੇ ਸਿਆਸਤ ਵਿਚ ਖੁੱਲ੍ਹੇਪਨ ਦੇ ਨਾਲ-ਨਾਲ ਪੀੜ੍ਹੀਗਤ ਬਦਲਾਅ ਦੀ ਪਾਰਦਰਸ਼ੀ ਤਿਆਰੀ ਦਾ ਬਿਗਲ ਵਜਾਇਆ ਹੈ।

ਆਰ.ਐੱਸ.ਐੱਸ. ਦੁਨੀਆਂ ਦਾ ਸਭ ਤੋਂ ਵੱਡਾ ਇਹੋ ਜਿਹਾ ਸੰਗਠਨ ਹੈ, ਜਿਸ ਦਾ ਵਿਆਪਕ ਅਸਰ ਹੈ, ਬਾਵਜੂਦ ਇਸ ਗੱਲ ਦੇ ਕਿ ਉਹ ਸਿੱਧੇ ਤੌਰ 'ਤੇ ਕੋਈ ਸਿਆਸੀ ਧਿਰ ਨਹੀਂ ਹੈ। ਆਰ.ਐੱਸ.ਐੱਸ. ਦੀਆਂ ਸ਼ਖਾਵਾਂ ਦੀ ਗਿਣਤੀ ਥੋੜ੍ਹੇ ਸਮੇਂ ਵਿਚ ਹੀ ਭਾਰਤ 'ਚ 40,000 ਤੋਂ ਵਧਕੇ 83,000 ਹੋ ਗਈ ਹੈ। ਸੰਘ ਦੀਆਂ ਵਿਦੇਸ਼ਾਂ 'ਚ ਵੀ ਸ਼ਖਾਵਾਂ ਹਨ।

ਆਰ.ਐੱਸ.ਐੱਸ. ਦੇ ਸੰਸਥਾਪਕ ਕੇ.ਬੀ. ਹੇਡਗੇਵਾਰ (ਮਹਾਂਰਾਸ਼ਟਰ) ਸਨ, ਜਿਨ੍ਹਾਂ ਆਰ.ਐੱਸ.ਐੱਸ. ਦੀ ਸਥਾਪਨਾ ਕਰਕੇ ਹਿੰਦੂ ਸਮਾਜ ਦੇ ਏਕੀਕਰਨ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਵਿਚ ਬਦਲਣ ਦੇ ਆਸ਼ੇ ਨਾਲ ਕੀਤੀ।

ਇਸ ਸਮੇਂ ਭਾਰਤ ਦੀ ਭਾਜਪਾ ਸਰਕਾਰ, ਆਰ.ਐੱਸ.ਐੱਸ. ਦੀ ਬਦੌਲਤ ਬਣੀ ਹੋਈ ਹੈ। ਆਰ.ਐਸ.ਐੱਸ. ਦੇ ਮੌਜੂਦਾ ਮੁਖੀ ਮੋਹਨ ਭਾਗਵਤ ਹਨ, ਜੋ ਕਈ ਵੇਰ ਕਹਿ ਚੁੱਕੇ ਹਨ ਕਿ ਸੰਘ ਵਿਚ ਸਭ ਕੁਝ ਬਦਲਣਯੋਗ ਹੈ, ਸਿਵਾਏ ਇਸਦੇ ਮੂਲ ਵਿਸ਼ਵਾਸ ਕਿ ਭਾਰਤ ਹਿੰਦੂ ਰਾਸ਼ਟਰ ਹੈ।

ਸਮੇਂ-ਸਮੇਂ ਸੰਘ ਨੇ ਨੀਤੀਆਂ ਬਦਲੀਆਂ। ਸੰਘ ਨੇ ਸੰਵਿਧਾਨਵਾਦ, ਲੋਕਤੰਤਰ ਅਤੇ ਸਮਾਜਿਕ ਕਲਿਆਣ ਨੂੰ ਅਪਣਾਇਆ। ਪਰ ਨਾਲ ਹੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਰੀਏ ਸ਼ਕਤੀਸ਼ਾਲੀ ਹਰਮਨ ਪਿਆਰੇ ਹਿੰਦੂ ਪ੍ਰਤੀਕ ਦੀ ਖੋਜ ਕੀਤੀ, ਜੋ ਸੰਘ ਨੂੰ ਭਗਵਾਨ ਰਾਮ ਦੇ ਰੂਪ 'ਚ ਮਿਲਿਆ। ਇਸ ਰਾਮ ਅੰਦੋਲਨ ਨੂੰ ਤੇਜ਼ ਕੀਤਾ ਗਿਆ, ਜਿਸਨੇ ਭਾਰਤੀ ਸਿਆਸਤ ਹੀ ਬਦਲ ਦਿੱਤੀ। ਆਰ.ਐੱਸ.ਐੱਸ. ਰਾਹੀਂ ਭਾਜਪਾ ਹਾਕਮ ਬਣੀ। ਮੋਦੀ ਪ੍ਰਧਾਨ ਮੰਤਰੀ ਬਣੇ।

ਆਰ.ਐੱਸ.ਐੱਸ. ਨੇ ਕਦੀ ਵੀ ਖ਼ੁਦ ਨੂੰ ਕੇਵਲ ਧਾਰਮਿਕ, ਸੰਸਕ੍ਰਿਤਿਕ, ਜਾਂ ਸਮਾਜਿਕ ਸੰਗਠਨ ਦੇ ਢਾਂਚੇ ਤੱਕ ਸੀਮਤ ਨਹੀਂ ਰੱਖਿਆ। ਇਹ ਦੇਸ਼ ਦੇ ਹਰ ਥਾਂ, ਹਰ ਕੋਨੇ 'ਚ ਮੌਜੂਦ ਹੈ। ਸਾਰਵਜਨਿਕ ਜੀਵਨ ਦੇ ਹਰ ਖੇਤਰ ਵਿਚ ਇਸ ਵੱਲੋਂ ਆਪਣੇ ਸੰਗਠਨ ਸਥਾਪਿਤ ਕੀਤੇ ਹੋਏ ਹਨ ਅਤੇ ਇਨ੍ਹਾਂ ਸੰਗਠਨਾਂ ਦੀ ਮਜ਼ਬੂਤੀ ਲਈ ਲਗਾਤਾਰ ਕਾਰਜ ਵੀ ਇਸ ਵਲੋਂ ਕੀਤੇ ਜਾ ਰਹੇ ਹਨ। ਇਸੇ ਕਰਕੇ ਇਸਦਾ ਸਿਆਸੀ ਪ੍ਰਭਾਵ ਬਿਨਾਂ ਸ਼ੱਕ ਵਿਆਪਕ ਹੈ।

ਸੰਘ, ਭਾਰਤ ਸਰਕਾਰ ਨਾਲ ਕਿਧਰੇ ਵੀ ਰਜਿਸਟਰਡ ਸੰਗਠਨ ਨਹੀਂ, ਨਾ ਗ਼ੈਰ-ਸਰਕਾਰੀ ਸੰਸਥਾ ਵਜੋਂ, ਨਾ ਹੀ ਕਿਸੇ ਟਰੱਸਟ ਜਾਂ ਸਵੈ-ਸੇਵੀ ਸੰਸਥਾ ਵਜੋਂ। ਸੰਘ ਆਤਮ ਨਿਰਭਰ ਹੈ। ਸੰਘ ਵੱਲੋਂ ਆਪਣੇ ਮੈਂਬਰਾਂ ਤੋਂ ਬਾਹਰੋਂ ਕੋਈ ਸਹਾਇਤਾ ਜਾਂ ਪੈਸਾ ਵੀ ਨਹੀਂ ਲਿਆ ਜਾਂਦਾ। ਪਰ ਭਾਰਤ ਦੇ ਵੱਖੋ-ਵੱਖਰੇ ਥਾਵਾਂ, ਸ਼ਹਿਰਾਂ, ਨਗਰਾਂ 'ਚ ਸੰਘ ਦੇ ਵਲੰਟੀਅਰਾਂ, ਮੈਂਬਰਾਂ ਨੇ ਸੰਗਠਨ/ਟਰੱਸਟ ਬਣਾਏ ਹੋਏ ਹਨ, ਜੋ ਕਾਨੂੰਨ ਦੇ ਦਾਇਰੇ 'ਚ ਪੈਸਾ ਇਕੱਠਾ ਕਰਦੇ ਹਨ ਅਤੇ ਬੈਂਕ ਖ਼ਾਤੇ ਚਲਾਉਂਦੇ ਹਨ।

ਆਪਣੀ ਸਥਾਪਤੀ ਦੇ ਇੱਕ ਸਦੀ ਬਾਅਦ ਸੰਘ ਭਾਰਤ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤਾਂ ਵਿਚੋਂ ਇੱਕ ਹੈ, ਜਿਸਦੀ ਇੱਕ ਵੱਡੀ ਸਿਆਸੀ ਤਾਕਤ ਹੈ। ਕਿੰਨੀ ਮਹੱਤਵਪੂਰਨ ਗੱਲ ਹੈ ਕਿ ਇਸ ਵੱਲੋਂ ਮਿੱਥੇ ਕਈ ਇਤਿਹਾਸਕ ਮੰਤਵ 370-ਧਾਰਾ ਖ਼ਤਮ ਕਰਨਾ ਅਤੇ ਰਾਮ ਮੰਦਿਰ ਦੀ ਸਥਾਪਨਾ, ਸੜਕ 'ਤੇ ਹੋਏ ਕਿਸੇ ਅੰਦੋਲਨ ਨਾਲ ਨਹੀਂ, ਬਲਕਿ ਸਰਕਾਰੀ ਕਾਰਵਾਈ ਨਾਲ ਪੂਰੇ ਹੋਏ ਹਨ, ਜੋ ਸੰਘ ਅਤੇ ਭਾਜਪਾ ਵਿਚਕਾਰ ਸਹਿਜ ਗੱਠਜੋੜ ਦੇ ਸੰਕੇਤ ਹੀ ਨਹੀਂ, ਸਬੂਤ ਹਨ। ਅੱਜ ਸੰਘ ਦਾ 90 ਫ਼ੀਸਦੀ ਹਿੱਸਾ, ਸ਼ਾਖਾ ਤੋਂ ਬਾਹਰ ਹੈ। ਸੰਘ ਦਾ ਵਿਆਪਕ ਸਮਾਜ ਦੇ ਨਾਲ ਜ਼ਿਆਦਾ ਜੁੜਨਾ ਉਸਦੇ ਵੱਧ ਰਹੇ ਆਤਮ ਵਿਸ਼ਵਾਸ ਨਾਲ ਭਰੀ ਆਵਾਜ਼ ਸਦਕਾ ਹੈ।

ਮੌਜੂਦਾ ਸੰਘ ਮੁਖੀ ਮੋਹਨ ਭਾਗਵਤ ਨੇ ਸੰਘ ਦੇ ਫੈਲਾਅ 'ਚ ਭਰਪੂਰ ਹਿੱਸਾ ਪਾਇਆ ਹੈ। ਉਸਨੇ ਸੰਸਥਾਪਕ ਮੁਖੀ ਐੱਮ.ਐੱਸ. ਗੋਲਵਲਕਰ ਦੀਆਂ ਲਿਖਤਾਂ ਦੇ ਕੁਝ ਪੁਰਾਣੇ ਅੰਸ਼ਾਂ ਤੋਂ ਦੂਰੀ ਬਣਾਕੇ, ਮਨੂ ਸੰਮ੍ਰਿਤੀ ਦੇ ਜਾਤੀਵਾਦੀ ਅੰਗਾਂ ਤੋਂ ਦੂਰ ਹਟਕੇ ਉਨ੍ਹਾਂ ਨੂੰ ਖ਼ਾਰਿਜ ਕੀਤਾ, ਹਿੰਦੂਆਂ ਨੂੰ ਹਰ ਮਸਜ਼ਿਦ ਦੇ ਹੇਠਾਂ ਮੰਦਿਰ ਲੱਭਣ ਤੋਂ ਗੁਰੇਜ ਕਰਨ ਦਾ ਸੁਨੇਹਾ ਦਿੱਤਾ, ਸਿਵਾਏ ਕਾਸ਼ੀ ਅਤੇ ਮਥੁਰਾ ਦੇ। ਪੁਰਸ਼ ਪ੍ਰਧਾਨ ਸਮਾਜ ਵਿਚ ਔਰਤਾਂ ਦੀ ਭਾਗੀਦਾਰੀ, ਜਾਤੀਵਾਦੀ ਭੇਦਭਾਵ ਖ਼ਤਮ ਕਰਨ ਦਾ ਸੱਦਾ ਦਿੱਤਾ। ਸਿੱਟੇ ਵਜੋਂ ਸੰਘ ਭਾਰਤੀ ਸਿਆਸਤ 'ਚ ਭਾਰੂ ਹੁੰਦਾ ਜਾ ਰਿਹਾ ਹੈ। ਇਹ ਸੰਘ ਵੱਲੋਂ ਮੌਜੂਦਾ ਦੌਰ 'ਚ ਸੰਗਠਨਾਤਮਕ ਜ਼ਰੂਰਤਾਂ ਨੂੰ ਦੇਖਦਿਆਂ ਕੀਤੇ ਬਦਲਾਅ ਕਾਰਨ ਵੀ ਸੰਭਵ ਹੋ ਸਕਿਆ ਹੈ।

100 ਸਾਲ ਦੇ ਸਫ਼ਰ ਦੌਰਾਨ ਸੰਸਥਾਪਕ ਮੁਖੀ ਕੇ.ਬੀ. ਹੇਡਗੇਵਾਰ ਤੋਂ ਬਾਅਦ ਗੋਲਵਾਲਕਰ (ਗੁਰੂ ਜੀ), ਬਾਲਾ ਸਾਹਿਬ ਦੇਵਰਸ, ਰਾਜੇਂਦਰ ਸਿੰਘ ਰਾਜੂ ਭਈਆ, ਕੇ.ਐੱਸ. ਸੁਦਰਸ਼ਨ ਅਤੇ ਮੋਹਨ ਭਾਗਵਤ ਨੇ ਅਗਵਾਈ ਕੀਤੀ ਹੈ। ਮੋਹਨ ਭਾਗਵਤ 2009 ਤੋਂ ਸੰਘ ਪ੍ਰਮੁੱਖ ਹਨ। ਇਨ੍ਹਾਂ ਮੁਖੀਆਂ ਦੇ ਕਾਰਜਕਾਲ 'ਚ ਸੰਘ ਨੇ ਪਹਿਲੀ ਵਾਰ ਬਾਲਾ ਸਾਹਿਬ ਦੇਵਰਸ ਦੀ ਅਗਵਾਈ 'ਚ ਆਪਣੇ-ਆਪ ਨੂੰ ਸਿਆਸੀ ਧਿਰ ਵਜੋਂ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਸਮੇਂ ਮੁੱਖ ਧਾਰਾ 'ਚ ਝੋਕਿਆ।

ਪਰ ਰਾਸ਼ਟਰੀ ਸੇਵਕ ਸੰਘ ਨੂੰ ਕਈ ਵਾਰ ਵਿਵਾਦਾਂ ਦਾ ਸਾਹਮਣਾ ਕਰਨਾ ਪਿਆ ਹੈ। ਵੱਡਾ ਵਿਵਾਦ ਮਹਾਤਮਾ ਗਾਂਧੀ ਦੀ ਹੱਤਿਆ ਨਾਲ ਜੁੜਿਆ ਹੋਇਆ ਹੈ। ਗਾਂਧੀ ਜੀ ਦੀ ਹੱਤਿਆ ਨੱਥੂ ਰਾਮ ਗੋਡਸੇ ਨੇ ਕੀਤੀ ਸੀ। ਦੋਸ਼ ਸੀ ਕਿ ਸੰਘ ਦੇ ਗੋਡਸੇ ਨਾਲ ਪੁਰਾਣੇ ਸੰਬੰਧ ਸਨ। ਹਾਲਾਂਕਿ ਇਸ ਸੰਗਠਨ ਅਤੇ ਹੱਤਿਆ ਦੀ ਸਾਜ਼ਿਸ਼ ਦੇ ਵਿਚਕਾਰ ਸਿੱਧਾ ਸੰਬੰਧ ਅਦਾਲਤ 'ਚ ਸਾਬਤ ਨਹੀਂ ਹੋਇਆ।

ਪਰ ਤਤਕਾਲੀ ਸਰਕਾਰ ਨੇ ਸੰਘ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਅਤੇ ਕਿਹਾ ਕਿ ਇਹ ਬੰਦਿਸ਼ ਨਫ਼ਰਤ ਅਤੇ ਹਿੰਸਾ ਦੀਆਂ ਤਾਕਤਾਂ ਨੂੰ ਜੜ੍ਹ ਤੋਂ ਉਖਾੜਨ ਲਈ ਲਾਈਆਂ ਗਈਆਂ। ਸਾਲ 1949 'ਚ ਇਹ ਬੰਦਿਸ਼ ਹਟਾ ਦਿੱਤੀ ਗਈ, ਜਦੋਂ ਆਰ.ਐੱਸ.ਐੱਸ. ਨੇ ਭਾਰਤ ਦੇ ਸੰਵਿਧਾਨ ਅਤੇ ਰਾਸ਼ਟਰੀ ਝੰਡੇ ਦੇ ਪ੍ਰਤੀ ਆਪਣਾ ਵਿਸ਼ਵਾਸ ਪ੍ਰਗਟ ਕੀਤਾ।

ਦੇਸ਼ ਵਿਚ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਦਾ ਐਲਾਨ ਕੀਤਾ, ਤਾਂ ਹੋਰਨਾਂ ਸੰਗਠਨਾਂ ਦੇ ਨਾਲ-ਨਾਲ ਆਰ.ਐੱਸ.ਐੱਸ. ਨੂੰ ਵੀ "ਬੈਨ" ਕਰ ਦਿੱਤਾ ਗਿਆ। ਇਹੀ ਉਹ ਸਮਾਂ ਸੀ, ਜਦੋਂ ਸੰਘ ਨੇ ਆਪਣਾ ਆਧਾਰ ਵਧਾਇਆ। ਅਯੋਧਿਆ ਰਾਮ ਮੰਦਿਰ ਦੇ ਨਿਰਮਾਣ ਲਈ ਆਵਾਜ਼ ਚੁੱਕੀ। ਸੰਘ ਉੱਤੇ ਭੀੜ ਇਕੱਠੀ ਕਰਨ ਦਾ ਦੋਸ਼ ਲੱਗਾ। ਹਾਲਾਂਕਿ ਬਾਅਦ 'ਚ ਇਹ ਬੰਦਿਸ਼ ਹਟਾ ਲਈ ਗਈ।

ਐਮਰਜੈਂਸੀ ਦੇ ਸਮੇਂ ਦੌਰਾਨ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਸਮੇਂ ਸੰਘ ਨੂੰ ਇਹ ਸਰਟੀਫੀਕੇਟ ਵੀ ਜੇ.ਪੀ. ਨਰਾਇਣ ਵੱਲੋਂ ਮਿਲਿਆ, "ਜੇਕਰ ਆਰ.ਐੱਸ.ਐੱਸ. ਫਾਸ਼ੀਵਾਦੀ ਹੈ, ਤਾਂ ਮੈਂ ਵੀ ਫਾਸ਼ੀਵਾਦੀ ਹਾਂ।" ਪਰ ਆਰ.ਐੱਸ.ਐੱਸ. ਦੇ ਆਲੋਚਕਾਂ ਦਾ ਕਹਿਣਾ ਹੈ ਕਿ ਸੰਘ ਦੀ ਵਿਚਾਰਧਾਰਾ ਹਿੰਦੂ ਰਾਸ਼ਟਰ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਂਦੀ ਹੈ, ਜੋ ਧਾਰਮਿਕ ਘੱਟ ਗਿਣਤੀਆਂ ਨੂੰ ਹਾਸ਼ੀਏ 'ਤੇ ਧੱਕਦੀ ਹੈ।

ਜਦੋਂ ਸੰਘ ਦੇ ਮੁੱਖ ਅਖ਼ਬਾਰ "ਆਰਗੇਨਾਇਜ਼ਰ' ਨੇ 17 ਜੁਲਾਈ 1947 ਨੂੰ 'ਰਾਸ਼ਟਰੀ ਝੰਡਾ' ਸਿਰਲੇਖ ਵਾਲੇ ਸੰਪਾਦਕੀ ਵਿਚ ਭਗਵਾਂ ਝੰਡੇ ਨੂੰ ਰਾਸ਼ਟਰੀ ਝੰਡੇ ਦੇ ਤੌਰ 'ਤੇ ਮੰਨਣ ਦੀ ਮੰਗ ਕੀਤੀ, ਤਾਂ ਸੰਘ ਨਿਸ਼ਾਨੇ ਹੇਠ ਆਇਆ ਕਿ ਤਿਰੰਗੇ ਦੀ ਥਾਂ ਆਰ.ਐੱਸ.ਐੱਸ. ਭਗਵਾਂ ਝੰਡੇ ਦਾ ਹਿਮਾਇਤੀ ਸੀ। ਆਲੋਚਕ ਤਾਂ ਇਹ ਵੀ ਕਹਿੰਦੇ ਹਨ ਕਿ 2002 ਤੱਕ ਸੰਘ ਨੇ ਆਪਣੇ ਨਾਗਪੁਰ ਦੇ ਮੁੱਖ ਦਫ਼ਤਰ ਵਿਚ ਤਿਰੰਗਾ ਝੰਡਾ ਨਹੀਂ ਸੀ ਲਹਿਰਾਇਆ।

ਅਸਲ 'ਚ ਸੰਘ ਸਿਧਾਂਤਕ ਤੌਰ 'ਤੇ ਕਮਿਊਨਿਸਟਾਂ ਨੂੰ ਆਪਣੇ ਮੁੱਖ ਵਿਰੋਧੀ ਮੰਨਦਾ ਹੈ ਅਤੇ ਮੁਸਲਮਾਨਾਂ ਨੂੰ ਵਿਦੇਸ਼ੀ ਹਮਲਾਵਰਾਂ ਦੇ ਵਾਰਸ ਗਰਦਾਨਦਾ ਹੈ ਅਤੇ ਇਸਾਈਆਂ ਨੂੰ ਵਿਦੇਸ਼ੀ।

ਆਰ.ਐੱਸ.ਐੱਸ. ਵੱਲੋਂ ਵਿਦਿਆਰਥੀ ਜੱਥੇਬੰਦੀਆਂ, ਮੁਲਾਜ਼ਮਾਂ, ਸਿੱਖਿਆ ਸੰਸਥਾਵਾਂ ਵਿਚ ਆਪਣਾ ਪ੍ਰਭਾਵ, ਅਧਿਕਾਰ ਜਮਾਉਣ ਲਈ ਲਗਾਤਾਰ ਯਤਨ ਹੋਏ ਹਨ। ਦੇਸ਼ ਵਿਚ ਭਾਰਤੀ ਵਿਦਿਆਰਥੀ ਪ੍ਰੀਸ਼ਦ, ਭਾਰਤੀ ਮਜ਼ਦੂਰ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤੀ ਸ਼ਿਕਸ਼ਣ ਮੰਡਲ ਅਤੇ ਹੋਰ ਸੰਸਥਾਵਾਂ ਸਥਾਪਿਤ ਕਰਕੇ ਇਸਨੇ ਆਪਣੇ ਆਕਾਰ 'ਚ ਵਾਧਾ ਕੀਤਾ ਹੈ।

ਸਰਕਾਰ ਅਤੇ ਭਾਜਪਾ ਦੀਆਂ ਮੁੱਖ ਪੋਸਟਾਂ ਵੀ ਸੰਘ ਵਲੋਂ ਕਾਬੂ ਕੀਤੀਆਂ ਹੋਈਆਂ ਹਨ ਅਤੇ ਹੋਰ ਕਾਬੂ ਕਰਨ ਦੇ ਲਗਾਤਾਰ ਯਤਨ ਹੁੰਦੇ ਹਨ। ਸਿੱਟੇ ਵਜੋਂ ਸੰਘ ਮੁਖੀ ਮੋਹਨ ਭਾਗਵਤ ਅਤੇ ਮੋਦੀ ਸਰਕਾਰ ਅਤੇ ਮੋਦੀ ਦੇ ਪੈਰੋਕਾਰਾਂ ਵਿਚ ਕੁੜੱਤਣ ਵਧਦੀ ਹੈ ਅਤੇ ਟਕਰਾਅ ਦੀ ਨੌਬਤ ਆਉਂਦੀ ਹੈ। ਇਸੇ ਟਕਰਾਅ ਕਾਰਨ ਕਈ ਵਾਰ ਸਰਕਾਰ ਹਚਕੋਲੇ ਖਾਂਦੀ ਦਿਸਦੀ ਰਹੀ।

ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ 2024 ਵਿਚ ਕਿਹਾ ਸੀ ਕਿ ਭਾਜਪਾ ਉਸ ਸਮੇਂ ਤੋਂ ਅੱਗੇ ਵੱਧ ਚੁੱਕੀ ਹੈ, ਜਦੋਂ ਉਸ ਨੂੰ ਆਰ.ਐੱਸ.ਐੱਸ. ਦੀ ਲੋੜ ਸੀ। ਇਸ ਬਿਆਨ 'ਤੇ ਮੋਹਨ ਭਾਗਵਤ ਨੇ ਕਿਹਾ ਸੀ, "ਸੇਵਕ (ਜਨਤਾ ਦੀ ਸੇਵਾ ਕਰਨ ਵਾਲੇ) ਵਿਚ ਹੰਕਾਰ ਨਹੀਂ ਹੋਣਾ ਚਾਹੀਦਾ, ਭਾਵੇਂ ਰਿਜ਼ਰਵੇਸ਼ਨ ਦਾ ਮਾਮਲਾ ਹੋਵੇ ਜਾਂ ਜਨ ਸੰਖਿਆ ਦਾ ਮੁੱਦਾ, ਜਾਂ ਫਿਰ 75 ਸਾਲ ਦੀ ਉਮਰ 'ਚ ਨੇਤਾ ਦੇ ਰਿਟਾਇਰ ਹੋਣ ਦਾ।" ਸਰਕਾਰ ਅਤੇ ਸੰਘ ਦੇ ਸੰਬੰਧਾਂ 'ਚ ਖਟਾਸ ਵੇਖਣ ਨੂੰ ਮਿਲੀ।


ਇਸੇ ਤਰ੍ਹਾਂ ਦੀ ਕੁੜੱਤਣ ਭਾਜਪਾ ਦੇ ਪ੍ਰਧਾਨ ਦੀ ਚੋਣ 'ਚ ਭਾਜਪਾ ਅਤੇ ਸੰਘ 'ਚ ਵੇਖਣ ਨੂੰ ਮਿਲ ਰਹੀ ਹੈ। ਜੇ.ਪੀ. ਨੱਢਾ ਦਾ ਪ੍ਰਧਾਨਗੀ ਕਾਰਜਕਾਲ 2023 ਦਾ ਖ਼ਤਮ ਹੈ। ਪਰ ਨਵੇਂ ਪ੍ਰਧਾਨ ਦੇ ਨਾਂਅ 'ਤੇ ਸਹਿਮਤੀ ਨਹੀਂ ਹੋ ਰਹੀ, ਕਿਉਂਕਿ ਸੰਘ, ਭਾਜਪਾ ਆਪਣੇ ਪੱਖੀ ਪ੍ਰਧਾਨ ਨਿਯੁਕਤ ਕਰਨਾ ਚਾਹੁੰਦਾ ਹੈ ਅਤੇ ਮੋਦੀ ਧਿਰ ਆਪਣਾ। ਦੋਹਾਂ 'ਚ ਇੱਕ ਲਕੀਰ ਸਪਸ਼ਟ ਦਿੱਖ ਰਹੀ ਹੈ।

ਪਰ ਫਿਰ ਵੀ ਦੇਸ਼ ਦੀ ਹਾਕਮ ਧਿਰ ਭਾਜਪਾ, ਜਿਸ ਢੰਗ ਨਾਲ ਚੋਣ ਕਮਿਸ਼ਨ, ਨਿਆਂਪਾਲਿਕਾ, ਖ਼ੁਦਮੁਖਤਿਆਰ ਸੰਸਥਾਵਾਂ ਉੱਤੇ ਭਾਰੂ ਹੋ ਰਹੀ ਹੈ ਅਤੇ ਜਿਸ ਢੰਗ ਨਾਲ ਵੱਖੋ-ਵੱਖਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਖੂੰਜੇ ਲਾ ਰਹੀ ਹੈ, ਉਹ ਵਿਚਾਰਧਾਰਿਕ ਤੌਰ 'ਤੇ ਆਰ.ਐੱਸ.ਐੱਸ. ਦੇ ਸਿਧਾਂਤਾਂ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੈ। ਜਿਸ ਕਾਰਨ ਲਗਾਤਾਰ ਦੇਸ਼ 'ਚ ਅਸੰਤੁਸ਼ਟੀ ਦਾ ਮਾਹੌਲ ਪੈਦਾ ਹੋ ਰਿਹਾ ਹੈ ਅਤੇ ਆਲੋਚਕਾਂ ਵੱਲੋਂ ਲਗਾਤਾਰ ਵਿਰੋਧ ਪ੍ਰਗਟ ਕੀਤਾ ਜਾ ਰਿਹਾ ਹੈ। ਹੁਣੇ ਜਿਹੇ ਐੱਨ.ਸੀ.ਈ.ਆਰ.ਟੀ. ਨੇ ਸਕੂਲਾਂ ਦੇ ਸਿਲੇਬਸ ਵਿਚ ਗਾਂਧੀ ਜੀ ਦੀ ਹੱਤਿਆ ਨਾਲ ਸੰਬੰਧਿਤ ਕੁਝ ਅੰਸ਼ ਹਟਾ ਦਿੱਤੇ ਹਨ। ਵਿਰੋਧੀ ਇਸ ਨੂੰ ਸੰਘ ਦੇ ਵਿਵਾਦਿਤ ਅਤੀਤ ਨੂੰ ਮਿਟਾਉਣ ਦਾ ਯਤਨ ਦੱਸ ਰਹੇ ਹਨ।

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



# ਆਰਗੈਨਿਕ ਫੂਡ ਦੇ ਨਾਮ 'ਤੇ ਚੱਲ ਰਿਹਾ ਅਰਬਾਂ ਖਰਬਾਂ ਦਾ ਗੋਰਖ ਧੰਦਾ




ਭਾਰਤ ਵਿਚ ਇਸ ਸਮੇਂ ਆਰਗੈਨਿਕ ਫੂਡ ਦੇ ਨਾਮ 'ਤੇ ਲੋਕਾਂ ਨੂੰ ਰੱਜ ਕੇ ਬੇਵਕੂਫ ਬਣਾਇਆ ਜਾ ਰਿਹਾ ਹੈ। ਕਈ ਚਲਾਕ ਕਿਸਮ ਦੇ ਲੋਕ ਇਸ ਫਰਾਡ ਤੋਂ ਕਰੋੜਾਂ ਰੁਪਏ ਦੀ ਕਮਾਈ ਕਰ ਰਹੇ ਹਨ ਕਿਉਂਕਿ ਆਰਗੈਨਿਕ ਸ਼ਬਦ ਸੁਣਦੇ ਸਾਰ ਅਮੀਰ ਲੋਕ ਕੋਈ ਵੀ ਕੀਮਤ ਦੇਣ ਨੂੰ ਤਿਆਰ ਹੋ ਜਾਂਦੇ ਹਨ। ਪੇਂਡੂ ਬੰਦਾ ਤਾਂ ਸ਼ਾਇਦ ਇਹ ਪਹਿਚਾਣ ਕਰ ਲਵੇ ਕਿ ਇਹ ਅਨਾਜ (ਕਣਕ, ਚਾਵਲ, ਮੱਕੀ ਆਦਿ) ਜਾਂ ਸਬਜ਼ੀਆਂ ਆਰਗੈਨਿਕ ਨਹੀਂ ਹਨ ਪਰ ਸ਼ਹਿਰੀਏ ਇਹ ਪਹਿਚਾਣ ਕਦੇ ਵੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੇ ਤਾਂ ਕਦੇ ਖੇਤਾਂ ਵਿਚ ਪੈਰ ਵੀ ਨਹੀਂ ਪਾਇਆ ਹੁੰਦਾ। ਆਰਗੈਨਿਕ ਅਨਾਜ ਤੇ ਸਬਜ਼ੀਆਂ ਪੈਦਾ ਕਰਨਾ ਬਹੁਤ ਹੀ ਮੁਸ਼ਕਿਲ ਅਤੇ ਘਾਟੇ ਵਾਲਾ ਸੌਦਾ ਹੈ। ਆਪਾਂ ਕਣਕ ਦੀ ਹੀ ਮਿਸਾਲ ਲੈ ਲੈਂਦੇ ਹਾਂ। ਖਾਦਾਂ, ਨਦੀਨ ਨਾਸ਼ਕ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਤਿਆਰ ਕੀਤੀ ਗਈ ਕਣਕ ਦਾ ਔਸਤ ਝਾੜ 20 ਕਵਿੰਟਲ (50 ਮਣ, 2000 ਕਿੱਲੋ) ਦੇ ਕਰੀਬ ਨਿਕਲਦਾ ਹੈ। ਪਰ ਜੇ ਕੋਈ ਕਿਸਾਨ ਕਣਕ ਨੂੰ ਰਸਾਇਣਕ ਖਾਦਾਂ ਆਦਿ ਦੀ ਬਜਾਏ ਪਸ਼ੂਆਂ ਦਾ ਗੋਹਾ ਜਾਂ ਮੁਰਗੀਆਂ ਦੀਆਂ ਵਿੱਠਾਂ ਵਰਤਦਾ ਹੈ ਤੇ ਸੋਸ਼ਲ ਮੀਡੀਆ 'ਤੇ ਖੂਬ ਪ੍ਰਚਾਰੇ ਜਾ ਰਹੇ ਗਾਂ ਦੇ ਮੂਤਰ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਕੀਟਨਾਸ਼ਕ ਦੀ ਵਰਤੋਂ ਕਰਦਾ ਹੈ, ਤਾਂ ਕਿਸੇ ਵੀ ਹਾਲਤ ਵਿਚ ਵੀ ਝਾੜ 5-6 ਕਵਿੰਟਲ (500, 600 ਕਿੱਲੋ) ਤੋਂ ਵੱਧ ਨਹੀਂ ਨਿਕਲ ਸਕਦਾ।

ਅਜਿਹੇ ਕਿਸਾਨ ਦਾ ਸਿਰਫ ਗੁਡਾਈ ਉੱਪਰ ਹੀ ਨੌਂ, ਦਸ ਹਜ਼ਾਰ ਪ੍ਰਤੀ ਏਕੜ ਲੱਗ ਜਾਣਾ ਹੈ। ਸ਼ਾਇਦ 5-6 ਕਵਿੰਟਲ ਵੀ ਝਾੜ ਨਾ ਨਿਕਲੇ ਕਿਉਂਕਿ ਕਣਕ ਨੂੰ ਪੈਣ ਵਾਲੇ ਦੁਸ਼ਮਣ ਕੀੜੇ (ਤੇਲਾ ਆਦਿ) ਆਦਿ ਦਾ ਸਰੀਰਕ ਸਿਸਟਮ ਕੀਟਨਾਸ਼ਕਾਂ ਪ੍ਰਤੀ ਐਨਾ ਪ੍ਰਤੀਰੋਧਕ ਹੋ ਚੁੱਕਾ ਹੈ ਕਿ ਬੇਹੱਦ ਜ਼ਹਿਰੀਲੀਆਂ ਦਵਾਈਆਂ ਦੀਆਂ ਚਾਰ-ਚਾਰ ਸਪਰੇਆਂ ਕਰਨ 'ਤੇ ਵੀ ਪੂਰੀ ਤਰ੍ਹਾਂ ਨਹੀਂ ਮਰਦੇ। ਹੁਣ ਤੁਸੀ ਸੋਚ ਲਉ ਕਿ ਗਾਂ ਮੂਤਰ, ਨਿੰਮ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਗਏ ਜੈਵਿਕ ਕੀਟ ਨਾਸ਼ਕ ਉਸ 'ਤੇ ਕੀ ਅਸਰ ਕਰਨਗੇ? ਇਸ ਵੇਲੇ ਕਣਕ ਦਾ ਸਰਕਾਰੀ ਰੇਟ ਸਾਲ 2025-2026 ਲਈ 2425 ਰੁਪਏ ਪ੍ਰਤੀ ਕਵਿੰਟਲ ਹੈ। ਇਸ ਦਾ ਮਤਲਬ ਇਹ ਹੈ ਕਿ ਆਰਗੈਨਿਕ ਕਣਕ ਉਗਾਉਣ ਵਾਲੇ ਕਿਸਾਨ ਨੂੰ ਜੇ ਆਮ ਕਣਕ ਨਾਲੋਂ 5 ਗੁਣਾ ਵੱਧ ਰੇਟ ਜੋ ਕਿ 12000 ਦੇ ਕਰੀਬ ਬਣਦਾ ਹੈ, ਮਿਲੇ ਤਾਂ ਕਿਤੇ ਉਸ ਦਾ ਘਾਟਾ ਪੂਰਾ ਹੋ ਸਕਦਾ ਹੈ। ਪਰ ਦੂਸਰੇ ਪਾਸੇ ਰਾਜਸਥਾਨੀ ਦੇਸੀ ਤੇ ਆਰਗੈਨਿਕ ਦੱਸ ਕੇ ਵੇਚੀ ਜਾ ਰਹੀ ਕਣਕ 4, 5 ਹਜ਼ਾਰ ਪ੍ਰਤੀ ਕਵਿੰਟਲ ਅਰਾਮ ਨਾਲ ਜਿੰਨੀ ਚਾਹੋ ਮਿਲ ਜਾਂਦੀ ਹੈ। ਐਨੀ ਕਣਕ ਕਿੱਥੋਂ ਆ ਰਹੀ ਹੈ? ਇਹ ਅਸਲ ਵਿਚ ਪੰਜਾਬ ਦੀ ਹੀ ਕਣਕ ਹੈ, ਜਿਸ ਨੂੰ ਧੋ ਸਵਾਰ ਕੇ ਰਾਜਸਥਾਨੀ ਕਣਕ ਦੇ ਨਾਮ 'ਤੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ।

ਕੁਝ ਸਾਲ ਪਹਿਲਾਂ ਮੈਂ ਬਤੌਰ ਐੱਸ.ਪੀ. ਸਬ ਡਵੀਜ਼ਨ ਅਬੋਹਰ ਲੱਗਾ ਹੋਇਆ ਸੀ। ਉਥੇ ਇੱਕ ਨਜ਼ਦੀਕ ਪਿੰਡ ਵਿਚ ਇੱਕ ਕਿਸਾਨ ਦੀ ਬੜੀ ਚਰਚਾ ਸੀ ਕਿ ਉਹ ਆਰਗੈਨਿਕ ਫਸਲਾਂ ਬੀਜਦਾ ਹੈ। ਜਦੋਂ ਮੈਂ ਉਸ ਦੇ ਫਾਰਮ 'ਤੇ ਗਿਆ, ਉਦੋਂ ਕਣਕ ਨਿੱਸਰੀ ਹੋਈ ਸੀ। ਮੈਂ ਉਸ ਨੂੰ ਪੁੱਛਿਆ ਕਿ ਕਣਕ ਲਈ ਖਾਦ ਜਾਂ ਕੀਟਨਾਸ਼ਕ ਜਾਂ ਨਦੀਨ ਨਾਸ਼ਕ ਵਰਤਦੇ ਉ? ਉਹ ਤੜਾਕ ਦੇਣੀ ਬੋਲਿਆ ਕਿ ਮਤਲਬ ਈ ਨਹੀਂ, ਸਿਰਫ ਆਰਗੈਨਿਕ ਵਸਤੂਆਂ ਦੀ ਵਰਤੋਂ ਹੀ ਖਾਦ ਅਤੇ ਸਪਰੇਅ ਵਾਸਤੇ ਕੀਤੀ ਜਾਂਦੀ ਹੈ। ਮੇਰੇ ਕੋਲੋਂ ਰਿਹਾ ਨਾ ਗਿਆ, ਮੈਂ ਕਿਹਾ ਕਿ ਭਾਈ ਸਾਹਿਬ ਤੁਸੀਂ ਇਨ੍ਹਾਂ ਗੱਲਾਂ ਨਾਲ ਸ਼ਹਿਰੀਆਂ ਨੂੰ ਬੇਵਕੂਫ ਬਣਾ ਸਕਦੇ ਉ ਪਰ ਕਿਸੇ ਕਿਸਾਨ ਨੂੰ ਨਹੀਂ। ਤੇਰੀ ਤਕਰੀਬਨ 40, 50 ਏਕੜ ਕਣਕ ਕਾਲੀ ਸ਼ਾਹ ਖੜ੍ਹੀ ਆ ਤੇ ਤੂੰ ਲੋਕ ਵਿਖਾਵਾ ਕਰਨ ਲਈ ਇਸ ਚੁਬੱਚੇ ਵਿਚ 8-10 ਲੀਟਰ ਲੱਸੀ ਵਾਲਾ ਕੀਟਨਾਸ਼ਕ ਰੱਖਿਆ ਹੋਇਆ ਹੈ। ਤੇਰੇ ਖੇਤਾਂ ਵਿਚ ਜੌਂਧਰ ਵਰਗੇ ਕਰੜੇ ਨਦੀਨ ਸਮੇਤ ਕਿਸੇ ਨਦੀਨ ਦਾ ਨਾਮੋ ਨਿਸ਼ਾਨ ਨਹੀਂ ਹੈ। ਗਾਵਾਂ ਤੇਰੇ ਕੋਲ ਸਿਰਫ ਚਾਰ ਖੜ੍ਹੀਆਂ ਨੇ, ਇਹ ਤੀਹ-ਚਾਲੀ ਖੇਤਾਂ 'ਤੇ ਸਪਰੇਅ ਕਰਨ ਜੋਗਾ ਮੂਤਰ ਕਿਵੇਂ ਪੈਦਾ ਕਰ ਸਕਦੀਆਂ ਹਨ? ਬਿਨਾਂ ਰਸਾਇਣਕ ਖਾਦ ਜਾਂ ਸਪਰੇਅ ਤੋਂ ਇਸ ਤਰ੍ਹਾਂ ਦੀ ਸ਼ਾਨਦਾਰ ਕਣਕ ਹੋ ਹੀ ਨਹੀਂ ਸਕਦੀ। ਕੁਝ ਦੇਰ ਤਾਂ ਉਹ ਬਹਿਸ ਕਰਦਾ ਰਿਹਾ ਪਰ ਅਖੀਰ ਵਿਚ ਉਸ ਨੂੰ ਮੰਨਣਾ ਪਿਆ ਕਿ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਧੂੰਆਂਧਾਰ ਪ੍ਰਚਾਰ ਕਾਰਨ ਉਸ ਦਾ ਠਕ-ਠਕਾ ਵਧੀਆ ਚੱਲ ਰਿਹਾ ਹੈ। ਖਾਦ, ਨਦੀਨ ਨਾਸ਼ਕ ਅਤੇ ਕੀਟਨਾਸ਼ਕ ਤਾਂ ਵਰਤਣੇ ਹੀ ਪੈਂਦੇ ਹਨ, ਉਹ ਗੱਲ ਵੱਖਰੀ ਹੈ ਕਿ ਮੈਂ ਬਾਕੀ ਲੋਕਾਂ ਤੋਂ ਥੋੜ੍ਹੇ ਬਹੁਤੇ ਘੱਟ ਵਰਤਦਾ ਹਾਂ।

ਆਰਗੈਨਿਕ ਅਨਾਜ ਤੇ ਸਬਜ਼ੀਆਂ ਪੈਦਾ ਕਰਨਾ ਬਹੁਤ ਹੀ ਮੁਸ਼ਕਿਲ ਅਤੇ ਘਾਟੇ ਵਾਲਾ ਸੌਦਾ ਹੈ। ਆਪਾਂ ਕਣਕ ਦੀ ਹੀ ਮਿਸਾਲ ਲੈ ਲੈਂਦੇ ਹਾਂ। ਖਾਦਾਂ, ਨਦੀਨ ਨਾਸ਼ਕ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਤਿਆਰ ਕੀਤੀ ਗਈ ਕਣਕ ਦਾ ਔਸਤ ਝਾੜ 20 ਕਵਿੰਟਲ (50 ਮਣ, 2000 ਕਿੱਲੋ) ਦੇ ਕਰੀਬ ਨਿਕਲਦਾ ਹੈ। ਪਰ ਜੇ ਕੋਈ ਕਿਸਾਨ ਕਣਕ ਨੂੰ ਰਸਾਇਣਕ ਖਾਦਾਂ ਆਦਿ ਦੀ ਬਜਾਏ ਪਸ਼ੂਆਂ ਦਾ ਗੋਹਾ ਜਾਂ ਮੁਰਗੀਆਂ ਦੀਆਂ ਵਿੱਠਾਂ ਵਰਤਦਾ ਹੈ ਤੇ ਸੋਸ਼ਲ ਮੀਡੀਆ 'ਤੇ ਖੂਬ ਪ੍ਰਚਾਰੇ ਜਾ ਰਹੇ ਗਾਂ ਦੇ ਮੂਤਰ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਕੀਟਨਾਸ਼ਕ ਦੀ ਵਰਤੋਂ ਕਰਦਾ ਹੈ, ਤਾਂ ਕਿਸੇ ਵੀ ਹਾਲਤ ਵਿਚ ਵੀ ਝਾੜ 5-6 ਕਵਿੰਟਲ (500, 600 ਕਿੱਲੋ) ਤੋਂ ਵੱਧ ਨਹੀਂ ਨਿਕਲ ਸਕਦਾ।

ਮੇਰਾ ਇੱਕ ਦੋਸਤ ਮੋਹਾਲੀ ਰਹਿੰਦਾ ਹੈ ਤੇ ਸਰਕਾਰੀ ਨੌਕਰੀ ਕਰਦਾ ਹੈ। ਉਸ ਦੀ ਆਪਣੇ ਮਹਿਕਮੇ ਦੇ ਅਫਸਰਾਂ ਨਾਲ ਬਹੁਤ ਬਣਦੀ ਹੈ, ਜਿਸ ਦੀ ਬਦੌਲਤ ਉਹ ਮਨਮਰਜ਼ੀ ਦੀ ਪੋਸਟਿੰਗ ਕਰਵਾ ਲੈਂਦਾ ਹੈ। ਇੱਕ ਦਿਨ ਮੈਂ ਉਸ ਨੂੰ ਮਿਲਣ ਲਈ ਗਿਆ, ਤਾਂ ਅੱਗੇ ਉਹ ਲਾਅਨ ਵਿਚ ਅੱਠ-ਦਸ ਤਰ੍ਹਾਂ ਦੀਆਂ ਸਬਜ਼ੀਆਂ ਦੀਆਂ ਬੋਰੀਆਂ ਖੋਲ੍ਹੀ ਬੈਠਾ ਸੀ, ਜਿਨ੍ਹਾਂ ਨੂੰ ਕੁਝ ਮਜ਼ਦੂਰ ਧੋ ਸੁਕਾ ਕੇ ਲਿਫਾਫਿਆਂ ਵਿਚ ਪੈਕ ਕਰ ਰਹੇ ਸਨ। ਮੈਂ ਜਦੋਂ ਉਸ ਨੂੰ ਇਸ ਤਮਾਸ਼ੇ ਬਾਰੇ ਪੁੱਛਿਆ, ਤਾਂ ਉਸ ਨੇ ਦੱਸਿਆ ਕਿ ਉਹ ਅਫਸਰਾਂ ਵਾਸਤੇ ਆਪਣੇ ਫਾਰਮ ਦੀ ਆਰਗੈਨਿਕ ਸਬਜ਼ੀ ਪੈਕ ਕਰਵਾ ਰਿਹਾ ਹੈ। ਮੈਂ ਉਸ ਨੂੰ ਪੁੱਛਿਆ ਕਿ ਕਿੱਥੇ ਆ ਤੇਰਾ ਫਾਰਮ, ਕਦੇ ਵਿਖਾਇਆ ਹੀ ਨਹੀਂ। ਉਹ ਹੱਸ ਕੇ ਬੋਲਿਆ ਕਿ ਕਿਹੜਾ ਫਾਰਮ? ਮੈਂ ਆਪਣੇ ਅਫਸਰਾਂ ਨੂੰ ਦੱਸਿਆ ਹੋਇਆ ਹੈ ਕਿ ਖਰੜ ਵੱਲ ਮੇਰਾ ਇੱਕ ਫਾਰਮ ਹੈ, ਜਿੱਥੇ ਮੈਂ ਆਰਗੈਨਿਕ ਸਬਜ਼ੀਆਂ ਦੀ ਖੇਤੀ ਕਰਦਾ ਹਾਂ। ਦਸੀਂ-ਪੰਦਰੀਂ ਦਿਨੀਂ ਚੰਡੀਗੜ੍ਹ ਦੀ ਸਬਜ਼ੀ ਮੰਡੀ ਤੋਂ ਸਬਜ਼ੀਆਂ ਲੈ ਆਉਂਦਾ ਹਾਂ ਤੇ ਧੋ ਸਵਾਰ ਕੇ ਉਨ੍ਹਾਂ ਦੇ ਘਰੀਂ ਪਹੁੰਚ ਦਿੰਦਾ ਹਾਂ। ਅਫਸਰਾਂ ਦੀਆਂ ਪਤਨੀਆਂ ਮੇਰੇ ਪਿੱਛੇ ਪਈਆਂ ਰਹਿੰਦੀਆਂ ਹਨ ਕਿ ਬਜ਼ਾਰ ਵਿਚੋਂ ਖਰੀਦੀ ਹੋਈ ਸਬਜ਼ੀ ਤੇਰੀ ਆਰਗੈਨਿਕ ਸਬਜ਼ੀ ਵਰਗੀ ਸਵਾਦ ਨਹੀਂ ਬਣਦੀ, ਦੁਬਾਰਾ ਦੇ ਕੇ ਜਾਉ। ਬੱਸ ਇਸੇ ਆਰਗੈਨਿਕ ਸਬਜ਼ੀ ਦੇ ਸਿਰ 'ਤੇ ਮਨਮਰਜ਼ੀ ਦੀ ਪੋਸਟਿੰਗ ਹੋ ਜਾਂਦੀ ਹੈ।

ਆਪਣੀ ਘਰੇਲੂ ਵਰਤੋਂ ਵਾਸਤੇ ਤਾਂ ਕਿਚਨ ਗਾਰਡਨ ਵਿਚ ਆਰਗੈਨਿਕ ਸਬਜ਼ੀ ਆਦਿ ਉਗਾਈ ਜਾ ਸਕਦੀ ਹੈ ਪਰ ਕਮਰਸ਼ੀਅਲ ਤੌਰ 'ਤੇ ਇਸ ਨੂੰ ਉਗਾਉਣਾ ਘਾਟੇਵੰਦਾ ਸੌਦਾ ਹੈ। ਜੇ ਤੁਸੀਂ ਜ਼ਰੂਰ ਹੀ ਆਰਗੈਨਿਕ ਸਬਜ਼ੀਆਂ ਜਾਂ ਆਟਾ, ਚਾਵਲ ਆਦਿ ਲੈਣੇ ਹਨ, ਤਾਂ ਬਹੁਤ ਹੀ ਭਰੋਸੇਯੋਗ ਵਿਅਕਤੀ ਕੋਲੋਂ ਲਉ, ਨਹੀਂ ਤਾਂ ਆਪ ਉਗਾ ਲਉ। ਅੱਜਕੱਲ੍ਹ ਸੈਂਕੜੇ ਮਿਹਨਤੀ ਲੋਕ ਆਪਣੇ ਜੋਗੀ ਸਬਜ਼ੀ ਘਰ ਦੀਆਂ ਛੱਤਾਂ ਉੱਪਰ ਹੀ ਗਮਲਿਆਂ ਵਿਚ ਉਗਾ ਰਹੇ ਹਨ।



# ਸੱਜੇ-ਪੱਖੀ ਬਦਲਾਅ, ਸੰਸਾਰ ਕੂਟਨੀਤਕ ਧਰੁਵੀਕਰਨ ਵੱਲ !


ਜਗਦੀਸ਼ ਚੋਹਕਾ
ਹੁਸ਼ਿਆਰਪੁਰ
91-9217997445
001-403-285-4208
ਪੰਜਾਬ ਮੇਲ USA






ਪੂੰਜੀਵਾਦੀ ਸਿਸਟਮ ਵਾਲੇ ਸੰਸਾਰ ਦੀ ਅਰਥ-ਵਿਵਸਥਾ ਦੇ ਵਿਕਾਸ ਦੀ ਦਰ ਸੁਸਤ ਦਿਖਾਈ ਦੇ ਰਹੀ ਹੈ। ਸੰਸਾਰ ਜੀ.ਡੀ.ਪੀ. ਸਾਲ 2025 (ਜਨਵਰੀ) 'ਚ 3.3-ਫੀਸਦੀ ਤੋਂ 28 ਫੀਸਦੀ ਰਹਿਣ ਦਾ ਅਨੁਮਾਨ (-0.5 ਫੀਸਦੀ ਹੇਠਾਂ ਖਿਸਕਣਾ), ਯੂਰਪ 1.00 ਫੀਸਦੀ ਤੋਂ 0.8 ਫੀਸਦੀ (-0.5 ਫੀਸਦੀ ਹੇਠਾਂ ਖਿਸਕਣਾ) ਅਤੇ ਯੂ.ਕੇ. 1.6 ਫੀਸਦੀ ਤੋਂ 1.1 ਫੀਸਦੀ (-0.5 ਫੀਸਦੀ ਹੇਠਾਂ ਖਿਸਕਣਾ) ਸਾਹਮਣੇ ਆ ਰਿਹਾ ਹੈ। ਜਿਸ ਕਾਰਨ ਆਰਥਿਕ ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਕੁਪੋਸ਼ਣ ਅਤੇ ਆਵਾਮ ਅੰਦਰ ਬੇਚੈਨੀ ਦੇ ਆਲਮ ਦਾ ਫੁੱਟਣਾ ਲਾਜ਼ਮੀ ਨਜ਼ਰ ਆਵੇਗਾ। ਜਿਸ ਦੇ ਸਿੱਟੇ ਵਜੋਂ ਲੋਕ ਆਪਣੀਆਂ ਆਰਥਿਕ ਮੁਸ਼ਕਲਾਂ ਦੇ ਵਿਰੁੱਧ ਰੋਸ ਵਜੋਂ ਭੜਕਣਗੇ। ਆਪਣੇ ਅਧਿਕਾਰਾਂ ਦੀ ਰਾਖੀ ਲਈ ਜੇਕਰ ਉਹ ਸੰਘਰਸ਼ਾਂ ਦਾ ਰਾਹ ਫੜ ਲੈਣਗੇ, ਤਾਂ ਕਿਸੇ ਸਿੱਟੇ 'ਤੇ ਪੁੱਜ ਜਾਣਗੇ, ਨਹੀਂ ਤਾਂ ਕੁਰਾਹਿਆਂ ਦਾ ਸ਼ਿਕਾਰ ਹੋ ਜਾਣਗੇ! ਇਹੋ ਜਿਹਾ ਹੁਣ ਅਮਰੀਕਾ ਤੇ ਯੂਰਪ ਅੰਦਰ ਵੀ ਦਿਸ ਰਿਹਾ ਹੈ। ਅਜਿਹਾ ਦੱਖਣੀ ਏਸ਼ੀਆ ਅੰਦਰ ਦੇਖਣ ਨੂੰ ਸਾਹਮਣੇ ਆਇਆ ਸੀ, ਅੱਜ ਭਾਵੇਂ ਰਾਜਨੀਤਿਕ ਬਦਲਾਅ ਉਥੇ ਆਏ ਹਨ; ਪਰ ਸਮਾਜਿਕ ਪ੍ਰੀਵਰਤਨ ਵਿਚ ਕੋਈ ਬਦਲਾਅ ਨਹੀਂ ਹੋਇਆ। ਭਾਵ ਆਵਾਮ ਦੀਆਂ ਮੁਸ਼ਕਲਾਂ ਦਾ ਕੋਈ ਹਲ ਨਹੀਂ ਹੋਇਆ।

ਅੱਜ ਅਮਰੀਕਾ ਸਮੇਤ ਯੂਰਪ ਸਾਰਾ ਪੂੰਜੀਵਾਦੀ ਸੰਸਾਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਇਨ੍ਹਾਂ ਦੇਸ਼ਾਂ ਅੰਦਰ ਸੱਜੇ ਪੱਖ ਵੱਲ, ਰਾਜਨੀਤਿਕ ਝੁਕਾਅ; ਪਿਛਲੇ ਇਕ ਦਹਾਕੇ ਤੋਂ ਸਾਹਮਣੇ ਆ ਰਹੇ ਹਨ। ਬਹੁਤ ਸਾਰੇ ਦੇਸ਼ਾਂ ਵਿਚ ਅਤਿ ਸੱਜੇ-ਪੱਖੀ ਰਾਜਨੀਤਿਕ ਪਾਰਟੀਆਂ ਚੋਣਾਂ ਜਿੱਤ ਕੇ ਅੱਗੇ ਆਈਆਂ ਹਨ। ਉਨ੍ਹਾਂ ਵਲੋਂ ਪ੍ਰਵਾਸ ਰੋਕਣ ਦੇ ਬਹਾਨੇ, ਸੀਮਾ ਬੰਦ ਕਰਨ, ਪ੍ਰਵਾਸ ਨਿਯਮਾਂ ਅੰਦਰ ਸਖ਼ਤਾਈ ਵਰਤਣ ਅਤੇ ਪ੍ਰਵਾਸ ਵਿਰੋਧੀ ਨਾਹਰੇ ਤੋਂ ਅਮਲਾ ਰਾਹੀ ਰਾਜਨੀਤਿਕ ਧਰੁਵੀਕਰਨ ਅਤੇ ਸਮਾਜਿਕ ਤਨਾਅ ਪੈਦਾ ਕਰਨ ਲਈ ਬੜਾਵਾ ਦੇ ਕੇ ਸੰਸਾਰ-ਲੋਕਤੰਤਰ ਲਈ ਖਤਰਾ ਪੈਦਾ ਕਰ ਦਿੱਤਾ ਹੈ। ਅਮਰੀਕਾ ਅਤੇ ਯੂਰਪੀ ਸੰਸਦਾਂ ਅੰਦਰ ਸੱਜੇ ਪੱਖੀ ਪਾਰਟੀਆਂ ਦੇ ਕਾਬਜ਼ ਹੋਣ ਕਰਕੇ ਉਹ ਰਾਜਨੀਤਿਕ ਮੁੱਖਧਾਰਾ ਦੇ ਨਿਯਮਾਂ ਵਿਰੁੱਧ ਆ ਖੜ੍ਹੇ ਹੋਏ ਹਨ। ਆਰਥਿਕ ਸੰਕਟ ਜੋ ਉਨ੍ਹਾਂ ਦੇ ਦੇਸ਼ਾਂ ਦੇ ਹਾਕਮਾਂ ਦੀਆਂ ਨੀਤੀਆਂ ਕਾਰਨ ਪੈਦਾ ਹੈ, ਉਸ ਲਈ ਪ੍ਰਵਾਸੀ ਲੋਕਾਂ ਤੇ ਕਿਰਤੀਆਂ ਨੂੰ ਗਰਦਾਨ ਕੇ ਪ੍ਰਵਾਸੀਆਂ ਵਿਰੁੱਧ ਤੇ ਪ੍ਰਵਾਸ ਵਿਰੁੱਧ ਸੀਮਾਂ ਬੰਦੀ ਅਤੇ ਫਾਸ਼ੀਵਾਦੀ ਰੁਝਾਨਾਂ ਨੂੰ ਜਨਮ ਦੇ ਕੇ ਸੱਜੇ ਪੱਖੀ ਰਾਜਨੀਤੀ ਨੂੰ ਮਜ਼ਬੂਤ ਕਰ ਰਹੇ ਹਨ।

ਸਾਲ 2024 ਦੀਆਂ ਯੂਰਪੀ ਯੂਨੀਅਨ ਦੀਆਂ ਚੋਣਾਂ, ਫਰਾਂਸ ਦੀ ਨੈਸ਼ਨਲ, ਜਰਮਨੀ ਦੀ ਕੇ.ਆਊ.ਅਤੇ ਪਿਛਲੇ ਹਫਤੇ ਯੂ.ਕੇ., ਪੁਰਤਗਾਲ, ਆਸਟਰੀਆ ਡੱਚ ਤੇ ਟਰੰਪ ਵਲੋਂ ਰੈਲੀਆਂ ਤੇ ਬਿਆਨ ਪ੍ਰਵਾਸੀਆਂ ਵਿਰੁੱਧ ਅੱਗ ਉਗਲਣਾ ਹੈ।

ਬਹੁਤ ਸਾਰੇ ਸੱਜੇ ਪੱਖੀ ਪਾਰਟੀਆਂ, ਇਨ੍ਹਾਂ ਦੇ ਦੇਸ਼ਾਂ ਅੰਦਰ ਪ੍ਰਵਾਸ ਕਰਕੇ ਆਏ ਦੱਖਣੀ ਏਸ਼ੀਆ ਤੇ ਮੱਧ ਪੂਰਬ ਏਸ਼ੀਆਂ ਦੇ ਲੋਕਾਂ ਖਾਸ ਕਰਕੇ ਮੁਸਲਮਾਨ ਪ੍ਰਵਾਸੀਆਂ ਦੇ ਵਿਰੋਧ ਵਿਚ ਆਪਣੇ ਲੋਕਾਂ ਨੂੰ ਭੜਕਾਅ ਰਹੇ ਹਨ। ਯੂ.ਕੇ. ਤੋਂ ਬਿਨ੍ਹਾਂ ਆਸਟਰੀਆ, ਫਰਾਂਸ, ਇਟਲੀ, ਜਰਮਨੀ ਤੇ ਅਮਰੀਕਾ ਅੰਦਰ ਜਿੱਤ ਕੇ ਆਈਆਂ ਸੱਜੇ-ਪੱਖੀ ਪਾਰਟੀਆਂ ਦਾ ਰੁੱਖ ਪ੍ਰਵਾਸੀਆ ਵਿਰੁੱਧ ਹੈ। 2025 ਤੋਂ ਪ੍ਰਵਾਸੀ ਲੋਕਾਂ ਦੇ ਕੇਂਦਰਾਂ ਤੇ ਲੋਕਾਂ ਵਿਰੁੱਧ ਨਸਲੀ-ਨਫ਼ਰਤੀ ਪ੍ਰਚਾਰ ਤੇਜ਼ ਹੋਇਆ ਹੈ। ਪ੍ਰਵਾਸੀਆਂ ਵਿਰੁੱਧ ਨਸਲੀ ਹਮਲਾਵਰੀ ਰੁਖ ਵਧਿਆ ਹੈ। ਇਨ੍ਹਾਂ ਦੇਸ਼ਾਂ ਅੰਦਰ ਜੋ ਪਹਿਲਾਂ ਸ਼ਰਨਾਰਥੀਆਂ ਨੂੰ ਛੋਟ ਸੀ, ਉਹ ਹੁਣ ਵਾਪਸ ਲਈ ਜਾ ਰਹੀ ਹੈ। ਫਾਸ਼ੀਵਾਦ ਦੇ ਰੂਪ ਵਿਚ ਨਸਲਵਾਦ ਪਨਪ ਰਿਹਾ ਹੈ। ਅਮਰੀਕਾ ਅੰਦਰ ਟਰੰਪ ਸਰਕਾਰ ਨੇ ਸੀਮਾ 'ਤੇ ਫੌਜ ਦੀ ਤਾਇਨਾਤੀ ਕਰਕੇ ਯੂਰਪੀ ਦੇਸ਼ਾਂ ਨੂੰ ਪ੍ਰਵਾਸ ਰੋਕਣ ਲਈ ਫੌਜ ਲਾਉਣ ਲਈ ਕਿਹਾ। ਕੈਨੇਡਾ ਜਿਹੜਾ ਪ੍ਰਵਾਸ ਸਬੰਧੀ ਬੜਾ ਉਦਾਰਵਾਦੀ ਰਵੱਈਆ ਅਪਣਾਉਂਦਾ ਸੀ, 2023-24 ਤੋਂ ਸਖ਼ਤ ਨੀਤੀਆਂ ਲਿਆ ਰਿਹਾ ਹੈ। ਕੈਨੇਡਾ ਦੀ ਵਿਰੋਧੀ ਪਾਰਟੀ ਕੰਜ਼ਰਵੇਟਿਵ ਪਾਰਟੀ ਦੇ ਮੁਖੀ ਨੇ ਕੈਨੇਡਾ ਅੰਦਰ ਆਰਥਿਕ ਸੰਕਟ ਲਈ ਅਤੇ ਇਸੇ ਤਰ੍ਹਾਂ ਅਸਟ੍ਰੇਲੀਆ ਦੇ ਸੱਜੇ ਪੱਖੀ ਪਾਰਟੀਆਂ ਸਮੇਤ ਹਾਕਮ ਪਾਰਟੀ ਪ੍ਰਵਾਸ ਅਤੇ ਪ੍ਰਵਾਸੀਆਂ ਨੂੰ ਮੁੱਖ-ਜ਼ਿੰਮੇਵਾਰ ਠਹਿਰਾਉਂਦੇ ਹੋਏ ਵਿਰੋਧ ਰੋਸ-ਮੁਜਾਹਰੇ ਕੀਤੇ ਹਨ।

ਪ੍ਰਵਾਸ ਇਕ ਕੁਦਰਤੀ ਵਰਤਾਰਾ ਹੈ, ਜੋ ਹੇਠਾਂ ਤੋਂ ਉਪਰ ਵੱਲ ਗਰੀਬੀ-ਗੁਰਬਤ ਨੂੰ ਦੂਰ ਕਰਨ ਲਈ ਰੁਜ਼ਗਾਰ ਵੱਧ ਵੱਧਦਾ ਹੈ। ਇਹ ਇਕ ਮਨੁੱਖੀ ਹੱਕ ਹੈ, ਅਧਿਕਾਰ ਹੈ, ਕਿ ਜਿਊਣ ਲਈ ਮਨੁੱਖ ਅਨੁਕੂਲ ਦਿਸ਼ਾ ਵੱਲ ਵੱਧਦਾ ਹੈ। ਜੇਕਰ ਤੁਸੀਂ ਰੋਕ ਲਾਉਗੇ ਨਤੀਜੇ ਉਲਟ ਆਉਣਗੇ। ਜੇਕਰ ਟਰੰਪ ਪ੍ਰਵਾਸ ਵਿਰੋਧੀ ਅਤੇ ਯੂਰਪ ਦੇ ਸੱਜੇ ਪੱਖੀ ਪਾਰਟੀਆਂ ਪ੍ਰਵਾਸੀਆਂ ਦੇ ਵਿਰੋਧ ਵਿਚ ਮਨਸੂਬੇ ਤਿਆਰ ਕਰਦੀਆਂ ਹਨ, ਤਾਂ ਪ੍ਰਵਾਸੀ ਜਨ-ਸਮੂਹ ਵੀ ਰੁਜ਼ਗਾਰ ਲਈ, ਉਸ ਦੀ ਰੱਖਿਆ ਲਈ ਅੱਗੇ ਆਉਣਗੇ। ਅੱਜ ਦਾ ਯੁੱਗ ਬਹੁ-ਸੱਭਿਆਚਾਰ ਵਾਦੀ ਹੈ। ਸੰਸਾਰ ਇਕ ਗਲੋਬਲ ਹੈ। ਪੂੰਜੀਵਾਦੀ ਸਿਸਟਮ ਅੰਦਰ ਪੂੰਜੀਪਤੀ ਆਪਣੇ ਮੁਨਾਫਿਆਂ ਲਈ, ਮਾਲ ਵੇਚਣ ਅਤੇ ਸਸਤੀ ਕਿਰਤ ਤੇ ਮੰਡੀ ਲਈ ਤਾਂ ਸੰਸਾਰ ਦੇ ਹਰ ਕੋਨੇ ਅੰਦਰ ਜਾ ਸਕਦਾ ਹੈ। ਪਰ ਕਿਰਤੀ ਆਪਣੀ ਕਿਰਤ ਵੇਚਣ ਲਈ ਜਿਥੇ ਰੁਜ਼ਗਾਰ ਮਿਲੇ, ਉਥੇ ਨਹੀਂ ਜਾ ਸਕਦਾ। ਖੁਦ ਲੁੱਟਣ ਲਈ ਤਾਂ ਖੁੱਲ੍ਹ ਹੈ, ਪਰ ਰੁਜ਼ਗਾਰ ਲਈ ਉਹ ਪ੍ਰਵਾਸੀ ਹੈ, ਬੂਹੇ ਬੰਦ ਕਰ ਦਿਓ, ਇਹ ਕਿਹੜਾ ਨਿਯਮ, ਵਿਵਹਾਰ ਅਤੇ ਨੈਤਿਕਤਾ ਹੈ। ਆਰਥਿਕ ਸੰਕਟ ਪੂੰਜੀਪਤੀਆਂ, ਹਾਕਮਾਂ ਅਤੇ ਨੀਤੀ ਘਾੜਿਆਂ ਕਾਰਨ ਮੁਨਾਫੇ ਵਧਾਉਣ ਕਾਰਨ ਹੈ, ਨਾ ਕਿ ਪ੍ਰਵਾਸ ਕਾਰਨ। ਸਗੋਂ ਕਿਰਤੀ ਆਪਣੀ ਕਿਰਤ ਵੇਚਕੇ ਪੈਦਾਵਾਰ ਵਧਾਉਂਦਾ ਹੈ।

ਧੁਰ ਸੱਜੇ ਪੱਖੀ ਪਾਰਟੀਆਂ, ਆਰਥਿਕ ਸੰਕਟ ਲਈ ਹਾਕਮਾਂ ਜਾਂ ਰਾਜ ਕਰ ਰਹੀਆਂ ਪਾਰਟੀ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਥਾਂ ਪ੍ਰਵਾਸੀਆਂ ਨੂੰ ਨਿਸ਼ਾਨਾਂ ਬਣਾ ਰਹੀਆ ਹਨ। ਜਦਕਿ ਪ੍ਰਵਾਸੀ ਕਿਰਤ-ਸ਼ਕਤੀ ਅਰਥ-ਵਿਵਸਥਾ ਨੂੰ ਬੜ੍ਹਾਵਾ ਦਿੰਦੀ ਹੈ। 'ਮਨੁੱਖੀ ਅਧਿਕਾਰ ਵਾਚ' ਦਾ ਕਹਿਣਾ ਹੈ ਕਿ ਯੂਰਪੀਅਨ ਦੇਸ਼ਾਂ ਦੀਆਂ ਹਾਕਮ ਧਿਰਾਂ ਦੀਆ ਨੀਤੀਆਂ ਸੰਸਾਰ ਅਸਮਾਨਤਾ ਦੇ ਮੂਲ ਕਾਰਕਾਂ ਨੂੰ ਹੱਲ ਕਰਨ ਦੀ ਬਜਾਏ ਸਗੋਂ ਮਨੁੱਖ, ਮਨੁੱਖਤਾ ਅਤੇ ਕਿਰਤੀ ਵਰਗ ਦੇ ਜੀਵਨ ਲਈ ਖਤਰੇ ਪੈਦਾ ਕਰਦੀਆਂ ਹਨ। ਸੰਸਾਰ ਦਾ ਸਾਰਾ ਸੋਸ਼ਲ ਮੀਡੀਆ ਜਿਸ ਦੇ ਉਹ ਮਾਲਕ ਹਨ, ਉਨ੍ਹਾਂ ਦੀਆਂ ਗਲਤ ਧਾਰਨਾਵਾਂ ਨੂੰ ਬੜੀ ਬਾਖੂਬੀ ਨਾਲ ਉਭਾਰਦਾ ਹੈ। ਅਮਰੀਕਾ, ਯੂਰਪ ਅਤੇ ਆਸਟ੍ਰੇਲੀਆ ਦੇ ਧੁਰ ਸੱਜੇ-ਪੱਖੀ ਲੋਕਾਂ ਨੂੰ 20 ਤੋਂ 30 ਫੀਸਦੀ ਸਮਰਥਨ ਪ੍ਰਾਪਤ ਹੈ। ਜੋ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਪ੍ਰਭਾਵਤ ਕਰ ਰਿਹਾ ਹੈ। ਯੂ.ਕੇ. ਦੀ 'ਰਵੰਡਾ' ਯੋਜਨਾ ਟਰੰਪ ਦੀ ਜਿੱਤ ਅਤੇ ਯੂਰਪ ਵਿਖੰਡਨ ਨਕਲ ਨੂੰ ਮੀਡੀਆ ਕਿਵੇਂ ਉਭਾਰ ਰਿਹਾ ਹੈ। ਪਰ ਪ੍ਰਵਾਸੀਆ ਦੇ ਵਿਕਾਸ ਅੰਦਰ ਪਾਏ ਯੋਗਦਾਨ ਨੂੰ ਨਹੀਂ ਉਭਾਰਦਾ ਹੈ।

ਇਸ ਵੇਲੇ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਜਿਹੇ ਵਿਕਸਤ ਦੇਸ਼ ਜਿਹੜੇ ਹੁਣ ਉਦਾਰੀਵਾਦ ਅਤੇ ਸੰਸਾਰੀਕਰਨ ਦੇ ਦੂਰ-ਪ੍ਰਭਾਵਾਂ ਕਾਰਨ ਪੈਦਾ ਹੋਏ ਸੰਕਟ ਨਾਲ ਜੂਝ ਰਹੇ ਹਨ। ਉਹ ਦੇਸ਼, ਉਥੋਂ ਦੀਆਂ ਸੱਜੇ ਪੱਖੀ ਸਰਕਾਰਾਂ ਵੀ ਮੌਜੂਦਾ ਸੰਕਟ ਜੋ ਉਨ੍ਹਾਂ ਦੀਆਂ ਨੀਤੀਆਂ ਦਾ ਨਤੀਜਾ ਹੈ, ਉਸ ਨੂੰ ਸਵੀਕਾਰ ਕਰਨ ਦੀ ਥਾਂ ਉਥੋਂ ਦੇ ਧਰ-ਸੱਜੇ ਪੱਖੀ ਪਾਰਟੀਆਂ ਦੇ ਪ੍ਰਵਾਸ ਅਤੇ ਪ੍ਰਵਾਸੀਆਂ ਵਿਰੋਧੀ ਮਨਸੂਬਿਆਂ ਨੂੰ ਰੋਕਣ ਦੀ ਥਾਂ ਸਗੋਂ ਉਨ੍ਹਾਂ ਨੂੰ ਪੱਠੇ ਪਾ ਕੇ ਆਪਣੀ ਉਮਰ ਵਧਾ ਰਹੀਆਂ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਮੌਜੂਦਾ ਸੱਜੇ-ਪੱਖੀਆਂ ਵਲੋਂ ਮਨੁੱਖੀ ਅਧਿਕਾਰਾਂ ਦੀ ਜੋ ਉਲੰਘਣਾ ਹੋ ਰਹੀ ਹੈ, ਉਸ ਤੋਂ ਵੱਧ ਉਦਾਰਵਾਦੀਆਂ ਦੀ ਤਿੱਖੀ ਪ੍ਰਤੀਕਿਰਿਆ ਵੀ ਦੇਖਣ ਨੂੰ ਆਈ ਹੈ। ਉਹ ਵੀ ਆਪਣੀ ਉਮਰ ਵਧਾਉਣ ਲਈ ਲੋਕ-ਲੁਭਾਉਣੇ ਉਦਾਰਵਾਦੀ ਨਾਹਰਿਆਂ ਰਾਹੀਂ ਵੀ ਮਨੁੱਖੀ ਅਧਿਕਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਅੱਜ ਪੱਛਮ ਦੇ ਦੇਸ਼ਾਂ ਵਿਚਕਾਰ ਕਈ ਮਤਭੇਦ ਹਨ। ਨਵ-ਫਾਸ਼ੀਵਾਦੀ ਤਾਕਤਾਂ ਅਤੇ ਸੱਜੇ-ਪੱਖੀ ਪਾਰਟੀਆਂ ਦਾ ਵੱਧਣਾ, ਨਸਲਵਾਦ, ਵਿਦੇਸ਼ੀ ਡਰ ਅਤੇ ਪ੍ਰਵਾਸ ਦੇ ਡਰ ਦੀਆਂ ਭਾਵਨਾਵਾਂ ਨੂੰ ਤੂਲ ਦੇ ਕੇ ਪੱਛਮੀ ਦੇਸ਼ਾਂ ਅੰਦਰ ਇਨ੍ਹਾਂ ਦਾ ਵਾਧਾ ਹੋਇਆ ਹੈ। ਇਸ ਦਾ ਇਕ ਹੋਰ ਕਾਰਣ ਵਿਹਾਰਕ ਖੱਬੇ-ਪੱਖੀ ਰਾਜਨੀਤਿਕ ਵਿਕਲਪ ਦੀ ਅਣਹੋਂਦ ਹੋਣਾ, ਜਮਹੂਰੀ ਖੱਬੇ ਪੱਖੀ ਅਤੇ ਲੋਕ ਪੱਖੀ ਲੋਕਾਂ ਦੀ ਏਕਤਾ, ਆਵਾਮ ਨੂੰ ਸਿੱਖਿਅਤ ਕਰਨਾ, ਰਾਹੀਂ ਹੀ ਸੱਜ ਪੱਖੀਆਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।

ਇਹ ਵੀ ਅੱਜ ਵੇਖਣ ਨੂੰ ਆਇਆ ਹੈ ਕਿ ਸੱਜੇ ਪੱਖੀ ਪਾਰਟੀਆਂ ਇਕ ਵਾਰ ਸੱਤਾ ਵਿਚ ਆਉਣ ਬਾਅਦ, ਨਾ ਸਿਰਫ਼ ਨਵਉਦਾਰਵਾਦੀ ਨੀਤੀਆਂ ਦਾ ਪਾਲਣਾ ਕਰਦੀਆਂ ਹਨ, ਸਗੋਂ ਸਮਾਜਿਕ ਏਕਤਾ ਨੂੰ ਖ਼ਤਰਾ ਬਣਾਉਣ ਵਾਲੀਆਂ ਵੰਡਵਾਦੀ ਤਾਕਤਾਂ ਦੇ ਵਾਧੇ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ। ਇਸ ਤਰ੍ਹਾਂ ਸੰਸਾਰ ਅਤੇ ਭਾਰਤ ਅੰਦਰ ਵੀ ਸੱਜੇ ਪੱਖ ਦੀ ਦਿਸ਼ਾ ਵਿਚ ਰਾਜਨੀਤਿਕ ਤਬਦੀਲੀ 'ਸੰਸਾਰ ਜਮਹੂਰੀਅਤ, ਅਮਨ ਅਤੇ ਵਿਕਾਸ ਲਈ ਇਕ ਗੰਭੀਰ ਖਤਰਾ ਹੈ, ਜੋ ਲੋਕਾਂ ਅੰਦਰ ਵੰਡੀਆਂ ਪਾਉਣ ਵੱਲ ਵੱਧ ਵੱਧਣਾ ਹੈ।

ਸੱਜੇ ਪੱਖ ਵੱਲ ਤਬਦੀਲੀ ਦਾ ਰੁਝਾਨ ਆਰਥਿਕ ਅਸਮਾਨਤਾਵਾਂ, ਕੂਟਨੀਤਕ ਚੁਣੌਤੀਆਂ, ਰੁਜ਼ਗਾਰ ਲਈ ਰੋਕਾਂ ਅਤੇ ਵਾਤਾਵਰਨ ਨੀਤੀਆਂ ਦੇ ਅੰਤਰ ਵਿਰੋਧਾਂ ਦੇ ਦੌਰ ਨੂੰ ਜਨਮ ਦੇ ਰਹੇ ਹਨ।

# ਜਦ ਵਿਦਿਆਰਥੀ ਦੀ ਸ਼ਰਾਰਤ ਨੇ ਮੁਸੀਬਤ ਵਿਚ ਪਾ ਦਿੱਤਾ

## ਯਾਦਾਂ ਦੇ ਝਰੋਖੇ 'ਚੋਂ


ਸਤਵੀਰ ਸਿੰਘ ਚਾਨੀਆਂ
92569-73526
(Punjab Mail USA)
ਪੰਜਾਬ ਮੇਲ USA






ਦੋ ਹਜ਼ਾਰ ਸੱਤਵਿਆਂ ਦੇ ਸਿਆਲੂ ਦਿਨ। ਤਦੋਂ ਮੈਂ ਵੱਡੇ ਪੇਂਡੂ ਸਰਕਾਰੀ ਸਕੂਲ ਦਾ ਮੁਖੀ ਸਾਂ। ਚੰਗੇ, ਮਾੜੇ, ਖਰੂਦੀ, ਸ਼ਰਾਰਤੀ ਅਨਸਰ ਸਾਰੇ ਤਰ੍ਹਾਂ ਦੇ ਵਿਦਿਆਰਥੀ ਕਰੀਬ ਸਾਰੇ ਸਕੂਲਾਂ ਵਿਚ ਮਿਲ ਜਾਂਦੇ ਹਨ। ਸ਼ਰਾਰਤਾਂ ਤਾਂ ਮਾੜੀਆਂ ਮੋਟੀਆਂ ਅਕਸਰ ਬੱਚੇ ਕਰਦੇ ਰਹਿੰਦੇ ਨੇ ਪਰ ਇਕ ਦਿਨ ਨੌਵੀਂ ਜਮਾਤ ਦੇ ਇਕ ਸ਼ਰਾਰਤੀ ਵਿਦਿਆਰਥੀ ਨੇ ਬੜੀ ਵਿਕੋਲਿਤਰੀ ਸ਼ਰਾਰਤ ਕੀਤੀ। ਹੋਇਆ ਇੰਜ ਕਿ ਇਕ ਸਾਇੰਸ ਵਾਲੇ ਛੱਬੀ-ਸਤਾਈ ਵਰ੍ਹਿਆਂ ਦੇ ਮੈਡਮ ਜੋ ਜਲੰਧਰ ਤੋਂ ਆਪਣੀ ਸਕੂਟਰੀ 'ਤੇ ਸਕੂਲ ਆਇਆ ਕਰਦੇ ਸਨ, ਅੱਧੀ ਛੁੱਟੀ ਵੇਲੇ ਉਨ੍ਹਾਂ ਦੀ ਸਕੂਟਰੀ ਦੀ ਢੋਲਕੀ (ਸਿਲੇਂਸਰ) ਵਿਚ ਉਸ ਸ਼ਰਾਰਤੀ ਵਿਦਿਆਰਥੀ ਨੇ ਕਾਗਜ਼ਾਂ ਦੀ ਪੂਣੀ ਮਰੋੜ ਕੇ ਅੰਦਰ ਧੱਕ ਦਿੱਤੀ। ਸਾਰੀ ਛੁੱਟੀ ਵੇਲੇ ਮੈਡਮ ਸਕੂਟਰੀ ਸਟਾਰਟ ਕਰਨ ਪਰ ਉਹ ਸਟਾਰਟ ਨਾ ਹੋਵੇ। ਅਸੀਂ ਇਕ-ਦੋ ਅਧਿਆਪਕ ਮੈਡਮ ਦੀ ਪ੍ਰੇਸ਼ਾਨੀ ਨੂੰ ਦੇਖ ਕੇ ਰੁਕ ਗਏ। ਕਿੱਕਾਂ ਮਾਰ-ਮਾਰ ਹਫ਼ ਗਏ। ਸਕੂਲ ਦੇ ਬਾਹਰੀ ਚੌਕ 'ਚੋਂ ਸਾਈਕਲ ਮਿਸਤਰੀ ਸੱਦਿਆ। ਉਸ ਪਲੱਗ, ਕਰੰਟ ਅਤੇ ਪੈਟਰੋਲ ਵਗੈਰਾ ਦੀ ਜਾਂਚ ਕੀਤੀ। ਉਹ ਵੀ ਕਿੱਕਾਂ ਮਾਰ-ਮਾਰ ਹਫ਼ ਗਿਆ ਪਰ ਸਕੂਟਰੀ ਸਟਾਰਟ ਨਾ ਹੋਵੇ। ਅਖ਼ੀਰ ਅਸੀਂ ਸਭਨਾਂ ਹਾਰ ਮੰਨ ਲਈ। ਮੈਡਮ ਦੇ ਪਿਤਾ ਜੀ ਜੋ ਪੁਲਿਸ ਵਿਚ ਅਫ਼ਸਰ ਸਨ, ਹੋਰਾਂ ਨੂੰ ਲੈਂਡ ਲਾਈਨ ਫ਼ੋਨ 'ਤੇ ਦੱਸਿਆ ਗਿਆ। ਉਨ੍ਹਾਂ ਜਲੰਧਰੋਂ ਛੂਡ (ਟੈਂਪੂ) ਭੇਜਿਆ। ਉਸ ਉਪਰ ਸਕੂਟਰੀ ਲੱਦੀ। ਮੈਡਮ ਹੋਰਾਂ ਨੂੰ ਨਾਲ ਬਿਠਾਇਆ ਗਿਆ। ਜਦ ਮੈਂ ਆਪਣੇ ਘਰ ਪਹੁੰਚਿਆ, ਤਾਂ ਸ਼ਾਮ ਦੇ ਛੇ ਵੱਜ ਚੁੱਕੇ ਸਨ। ਇਸ ਕਹਾਣੀ ਰਾਹੀਂ ਮੈਂ ਸ਼ਰਾਰਤੀ ਬੱਚਿਆਂ/ਵਿਦਿਆਰਥੀਆਂ ਨੂੰ ਇਹ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਹਲਕਾ-ਫੁਲਕਾ ਸ਼ੁਗਲ ਜਾਇਜ਼ ਹੈ ਪਰ ਅਜਿਹੀ ਸ਼ਰਾਰਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜੋ "ਚਿੜੀਆਂ ਦੀ ਮੌਤ ਤੇ ਗੁਬਾਰਾਂ ਦਾ ਹਾਸਾ" ਦੀ ਕਹਾਵਤ ਨੂੰ ਸੱਚ ਸਾਬਤ ਕਰੇ।

# ਗੁਰੂ ਕਰਤਾ ਹਰਿ ਰਾਇ



ਜਸਵਿੰਦਰ ਸਿੰਘ 'ਰੁਪਾਲ'
98147-15796
ਪੰਜਾਬ ਮੇਲUSA



ਗੁਰੂ ਹਰਿਰਾਇ ਜੀ ਦਾ ਜਨਮ 16 ਜਨਵਰੀ, 1630 ਈਸਵੀ ਨੂੰ ਪਿਤਾ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਜ਼ਿਲ੍ਹਾ ਰੋਪੜ ਵਿਖੇ ਹੋਇਆ। ਜਿੱਥੇ ਅੱਜਕੱਲ੍ਹ ਗੁਰਦੁਆਰਾ ਸ਼ੀਸ਼ ਮਹਲ ਸੁਸ਼ੋਭਿਤ ਹੈ। ਆਪ ਜੀ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਆਪ ਜੀ ਨੂੰ ਬਚਪਨ ਵਿਚ ਹੀ ਸ਼ਸਤਰ ਅਤੇ ਸ਼ਾਸਤਰ ਵਿਦਿਆ ਦਿੱਤੀ ਗਈ। ਆਪ ਜੀ ਸ਼ੁਰੂ ਤੋਂ ਹੀ ਸੰਤ ਸੁਭਾਅ ਦੇ ਮਾਲਕ ਸਨ। ਪ੍ਰਭੂ ਦੀ ਬੰਦਗੀ ਵਿਚ ਆਪਣਾ ਸਮਾਂ ਗੁਜ਼ਾਰਦੇ ਸਨ। ਸਤਿ ਸੰਤੋਖ, ਸਬਰ ਅਤੇ ਕੋਮਲਤਾ ਆਪ ਜੀ ਦੇ ਰਗ-ਰਗ ਵਿਚ ਰਚੀ ਹੋਈ ਸੀ। ਆਪ ਜੀ ਆਪਣੇ ਦਾਦਾ ਗੁਰੂ ਹਰਿਗੋਬਿੰਦ ਜੀ ਦੀ ਸੰਗਤ ਕਰਦੇ ਅਤੇ ਉਨ੍ਹਾਂ ਤੋਂ ਦੁਨਿਆਵੀ ਅਤੇ ਰੂਹਾਨੀ ਗਿਆਨ ਪ੍ਰਾਪਤ ਕਰਦੇ। ਗੁਰੂ ਹਰਿਗੋਬਿੰਦ ਜੀ ਦੀ ਜੁਝਾਰੂ ਬਿਰਤੀ ਤੋਂ ਵੀ ਆਪ ਪ੍ਰਭਾਵਿਤ ਸਨ। ਇਸ ਲਈ 2200 ਸਿੰਘ ਸੂਰਮੇ ਆਪ ਜੀ ਦੇ ਨਾਲ ਹਮੇਸ਼ਾ ਤਿਆਰ ਰਹਿੰਦੇ ਸਨ। ਪਰ ਆਪ ਜੀ ਸ਼ਾਂਤ ਸੁਭਾਅ ਦੇ ਹੋਣ ਕਾਰਨ ਕਦੇ ਵੀ ਜੰਗ ਨਹੀਂ ਸੀ ਕਰਦੇ ਅਤੇ ਜੇ ਕੋਈ ਵੀ ਵਾਰ ਕਰਦਾ, ਤਾਂ ਆਪ ਜੀ ਮਸਲੇ ਨੂੰ ਗੱਲਬਾਤ ਨਾਲ ਸੁਲਝਾਉਣ ਨੂੰ ਤਰਜੀਹ ਦਿੰਦੇ ਸਨ। ਸ਼ਿਕਾਰ ਦੇ ਸ਼ੌਕੀਨ ਸਨ ਪਰ ਆਪ ਕਿਸੇ ਵੀ ਜਾਨਵਰ ਨੂੰ ਮਾਰਦੇ ਨਹੀਂ ਸਨ, ਸਗੋਂ ਉਸ ਨੂੰ ਫੜ ਕੇ ਲੈ ਜਾਂਦੇ ਅਤੇ ਆਪਣੇ ਬਾਗ ਵਿਚ ਉਸਦੀ ਸੰਭਾਲ ਕਰਦੇ।

1640 ਈਸਵੀ ਵਿਚ ਜਦੋਂ ਆਪ ਜੀ 14 ਸਾਲ ਦੇ ਸਨ, ਯੂ.ਪੀ. ਦੇ ਸ਼ਹਿਰ ਅਨੂਪ ਨਗਰ ਦੇ ਵਸਨੀਕ ਦਇਆ ਰਾਮ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਆਪ ਜੀ ਦਾ ਵਿਆਹ ਹੋਇਆ, ਜਿਸ ਦੀ ਕੁੱਖੋਂ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ ਅਤੇ ਇੱਕ ਪੁੱਤਰੀ ਬੀਬੀ ਅਨੂਪ ਕੌਰ ਦਾ ਜਨਮ ਹੋਇਆ।

ਗੁਰੂ ਹਰਿਗੋਬਿੰਦ ਜੀ ਦੇ ਪੰਜ ਪੁੱਤਰ ਸਨ - ਅਟੱਲ ਰਾਇ, ਗੁਰਦਿੱਤਾ, ਅਣੀ ਰਾਇ, ਸੂਰਜ ਮੱਲ ਅਤੇ ਤੇਗ ਬਹਾਦਰ। ਇਨ੍ਹਾਂ ਵਿਚੋਂ 1628 ਵਿਚ ਅਟੱਲ ਰਾਇ ਜੀ ਅਤੇ 1638 'ਚ ਗੁਰਦਿੱਤਾ ਜੀ ਸਵਰਗ ਸਿਧਾਰ ਗਏ ਸਨ। ਅਣੀ ਰਾਇ ਮਸਤ ਮਲੰਗ ਸੁਭਾਅ ਦਾ ਮਾਲਕ ਸੀ। ਤੇਗ ਬਹਾਦਰ ਜੀ ਦੁਨਿਆਵੀ ਬਿਰਤੀ ਤੋਂ ਬੈਰਾਗੀ ਹੋ ਕੇ ਭਗਤੀ ਵਿਚ ਜੁਟੇ ਰਹਿੰਦੇ ਸਨ ਅਤੇ ਸੂਰਜ ਮੱਲ ਤੇ ਦੁਨਿਆਵੀ ਬਿਰਤੀ ਜ਼ਿਆਦਾ ਭਾਰੂ ਸੀ, ਜਿਸ ਕਾਰਨ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਗੁਰਗੱਦੀ ਨਹੀਂ ਸੀ ਦਿੱਤੀ ਜਾ ਸਕਦੀ। ਗੁਰਦਿੱਤਾ ਜੀ ਦੇ ਸਪੁੱਤਰ ਹਰਿਰਾਇ ਜੀ ਨੂੰ ਗੁਰੂ ਹਰਿਗੋਬਿੰਦ ਜੀ ਨੇ ਹਰ ਪਾਸੇ ਤੋਂ ਗੁਰਗੱਦੀ ਦੇ ਯੋਗ ਸਮਝਿਆ ਅਤੇ 1644 ਈਸਵੀ ਵਿਚ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਨਾ ਜੀ ਦੇ ਹੱਥੀਂ ਗੁਰਿਆਈ ਦਾ ਤਿਲਕ ਗੁਰੂ ਹਰਿ ਰਾਇ ਜੀ ਨੂੰ ਲਗਵਾ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਤਾਂ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ 2 ਸਾਲ ਪਹਿਲਾਂ ਹੀ ਹਰਿਰਾਇ ਜੀ ਨੂੰ ਗੱਦੀ ਦਾ ਵਾਰਸ ਬਣਾ ਦਿੱਤਾ ਸੀ, ਜਦਕਿ 1644 ਈਸਵੀ ਵਿਚ ਗੁਰੂ ਹਰਿਗੋਬਿੰਦ ਜੀ ਦੇ ਸਵਰਗ ਸਿਧਾਰਨ ਤੋਂ ਬਾਅਦ ਹੀ ਹਰਿ ਰਾਇ ਜੀ ਨੇ ਪੂਰੀ ਜ਼ਿੰਮੇਵਾਰੀ ਸੰਭਾਲੀ ਸੀ।

ਗੁਰੂ ਹਰਿ ਰਾਇ ਜੀ ਨੇ ਗੁਰੂ ਅੰਗਦ ਦੇਵ ਜੀ ਵਾਂਗ ਸਰੀਰਕ ਤੰਦਰੁਸਤੀ ਵੱਲ ਕਾਫੀ ਧਿਆਨ ਦਿੱਤਾ। ਇੱਕ ਪਾਸੇ ਤਾਂ ਆਪ ਜੀ ਦੀ ਸਰਪ੍ਰਸਤੀ ਵਿਚ ਮੱਲ ਅਖਾੜੇ ਵੀ ਚੱਲਦੇ ਸਨ, ਦੂਜੇ ਪਾਸੇ ਆਪ ਜੀ ਨੇ ਸਰੀਰਕ ਰੋਗਾਂ ਤੋਂ ਛੁਟਕਾਰਾ ਪਵਾਉਣ ਲਈ ਦਵਾਖਾਨਾ ਵੀ ਖੋਲ੍ਹਿਆ ਸੀ। ਜਿਥੋਂ ਜਨਤਾ ਤੰਦਰੁਸਤ ਹੋ ਕੇ ਜਾਂਦੀ ਸੀ। ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਇੱਕ ਵਾਰੀ ਬਿਮਾਰ ਹੋ ਗਿਆ ਸੀ। ਉਸਨੂੰ ਆਪ ਜੀ ਦੇ ਦਵਾਖਾਨੇ ਤੋਂ ਦਿੱਤੀ ਦਵਾਈ ਨਾਲ ਆਰਾਮ ਆਇਆ ਸੀ। ਹਾਲਾਂਕਿ ਰਾਜਿਆਂ ਦਾ ਗੁਰੂ ਘਰ ਨਾਲ ਸ਼ੁਰੂ ਤੋਂ ਹੀ ਇੱਟ ਖੜਿਕਾ ਚੱਲਦਾ ਰਿਹਾ ਸੀ, ਪਰ ਗੁਰੂ ਘਰ ਦੀ ਹੀ ਪਿਰਤ ਅਨੁਸਾਰ ਗੁਰੂ ਹਰਿਰਾਇ ਜੀ ਦੇ ਮਨ ਵਿਚ ਕਿਸੇ ਪ੍ਰਤੀ ਵੀ ਕੋਈ ਵੈਰ ਦੀ ਭਾਵਨਾ ਨਹੀਂ ਸੀ। ਸਮਦ੍ਰਿਸ਼ਟੀ ਅਤੇ ਮਾਨਵਤਾ ਦੀ ਸੇਵਾ ਆਪ ਜੀ ਨੂੰ ਭਰਾਤਰੀ ਭਾਵ ਬਣਾਈ ਰੱਖਣ ਵਿਚ ਸਹਾਇਕ ਹੁੰਦੀ।

ਆਪ ਜੀ ਦੀ ਕੋਮਲਤਾ ਨਾਲ ਸੰਬੰਧਿਤ ਇੱਕ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਇੱਕ ਵਾਰ ਆਪ ਜੀ ਦੇ ਚੋਲੇ ਨਾਲ ਲੱਗ ਕੇ ਇੱਕ ਫੁੱਲ ਟੁੱਟ ਗਿਆ। ਆਪ ਜੀ ਬੜੇ ਉਦਾਸ ਹੋਏ। ਗੁਰੂ ਹਰਿਗੋਬਿੰਦ ਜੀ ਬੋਲੇ, "ਜੇ ਚੋਲਾ ਵਡਾ ਹੋਵੇ ਤਾਂ ਸੰਭਲ ਕੇ ਤੁਰਨਾ ਸਿੱਖੋ।" ਗੁਰੂ ਹਰਿਰਾਇ ਜੀ ਨੇ ਇਹ ਸਿੱਖਿਆ ਪੱਲੇ ਬੰਨ੍ਹ ਲਈ ਅਤੇ ਸਮਝ ਗਏ ਕਿ ਵਡੀ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਵੱਡੀ ਮਿਹਨਤ ਅਤੇ ਵਧੇਰੇ ਧਿਆਨ ਦੀ ਲੋੜ ਹੈ।

ਗੁਰੂ ਬਣਨ ਤੋ ਬਾਅਦ ਆਪ ਜੀ ਨੇ ਸਿੱਖੀ ਦੇ ਪ੍ਰਚਾਰ ਵੱਲ ਕਾਫੀ ਧਿਆਨ ਦਿੱਤਾ। ਜਿੱਥੇ ਆਪ ਜੀ ਨੇ ਕਾਫੀ ਪ੍ਰਚਾਰਕ ਦੌਰੇ ਵੀ ਲਗਾਏ ਜਿਨ੍ਹਾਂ ਵਿਚ ਆਪ ਜੀ ਅੰਮ੍ਰਿਤਸਰ, ਗੋਇੰਦਵਾਲ, ਖਡੂਰ ਸਾਹਿਬ, ਵਡੀ ਲਹਿਲ, ਹਰੀਆਂ ਵੇਲਾਂ, ਭੂੰਗਰਤਾ, ਕਰਤਾਰਪੁਰ, ਪੁਆਧਾ, ਭਾਈ ਕੀ ਡਰੌਲੀ, ਮਾੜੀ, ਮਰ੍ਹਾਜ, ਪਲਾਹੀ ਆਦਿ ਥਾਵਾਂ ਵਿਸ਼ੇਸ਼ ਹਨ। ਆਪ ਜੀ ਨੇ 360 ਮੰਜੀਆਂ ਹੋਰ ਥਾਪੀਆਂ। 4 ਧੂਣੇ ਅਤੇ 6 ਬਖਸ਼ਿਸ਼ਾਂ ਵੀ ਕੀਤੀਆਂ। ਆਪ ਜੀ ਨੇ ਸ਼ਬਦ ਗੁਰੂ ਦੇ ਪ੍ਰਚਾਰ ਲਈ ਆਦਿ ਬੀੜ ਦੀਆਂ ਕਾਪੀਆਂ ਵੀ ਤਿਆਰ ਕਰਵਾਈਆਂ।

ਆਪ ਜੀ ਗੁਰਬਾਣੀ ਦਾ ਬਹੁਤ ਜ਼ਿਆਦਾ ਸਤਿਕਾਰ ਕਰਦੇ ਸਨ। ਆਪ ਜੀ ਦੇ ਦਰਬਾਰ ਵਿਚ ਦੇਸ਼-ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਸਨ। ਇੱਕ ਵਾਰ ਸੰਗਤ ਸ਼ਬਦ ਪੜ੍ਹਦੀ ਹੋਈ ਆ ਰਹੀ ਸੀ ਕਿ ਸ਼ਬਦ ਦੇ ਸਤਿਕਾਰ ਵਜੋਂ ਆਪ ਇੱਕਦਮ ਉੱਠ ਖੜ੍ਹੇ ਹੋਏ। ਆਪ ਜੀ ਦਾ ਗੋਡਾ ਪਲੰਘ ਦੀ ਬਾਹੀ ਵਿਚ ਜ਼ੋਰ ਦੀ ਵੱਜਾ। ਜਦੋਂ ਸਿੱਖਾਂ ਨੇ ਪੁੱਛਿਆ ਤਾਂ ਜਵਾਬ ਦਿੱਤਾ ਕਿ ਬਾਣੀ ਤਾਂ ਸਭ ਤੋਂ ਉੱਚੀ ਹੈ। ਇਸਦਾ ਭੈਅ ਅਦਬ ਹੋਣਾ ਬਹੁਤ ਜ਼ਰੂਰੀ ਹੈ। ਭਾਈ ਸੰਤੋਖ ਸਿੰਘ ਜੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਦੇ ਹਨ:-

ਜਿਨ ਭੈ ਅਦਬ ਨਾ ਬਾਣੀ ਧਾਰਾ।
ਸੋ ਜਾਣਹੁ ਨਹੀਂ ਸਿੱਖ ਹਮਾਰਾ।....
(ਗੁਰਪ੍ਰਤਾਪ ਸੂਰਜ ਗ੍ਰੰਥ ਰਾਸ 10, ਅੰਸੂ 21)

ਆਪ ਜੀ ਕੁਦਰਤ ਦੇ ਬਹੁਤ ਪ੍ਰੇਮੀ ਸਨ। ਵਾਤਾਵਰਣ ਸਾਫ ਬਣਾਈ ਰੱਖਣ ਵਿਚ ਖਾਸ ਰੁਚੀ ਲੈਂਦੇ ਸਨ। ਆਪ ਜੀ ਨੇ ਕਾਫੀ ਸਾਰੇ ਬਾਗ਼ ਆਪਣੇ ਹੱਥੀਂ ਲਗਵਾਏ ਅਤੇ ਵਿਕਸਿਤ ਕੀਤੇ। ਆਪ ਜੀ ਦੇ ਇਸ ਪ੍ਰੇਮ ਨੂੰ ਸਤਿਕਾਰ ਦੇਣ ਲਈ ਸਿੱਖ ਕੌਮ ਆਪ ਜੀ ਦੇ ਗੁਰਗੱਦੀ ਦਿਵਸ ਨੂੰ ਵਾਤਾਵਰਣ ਦਿਵਸ ਦੇ ਰੂਪ ਵਿਚ ਮਨਾਉਂਦੀ ਆ ਰਹੀ ਹੈ।

ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਦੀ ਮਦਦ ਕਰਨ ਵਾਲੇ ਹਰ ਸਮਰਥਕ ਨੂੰ ਸਜ਼ਾਵਾਂ ਦਿੱਤੀਆਂ ਸਨ। ਇਸੇ ਕਾਰਨ ਉਸਨੇ ਗੁਰੂ ਹਰਿਰਾਇ ਜੀ ਨੂੰ ਵੀ ਦਿੱਲੀ ਬੁਲਾਵਾ ਭੇਜ ਦਿੱਤਾ। ਆਪ ਜੀ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਇਹ ਸਮਝਾ ਕੇ ਦਿੱਲੀ ਭੇਜ ਦਿੱਤਾ ਕਿ ਡਰਨਾ ਨਹੀਂ, ਸਿਰਫ ਅਤੇ ਸਿਰਫ ਸੱਚ ਦੀ ਗੱਲ ਕਰਨੀ ਹੈ, ਬਾਣੀ ਦੇ ਸੱਚ ਤੋਂ ਬਾਹਰ ਨਹੀਂ ਜਾਣਾ। ਪਰ ਰਾਮਰਾਇ ਦਿੱਲੀ ਜਾ ਕੇ ਰਾਜੇ ਨੂੰ ਖੁਸ਼ ਕਰਨ ਲੱਗ ਗਏ। ਜਿੱਥੇ ਉਨ੍ਹਾਂ ਨੇ ਗੁਰਮਤਿ ਤੋਂ ਉਲਟ ਕੁਝ ਕਰਾਮਾਤਾਂ ਦਿਖਾਈਆਂ, ਉਥੇ ਇੱਕ ਹੋਰ ਵਡੀ ਗਲਤੀ ਕਰ ਦਿੱਤੀ। ਗੁਰਬਾਣੀ ਦੀ ਪੰਕਤੀ ਹੀ ਬਦਲ ਕੇ ਸੁਣਾ ਦਿੱਤੀ। ਇਸ ਨਾਲ ਰਾਜਾ ਤਾਂ ਖੁਸ਼ ਹੋਇਆ ਅਤੇ ਉਸ ਨੇ ਜਗੀਰ ਵੀ ਦਿੱਤੀ। ਪਰ ਗੁਰੂ ਹਰਿਰਾਇ ਜੀ ਨੂੰ ਪਤਾ ਲੱਗਣ 'ਤੇ ਉਨ੍ਹਾਂ ਨੇ ਰਾਮਰਾਇ ਨੂੰ ਮੂੰਹ ਨਾ ਲਗਾਇਆ ਅਤੇ ਸੰਗਤ ਨੂੰ ਵੀ ਉਸ ਨਾਲ ਤਾਲਮੇਲ ਰੱਖਣ ਤੋਂ ਵਰਜ ਦਿੱਤਾ। ਇਸ ਲਈ ਆਪ ਜੀ ਨੇ ਛੋਟੇ ਪੁੱਤਰ ਹਰਿਕ੍ਰਿਸ਼ਨ ਨੂੰ ਯੋਗ ਜਾਣ ਕੇ ਉਸਨੂੰ ਗੁਰਗੱਦੀ ਸੌਂਪ ਦਿੱਤੀ।

20 ਅਕਤੂਬਰ 1661 ਈਸਵੀ ਨੂੰ ਮਾਤਰ 31 ਸਾਲ ਦੀ ਉਮਰ ਵਿਚ ਆਪ ਜੋਤੀ ਜੋਤ ਸਮਾ ਗਏ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਆਪ ਜੀ ਦੀ ਸਿਫਤ ਕਰਦੇ ਹੋਏ ਲਿਖਦੇ ਹਨ:-

ਸਾਹਾਨਸ਼ਹਿ ਹੱਕ ਨਸਕ ਗੁਰੂ ਕਰਤਾ ਹਰਿਰਾਇ।
ਫਰਮਾ-ਦੇਹ ਨੇਹੁ ਤਬਕ ਗੁਰੂ ਕਰਤਾ ਹਰਿਰਾਇ।
ਗਰਦਨ ਜਨਿ ਸਰਕਸ਼ਾਂ ਗੁਰੂ ਕਰਤਾ ਹਰਿਰਾਇ।
ਯਾਰਿ ਮੁਤਜ਼ਰਆਂ ਗੁਰੂ ਕਰਤਾ ਹਰਿਰਾਇ। ..........(ਗੰਜ ਨਾਮਾ ੧੧, ਭਾਈ ਨੰਦ ਲਾਲ ਜੀ)

ਭਾਵ ਗੁਰੂ ਹਰਿਰਾਇ ਜੀ ਵਾਹਿਗੁਰੂ ਜੀ ਦੀ ਸੋਝੀ ਦੇਣ ਵਾਲੇ ਹਨ। ਨੌ ਆਕਾਸ਼ਾਂ ਦੇ ਮਾਲਕ ਹਨ। ਉਹ ਨਿੰਦਕਾਂ ਦਾ ਨਾਸ ਕਰਨ ਵਾਲੇ ਹਨ ਅਤੇ ਨਿਰਮਾਣ ਸੇਵਕਾਂ ਦੀ ਸਹਾਇਤਾ ਕਰਦੇ ਹਨ।

# ਮਿਸਟਰ ਉਧਾਰਖੋਰ

## ਕੰਡੇ ਦਾ ਕੰਡਾ

-ਡਾ.ਅਮਰੀਕ ਸਿੰਘ ਕੰਡਾ
1764 ਗੁਰੂ ਰਾਮ ਦਾਸ ਨਗਰ ਨੈੜੇ ਨੈਸ਼ਲੇ ਮੋਗਾ-142001 ਪੰਜਾਬ
98557-35666
ਪੰਜਾਬ ਮੇਲUSA



ਜਦੋਂ ਦੁਨੀਆਂ ਬਣੀ ਤਾਂ ਸਮਾਜ ਬਣਿਆ। ਤੇ ਫਿਰ ਜਨਮ ਹੋਇਆ ਮਿਸਟਰ ਉਧਾਰਖੋਰ ਦਾ। ਉਹ ਕੋਈ ਕੰਮ ਨਾ ਕਰਦਾ। ਪਰ ਮਿਸਟਰ ਉਧਾਰਖੋਰ ਨੂੰ ਦੂਸਰਿਆਂ ਦੇ ਬਰਾਬਰ ਐਸ਼ ਕਰਨ ਦੀ ਲਾਲਸਾ ਸੀ। ਮਿਸਟਰ ਉਧਾਰਖੋਰ ਨੂੰ ਹੌਲੀ-ਹੌਲੀ ਉਧਾਰ ਲੈਣ ਦੀ ਆਦਤ ਪੈ ਗਈ। ਸਮਾਜ 'ਚ ਇਕ ਅਜਿਹਾ ਵਰਗ ਵੀ ਸੀ, ਜਿਹੜਾ ਮਿਸਟਰ ਉਧਾਰਖੋਰ ਨੂੰ ਪ੍ਰਸ਼ੰਸ਼ਾ ਦੀਆਂ ਨਜ਼ਰਾਂ ਨਾਲ ਵੇਖਦਾ ਸੀ ਤੇ ਉਸ ਨੂੰ ਖੁਸ਼ੀ-ਖੁਸ਼ੀ ਉਧਾਰ ਦਿੰਦਾ ਸੀ। ਗੱਲ ਕੀ ਜੀ ਸਮਾਜ ਦੋ ਭਾਗਾਂ 'ਚ ਹੋ ਗਿਆ, ਇਕ ਉਧਾਰਖੋਰ ਤੇ ਇਕ ਸੂਦਖੋਰ ਯਾਨੀ ਕਿ ਸਮਾਜਸ਼ਾਸਤਰੀ ਤੇ ਅਰਥਸ਼ਾਸ਼ਤਰੀ।

ਮਿਸਟਰ ਉਧਾਰਖੋਰ ਨੂੰ ਕੇਵਲ ਆਪਣੀ ਇੱਛਾ ਪੂਰੀ ਕਰਨੀ ਹੁੰਦੀ ਹੈ। ਇੱਛਾ ਪੂਰੀ ਹੋਈ ਨਹੀਂ ਕਿ ਉਧਾਰ ਵਾਪਸ ਕਰਨ ਦੀ ਇੱਛਾ ਖਤਮ। ਜਿਸਦੀ ਹਿੰਮਤ ਹੈ, ਤਾਂ ਉਹ ਆਪਣੀ ਤਾਕਤ ਨਾਲ ਉਧਾਰ ਦਿੱਤਾ ਵਸੂਲ ਕਰ ਲਵੇ। ਹਾਂ ਸਾਵਧਾਨ! ਮਿਸਟਰ ਉਧਾਰਖੋਰ ਖੁਦਕੁਸ਼ੀ ਵੀ ਕਰ ਸਕਦਾ ਹੈ। ਸਾਡੇ ਦੇਸ 'ਚ ਇਹ ਪ੍ਰੰਪਰਾ ਹੈ ਕਿ ਉਸ ਰਾਜੇ ਦਾ ਕਲੰਡਰ ਚਲਾਇਆ ਜਾਂਦਾ ਹੈ, ਜਿਸ ਰਾਜੇ ਦੀ ਪਰਜਾ 'ਚ ਕੋਈ ਵੀ ਰਿਣੀ ਜਾਂ ਕਰਜ਼ਾਈ ਨਾ ਹੋਵੇ। ਹੁਣ ਸਰਕਾਰਾਂ ਕਰਜ਼ ਦੇਣ ਲਈ ਨਵੀਆਂ-ਨਵੀਆਂ ਸਕੀਮਾਂ ਚਲਾ ਰਹੀਆਂ ਨੇ, ਵਿਗਿਆਪਨ ਕਰ ਰਹੀਆਂ ਨੇ ਤੇ ਅੱਗੇ ਜਾ ਕੇ ਇਨ੍ਹਾਂ ਦੀਆਂ ਖੁਦਕੁਸ਼ੀਆਂ ਦਾ ਕਲੰਡਰ ਮੀਡੀਏ ਨੇ ਛਾਪ ਦੇਣਾ ਹੈ ਜਾਂ ਚੈਨਲਾਂ 'ਤੇ ਵਿਖਾ ਦੇਣਾ ਹੈ। ਮਿਸਟਰ ਉਧਾਰ ਦੀ ਇਕ ਸਮੱਸਿਆ ਦਾ ਇਕ ਨਜ਼ਰੀਆ ਹੋਰ ਵੀ ਹੈ, ਮਿਸਟਰ ਉਧਾਰਖੋਰ ਜੀ ਪੈਦਾ ਹੋ ਗਏ, ਮਨ ਪੈਦਾ ਹੋ ਗਿਆ ਹੈ ਤੇ ਇੱਛਾਵਾਂ ਪੈਦਾ ਹੋਣ ਲੱਗੀਆਂ। ਕਸਮ ਨਾਲ ਮਿਸਟਰ ਉਧਾਰਖੋਰ ਦੇ ਪੈਦਾ ਹੋਣ ਜਾਂ ਨਾ ਹੋਣ ਦੀ ਕੋਈ ਵੀ ਰੁਚੀ ਨਹੀਂ ਸੀ। ਇਹ ਤਾਂ ਬ੍ਰਹਮੰਡੀ ਸਰਕਾਰ ਨੇ ਮਨ ਤੇ ਇੱਛਾਵਾਂ ਦਾ ਉਧਾਰ ਜ਼ਬਰਦਸਤੀ ਦੇ ਕੇ ਇੱਥੇ ਭੇਜਿਆ ਤੇ ਕਿਹਾ "ਹੇ ਮਾਨਵ ਧਰਤੀ 'ਤੇ ਜਾਉ ਤੇ ਇਹ ਮਨ ਨਾਲ ਲੈਂਦੇ ਜਾਉ, ਬਾਕੀ ਗੱਲਾਂ ਬਾਅਦ 'ਚ, ਸਾਨੂੰ ਸੁੱਖ-ਦੁਖ ਦਾ ਵਿਆਜ਼ ਦਿੰਦੇ ਰਹਿਣਾ।" ਹੁਣ ਮਿਸਟਰ ਉਧਾਰਖੋਰ ਮਨ-ਇੱਛਾਵਾਂ 'ਚ ਫਸਿਆ ਪੂਰਾ ਪਰੇਸ਼ਾਨ ਤੇ ਉਹ ਉਠਿਆ ਫਿਰ ਆਪਣਾ ਮੱਥਾ ਬ੍ਰਹਮੰਡੀ ਸਰਕਾਰ ਦੇ ਚਰਨਾਂ 'ਚ ਰੱਖ ਕੇ ਬੋਲਿਆ,

"ਸਰ ਜੀ ਆਹ ਲਉ ਆਪਣਾ ਮਨ ਤੇ ਇਹ ਆਪਣੀ ਇੱਛਾਵਾਂ ਮੈਨੂੰ ਉਧਾਰਖੋਰੀ ਦੀ ਜ਼ਿੰਦਗੀ ਪਸੰਦ ਨਹੀਂ, ਬੱਸ ਇੰਨਾ ਧਿਆਨ ਰਖਿਉ ਜਦੋਂ ਤੱਕ ਮੈਂ ਜਿਉਂਦਾ ਹਾਂ, ਮੇਰੀ ਜ਼ਿੰਦਗੀ ਦੀ ਬੈਲੇਂਸਸ਼ੀਟ ਮਾਈਨਸ ਨਾ ਹੋਵੇ।" ਏਨਾ ਕਹਿ ਕੇ ਉਹ ਤੁਰ ਪਿਆ, ਤਾਂ ਪਿੱਛੋਂ ਆਵਾਜ ਪਈ "ਹੈਲੋ ਜੀ, ਆਹ ਨਵੀਂ ਸਕੀਮ ਆਈ ਹੈ ਮਾਈਨਰ ਜਿਹਾ ਵਿਆਜ।"

"ਨਹੀਂ ਮੈਂ ਨਹੀਂ ਲੈਣਾ ਕੁੱਛ ਵੀ, ਮੈਨੂੰ ਛੱਡੋ।" ਤੇ ਮਿਸਟਰ ਉਧਾਰਖੋਰ ਬੈੱਡ ਤੋਂ ਥੱਲੇ ਡਿੱਗ ਪਿਆ, ਇਹ ਨਵੀਂ ਸਕੀਮ ਦੀ ਆਵਾਜ਼ ਮਿਸਟਰ ਉਧਾਰਖੋਰ ਦੀ ਪਤਨੀ ਦੀ ਸੀ, ਜਿਹੜੀ ਹੱਥ 'ਚ ਕਿਸੇ ਨਵੇਂ ਖੁੱਲ੍ਹੇ ਮਾਲ ਦੀ ਵਿਗਿਆਪਨ ਪੜ੍ਹ ਕੇ ਸੁਣਾ ਰਹੀ ਸੀ, ਕਿਹੜੀ ਚੀਜ ਨਾਲ ਕਿਹੜੀ ਚੀਜ਼ ਫਰੀ ਹੈ। ਮਿਸਟਰ ਉਧਾਰਖੋਰ ਪਰੇਸ਼ਾਨ ਹੈ।

# ਗੁਰ ਰਾਮਦਾਸ ਰਾਖਹੁ ਸਰਣਾਈ

-ਡਾ. ਸਤਿੰਦਰ ਪਾਲ ਸਿੰਘ
ਸਿਡਨੀ (ਆਸਟ੍ਰੇਲੀਆ)
ਈ ਮੇਲ : akaalpurkh.7@gmail.com
ਪੰਜਾਬ ਮੇਲ USA



ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਆਪਣੀ ਮਿਹਰ ਨਾਲ ਸਾਰੀ ਮਨੁੱਖਤਾ ਦੀਆਂ ਝੋਲੀਆਂ ਭਰ ਦਿੱਤਿਆਂ, ਜੋ ਕਦੇ ਖਾਲੀ ਨਹੀਂ ਹੋਣ ਵਾਲੀਆਂ, ਕੋਟਿ ਕੋਟਿ ਪਾਰਜਾਤ, ਕਾਮਧੇਨ ਉਨ੍ਹਾਂ ਦੇ ਦਰ ਦੀ ਸ਼ੋਭਾ ਬਣੇ, ਕੋਈ ਵੀ ਆਇਆ ਅੱਜ ਤੱਕ ਨਿਰਾਸ਼ ਗਿਆ ਹੀ ਨਹੀਂ। ਗੁਰੂ ਰਾਮਦਾਸ ਜੀ ਦੀ ਨਿਮਖ ਮਾਤਰ ਦ੍ਰਿਸ਼ਟੀ ਹੀ ਸਾਰੇ ਦੁੱਖ ਹਰ ਲੈਂਦੀ ਹੈ। ਉਨ੍ਹਾਂ ਦੀ ਵਡਿਆਈ ਬੇਅੰਤ, ਬੇਅੰਤ ਹੈ, ਜਿਸ ਦੀ ਪ੍ਰਤੀਤਿ ਹਰ ਗੁਰਸਿੱਖ ਦੇ ਚੇਤਨ, ਅਵਚੇਤਨ ਵਿਚ ਪੀੜ੍ਹੀ ਦਰ ਪੀੜ੍ਹੀ ਵੱਸੀ ਹੋਈ ਹੈ। ਇਹ ਪ੍ਰਤੀਤਿ ਹੀ ਉਸ ਦੇ ਮਨ ਅੰਦਰ ਗੁਰੂ ਰਾਮਦਾਸ ਜੀ ਦੀ ਸ਼ਰਣ ਪ੍ਰਾਪਤ ਕਰਨ ਦੀ ਤੀਵ੍ਰ ਤਾਂਘ ਪੈਦਾ ਕਰਦੀ ਹੈ। ਗੁਰੂ ਰਾਮਦਾਸ ਜੀ ਦੀ ਸ਼ਰਣ ਵਿਚ ਉਸ ਨੂੰ ਆਪਣੇ ਅਵਗੁਣਾਂ ਨਾਲ ਭਰੇ ਜੀਵਨ ਦੀ ਉੱਤਮਤਾਈ ਨਜ਼ਰ ਆਉਂਦੀ ਹੈ। ਗੁਰੂ ਰਾਮਦਾਸ ਜੀ ਦੀ ਸ਼ਰਣ ਹਰ ਉਸ ਮਨੁੱਖ ਨੂੰ ਜੀ ਆਈਆਂ ਕਰ ਰਹੀ ਹੈ, ਜਿਸ ਨੇ ਗੁਰੂ ਸਾਹਿਬ ਦੀ ਸ਼ਰਣ ਦਾ ਸੰਕਲਪ ਧਾਰਨ ਕਰ ਲਿਆ ਹੈ। ਗੁਰੂ ਰਾਮਦਾਸ ਜੀ ਜਿਹਾ ਦਇਆਲੂ ਤਾਂ ਮਨੁੱਖੀ ਸੱਭਿਅਤਾ ਦੇ ਇਤਿਹਾਸ 'ਚ ਕੋਈ ਨਹੀਂ ਲੱਭਦਾ। ਗੁਰੂ ਸਾਹਿਬ ਤਾਂ ਦੀਨ ਨੂੰ ਆਪ ਸੱਦ ਕੇ ਆਪਣੀ ਸ਼ਰਣ ਵਿਚ ਲੈਂਦੇ ਹਨ। ਸੰਨ 1557 ਵਿਚ ਇੱਕ ਨਵਾਂ ਨਗਰ ਵਸਾ ਕੇ ਗੁਰੂ ਸਾਹਿਬ ਨੇ ਪਹਿਲਾਂ ਆਪ ਨਿਵਾਸ ਕੀਤਾ, ਫਿਰ ਵੱਖ-ਵੱਖ ਖੇਤਰਾਂ ਦੇ ਕਿਰਤੀਆਂ, ਕਾਰੀਗਰਾਂ ਨੂੰ ਬੁਲਾ ਕੇ ਵਸਾਇਆ। ਗੁਰੂ ਰਾਮਦਾਸ ਜੀ ਦੀ ਆਮਦ 'ਤੇ ਰਿਹਾਇਸ਼ ਦਾ ਅਰਥ ਸੀ ਅੰਮ੍ਰਿਤ ਦੀ ਬਰਖਾ। ਇਹ ਅਸਥਾਨ ਅੰਮ੍ਰਿਤਸਰ ਬਣ ਗਿਆ। ਇਸ ਨਗਰ ਵਿਚ ਪ੍ਰੇਮ ਦੇ ਬੂਟੇ ਲੱਗੇ, ਜੋ ਅੰਮ੍ਰਿਤ ਨਾਲ ਸਿੰਚੇ ਗਏ। ਅੱਜ ਵੀ ਸੰਗਤ ਰੂਪ ਪ੍ਰੇਮ ਦੇ ਬੂਟੇ ਆਉਂਦੇ ਹਨ, ਜਿਨ੍ਹਾਂ ਨੂੰ ਗੁਰੂ ਰਾਮਦਾਸ ਜੀ ਆਪਣੀ ਅੰਮ੍ਰਿਤਮਈ ਬਾਣੀ ਨਾਲ ਸਿੰਚ ਕੇ ਹਰੇ-ਭਰੇ ਕਰ ਦਿੰਦੇ ਹਨ।

ਗੁਰੂ ਰਾਮਦਾਸ ਜੀ ਦੀ ਨਗਰੀ ਦਾ ਆਪਣਾ ਹੀ ਨਿਆਮ, ਵਿਧਾਨ ਹੈ। ਇਸ ਨਗਰੀ ਵਿਚ ਆਉਣ ਲਈ ਯੋਗਤਾ ਪ੍ਰੇਮ ਪੂਰਨ ਸੇਵਾ ਦੀ ਭਾਵਨਾ ਹੈ। ਗੁਰੂ ਰਾਮਦਾਸ ਜੀ ਦੀ ਸ਼ਰਣ ਪ੍ਰੇਮ ਵਿਚ ਰੰਗੇ ਗੁਰਸਿੱਖ ਨੂੰ ਹੀ ਪ੍ਰਾਪਤ ਹੁੰਦੀ ਹੈ।

ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ॥
(ਅੰਗ ੪੫੨)

ਗੁਰੂ ਰਾਮਦਾਸ ਜੀ ਦੇ ਸੱਦੇ ਨੂੰ ਹੁਕਮ ਮੰਨ, ਗੁਰੂ ਸਾਹਿਬ ਦੇ ਪ੍ਰੇਮ ਵਿਚ ਸਿੰਝੇ ਹੋਏ ਅੰਮ੍ਰਿਤਸਰ ਵਿਚ ਵੱਸਣ ਆਏ ਕਿਰਤਿਆਂ ਨੂੰ ਪ੍ਰਤੀਤ ਹੋਇਆ ਕਿ ਉਹ ਆਪਣੇ ਹੀ ਘਰ ਆ ਗਏ ਹੋਣ। ਗੁਰੂ ਸਾਹਿਬ ਨੇ ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕੀਤੀ, ਜਿਵੇਂ ਘਰ, ਪਰਿਵਾਰ ਦਾ ਵਡੇਰਾ ਪੁਰਖ ਪਿਆਰ ਭਰੀ ਸੰਭਾਲ ਕਰਦਾ ਹੈ। ਗੁਰੂ ਘਰ ਵਿਚ ਪ੍ਰੇਮ ਹੀ ਪ੍ਰਵਾਨ ਹੁੰਦਾ ਹੈ। ਕੋਈ ਵੀ ਇਨਕਾਰ ਨਹੀਂ ਕਰੇਗਾ ਕਿ ਉਸ ਦੇ ਮਨ ਅੰਦਰ ਗੁਰੂ ਲਈ ਪ੍ਰੇਮ ਨਹੀਂ ਹੈ। ਪਰ ਪ੍ਰੇਮ ਦਾਅਵਾ ਕਰਨ ਦਾ ਵਿਸ਼ਾ ਨਹੀਂ ਹੈ। ਗੁਰੂ ਰਾਮਦਾਸ ਜੀ ਨੇ ਸਪੱਸ਼ਟ ਕੀਤਾ ਕਿ ਪ੍ਰੇਮ ਆਪ ਹੀ ਪਰਗਟ ਹੁੰਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਮਨ ਪ੍ਰੇਮ 'ਚ ਰੰਗਿਆ ਹੋਵੇ, ਤਾਂ ਅੱਖਾਂ ਤੋਂ ਅੰਮ੍ਰਿਤ ਵਰ੍ਹਦਾ ਹੈ। ਜੀਵਨ 'ਤੇ ਸੰਸਾਰ ਨੂੰ ਵੇਖਣ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ। ਸਾਰੀਆਂ ਲਈ ਪ੍ਰੇਮ ਤੇ ਸਤਿਕਾਰ ਦੀ ਭਾਵਨਾ ਦ੍ਰਿੜ੍ਹ ਹੁੰਦੀ ਹੈ ਕਿਉਂਕਿ ਘਟ-ਘਟ 'ਚ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਆਪਣੇ ਪ੍ਰੇਮ ਦੀ ਪਰਖ ਗੁਰਸਿੱਖ ਆਪ ਕਰ ਸਕਦਾ ਹੈ। ਇਸ ਲਈ ਗੁਰੂ ਸਾਹਿਬ ਨੇ ਪ੍ਰਮਾਤਮਾ ਨੂੰ ਕਸੌਟੀ ਬਣਾਉਣ ਲਈ ਕਿਹਾ। ਪ੍ਰਮਾਤਮਾ ਇਸ ਕਾਰਨ ਪ੍ਰਮਾਤਮਾ ਹੈ ਕਿਉਂਕਿ ਉਹ ਸਤ ਹੈ, ਕਰਤਾ ਹੈ, ਨਿਰਭਉ ਹੈ, ਨਿਰਵੈਰ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਗੁਰਸਿੱਖ ਦੇ ਪ੍ਰਮਾਤਮਾ ਪ੍ਰੇਮ ਦਾ ਪ੍ਰਮਾਣ ਹੈ। ਇਹ ਇੱਕੋ ਕਸੌਟੀ ਹੈ ਪ੍ਰੇਮ ਦੀ ਜੋ ਗੁਰੂ ਰਾਮਦਾਸ ਜੀ ਦੀ ਸ਼ਰਣ ਪ੍ਰਾਪਤ ਕਰਨ 'ਚ ਸਹਾਇਕ ਹੈ। ਪ੍ਰੇਮ ਦਾ ਇਹ ਗੂੜ੍ਹਾ ਰੰਗ ਗੁਰਸਿੱਖ ਦੇ ਤਨ ਤੇ ਮਨ ਦੂਹਾਂ ਨੂੰ ਰੰਗਦਾ ਹੈ ਅਤੇ ਇੱਕਸਾਰ ਕਰ ਦਿੰਦਾ ਹੈ। ਤਨ ਤੇ ਮਨ ਦੋਵੇਂ ਇੱਕੋ ਦਿਸ਼ਾ ਵੱਲ, ਇੱਕੋ ਮਾਰਗ 'ਤੇ ਚੱਲਦੇ ਹਨ। ਕੋਈ ਭੇਦ ਜਾਂ ਭਿੰਨਤਾ ਨਹੀਂ ਹੁੰਦੀ। ਕਥਨ ਤੇ ਕਰਮ ਦਾ ਭਿੰਨਤਾ ਵਰਤਮਾਨ ਦੀ ਹੀ ਨਹੀਂ, ਸਦਾ ਦੀ ਚੁਣੌਤੀ ਰਹੀ ਹੈ। ਗੁਰਸਿੱਖ ਪ੍ਰੇਮ ਦੀ ਪੂਰਨਤਾ ਪ੍ਰਾਪਤ ਕਰਨ ਤੋਂ ਬਾਅਦ ਇਸ ਭਿੰਨਤਾ ਨੂੰ ਦੂਰ ਕਰਨ 'ਚ ਸਫਲ ਹੋ ਜਾਂਦਾ ਹੈ। ਉਸ ਨੂੰ ਗੁਰੂ ਦਾ ਦਰ ਆਪਣਾ ਲੱਗਣ ਲੱਗਦਾ ਹੈ। ਗੁਰੂ, ਗੁਰਬਾਣੀ ਵਿਚ ਆਪਣੇ ਜੀਵਨ ਦੀ ਸਾਰਥਕਤਾ ਨਜ਼ਰ ਆਉਣ ਲੱਗ ਜਾਂਦੀ ਹੈ।

ਗੁਰੂ ਨਾਲ ਨੇੜਤਾ ਦੇ ਸਬੰਧ ਦਾ ਅਹਿਸਾਸ ਹੋਣਾ ਪ੍ਰਮਾਤਮਾ ਪ੍ਰੇਮ ਦੀ ਪੂਰਨਤਾ ਪ੍ਰਾਪਤ ਕਰਨ ਦੀ ਵੱਡੀ ਲੋੜ ਹੈ। ਗੁਰਸਿੱਖ ਗੁਰੂ ਕੋਲ ਆਵੇ, ਤਾਂ ਗੁਰੂ ਦਾ ਹੋ ਕੇ, ਗੁਰੂ ਨੂੰ ਆਪਣਾ ਮੰਨ ਕੇ ਆਵੇ। ਇੱਕ ਗੁਰੂ ਦਾ ਘਰ ਹੀ ਆਪਣਾ ਹੈ।

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥
(ਅੰਗ ੪੫੧)

ਆਪਣਾ ਘਰ ਹੀ ਅਜਿਹਾ ਅਸਥਾਨ ਹੈ, ਜਿੱਥੇ ਮਨੁੱਖ ਆਪਣੇ ਲਗਭਗ ਸੱਚੇ ਰੂਪ ਵਿਚ ਵਿਵਹਾਰ ਕਰਦਾ ਹੈ। ਆਪਣੇ ਮਨ ਦਾ ਪ੍ਰਗਟ ਕਰਨ ਵਿਚ ਉਸ ਨੂੰ ਕੋਈ ਸੰਕੋਚ ਨਹੀਂ ਹੁੰਦਾ। ਆਪਣਾ ਘਰ ਮਨੁੱਖ ਨੂੰ ਅਚਿੰਤ ਕਰਦਾ ਹੈ ਤੇ ਸੁਰੱਖਿਆ ਦਾ ਅਹਿਸਾਸ ਪ੍ਰਦਾਨ ਕਰਦਾ ਹੈ। ਗੁਰੂ ਰਾਮਦਾਸ ਜੀ ਗੁਰਸਿੱਖ ਨੂੰ ਗੁਰੂ ਘਰ, ਗੁਰੂ ਦੇ ਨਗਰ ਵਿਚ ਆਪਣਾ ਘਰ ਸਮਝ ਕੇ ਆਉਣ ਦੀ ਪ੍ਰੇਰਣਾ ਕਰਦੇ ਹਨ। ਇਹ ਨਗਰ, ਅਸਥਾਨ ਪ੍ਰਮਾਤਮਾ ਨਾਲ ਮੇਲ ਕਰਾਉਣ ਦਾ ਅਸਥਾਨ ਹੈ। ਇਹੋ ਇੱਕ ਅਸਥਾਨ ਹੈ, ਜਿੱਥੇ ਪ੍ਰੇਮ ਦੀ ਅਵਸਥਾ ਪ੍ਰਵਾਨ ਚੜ੍ਹਦੀ ਹੈ ਤੇ ਉਸ ਪ੍ਰੇਮ ਦਾ ਸੱਚਾ ਆਨੰਦ ਮਾਣਨ ਦੀ ਜਾਚ ਆ ਜਾਂਦੀ ਹੈ। ਗੁਰੂ ਰਾਮਦਾਸ ਜੀ ਨੇ ਵਚਨ ਕੀਤਾ ਕਿ ਆਨੰਦ ਵਾਹਿਗੁਰੂ ਪ੍ਰਮਾਤਮਾ ਨੂੰ ਇਵੇਂ ਧਾਰਨ ਕਰਨ ਵਿਚ ਜਿਵੇਂ ਕੋਈ ਇਸਤ੍ਰੀ ਆਪਣੇ ਪਤੀ ਨੂੰ ਆਪਣਾ ਸੁਹਾਗ ਤੇ ਆਪਣੇ ਮਸਤਕ ਦੀ ਸ਼ੋਭਾ ਮੰਨ ਕੇ ਮਨ ਅੰਦਰ ਪ੍ਰੇਮ ਨਾਲ ਵਸਾਉਂਦੀ ਹੈ। ਗੁਰੂ ਸਾਹਿਬ ਨੇ ਦੂਜੀ ਜੁਗਤ ਦੱਸੀ ਕਿ ਨੇਤ੍ਰਾਂ ਅੰਦਰ ਪ੍ਰਮਾਤਮਾ ਦੇ ਦਰਸ਼ਨ ਦੀ ਤਾਂਘ ਇਵੇਂ ਹੋਵੇ ਜਿਵੇਂ ਚਾਤ੍ਰਿਕ ਪੰਛੀ ਅੰਦਰ ਸਵਾਤੀ ਦੀ ਇੱਕ ਬੂੰਦ ਲਈ ਹੁੰਦੀ ਹੈ। ਇਸ ਨੂੰ ਬਿਰਹਾ ਵੀ ਕਿਹਾ। ਗੁਰਸਿੱਖ ਨੂੰ ਬਸੰਤ ਰੁਤ ਚੇਤੇ ਕਰਾਉਂਦੀਆਂ ਗੁਰੂ ਸਾਹਿਬ ਨੇ ਕਿਹਾ ਕਿ ਪ੍ਰੀਤਮ ਘਰ ਨਾ ਹੋਵੇ, ਤਾਂ ਇਹ ਸਰਸ ਤੇ ਭਲੀ ਰੁਤ ਵੀ ਦੁੱਖਦਾਈ ਬਣ ਜਾਂਦੀ ਹੈ। ਬਸੰਤ ਰੁਤ ਮਾਣਨ ਲਈ ਮਨ ਅੰਦਰ ਵੱਡੀ ਆਸ ਹੋਵੇ ਗੁਰੂ ਦਰਸ਼ਨ ਦੀ। ਜਦੋਂ ਗੁਰੂ ਦੇ ਦਰਸ਼ਨ ਸੁਭਾਗ ਪ੍ਰਾਪਤ ਹੋਵੇ, ਤਾਂ ਇਵੇਂ ਸੁੱਖ ਪ੍ਰਾਪਤ ਹੋਵੇ, ਜਿਵੇਂ ਮਾਤਾ ਦੇ ਹਿਰਦੈ ਵਿਚ ਆਪਣੇ ਬਾਲਕ ਨੂੰ ਵੇਖ ਕੇ ਵਿਗਾਸ ਪੈਦਾ ਹੁੰਦਾ ਹੈ।

ਜੋ ਨਗਰ ਗੁਰਸਿੱਖ ਦੇ ਨਿਵਾਸ ਲਈ ਯੋਗ ਹੈ, ਉਸ ਦਾ ਸੁਆਮੀ ਗੁਰੂ ਆਪ ਹੈ। ਗੁਰੂ ਦਾ ਦਰ ਅੰਮ੍ਰਿਤ ਦਾ ਘਰ ਹੈ, ਜੋ ਸੁੱਤੇ ਮਨ ਨੂੰ ਜਗਾਉਣ ਵਾਲਾ, ਭਰਮੇ ਹੋਏ ਮਨ ਨੂੰ ਸੁਮਾਰਗ 'ਤੇ ਲਿਆਉਣ ਵਾਲਾ ਤੇ ਸੱਖਣੇ ਮਨ ਨੂੰ ਸੱਚੀ ਰਾਸ ਨਾਲ ਭਰਨ ਵਾਲਾ ਹੈ। ਗੁਰੂ ਰਾਮਦਾਸ ਜੀ ਨੇ ਕਿਹਾ ਕਿ ਗੁਰੂ ਦਾ ਦਰਸ਼ਨ ਮਾਤਰ ਆਸ ਜਗਾ ਦਿੰਦਾ ਹੈ ਕਿਉਂਕਿ ਉਸ ਦੀ ਹੋਂਦ ਅੰਮ੍ਰਿਤ ਦਾ ਸੋਮਾ ਹੈ। ਗੁਰੂ ਦੀ ਅੰਮ੍ਰਿਤ ਬਾਣੀ ਅੰਤਰ ਨੂੰ ਗਿਆਨ ਨਾਲ ਪ੍ਰਕਾਸ਼ਿਤ ਕਰਨ ਵਾਲੀ ਹੈ। ਗੁਰੂ ਅੰਮ੍ਰਿਤ ਮਈ ਭਗਤੀ ਦਾ ਭੰਡਾਰ ਹੈ ਤੇ ਕਦੇ ਡੋਲਣ ਨਹੀਂ ਦਿੰਦਾ। ਗੁਰੂ ਦੀ ਨਗਰੀ ਵਿਚ ਆਉਣ ਦਾ ਮਨੋਰਥ ਅੰਮ੍ਰਿਤ ਨਾਲ ਜੀਵਨ ਨੂੰ ਸਿੰਚਿਤ ਕਰਨਾ ਹੈ। ਗੁਰੂ ਜਿਸ ਨੂੰ ਜੋ ਬਖ਼ਸ਼ਿਸ਼ਾਂ ਦੇ ਰਿਹਾ ਹੈ, ਗੁਰਸਿੱਖ ਉਹੋ ਪ੍ਰਾਪਤ ਕਰ ਰਿਹਾ ਹੈ। ਗੁਰਸਿੱਖ ਆਪਣੀ ਪ੍ਰਾਪਤੀਆਂ 'ਤੇ ਕੋਈ ਮਾਣ ਨਹੀਂ ਕਰ ਸਕਦਾ। ਗੁਰੂ ਦੀ ਨਗਰੀ ਵਿਚ ਉਹ ਗੁਰੂ ਦਾ ਨਿਮਾਣਾ ਜਿਹਾ ਦਾਸ ਹੈ "ਜਨੁ ਨਾਨਕ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੇ"। ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਆਉਣ ਲਈ ਗੁਰਸਿੱਖ ਆਪਣੀ ਇਹ ਪਛਾਣ ਸਵੀਕਾਰ ਕਰੇ, ਤਾਂ ਹੀ ਗੁਰੂ ਅੰਦਰ ਸੱਚੇ ਸਾਹ ਦੇ ਦਰਸ਼ਨ ਕਰ ਸਕੇਗਾ।

ਗੁਰੂ ਰਾਮਦਾਸ ਜੀ ਦਾ ਵਸਾਇਆ ਨਗਰ ਸਿਫਤੀ ਦਾ ਘਰ ਹੈ। ਸੰਸਾਰ ਦੀ ਸਰਵ ਸ੍ਰੇਸ਼ਟ ਸਿਫਤ ਪ੍ਰਮਾਤਮਾ ਦਾ ਨਾਮ ਇਸ ਅਸਥਾਨ ਨੂੰ ਪਾਵਨ ਬਣਾ ਰਿਹਾ ਹੈ। ਗੁਰੂ ਦੇ ਨਗਰ ਦੀ ਇਸ ਸਿਫਤ ਨੂੰ ਜਾਣ ਕੇ ਮਨ 'ਚ ਧਾਰਨ ਕਾਰਿਆਂ ਸਾਰੇ ਸੋਗ, ਸੰਤਾਪ ਮਿਟ ਜਾਂਦੇ ਹਨ। ਮਨ ਥਿਰ 'ਤੇ ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਗੁਰੂ ਰਾਮਦਾਸ ਜੀ ਦੇ ਕਾਲ ਵਿਚ ਹੀ ਅੰਮ੍ਰਿਤਸਰ ਨਗਰ ਆਤਮ ਵਿਗਸ ਦਾ ਅਸਥਾਨ ਬਣ ਗਿਆ ਸੀ। ਜੀਵਨ ਦੀਆਂ ਸੰਸਾਰਕ ਲੋੜਾਂ ਤੇ ਰੂਹਾਨੀ ਮੰਗਾਂ ਦੋਵੇ ਹੀ ਪੂਰਨ ਹੋ ਰਹਿਆਂ ਸਨ। ਗੁਰੂ ਨਾਨਕ ਜੀ ਦੇ ਪੰਥ ਦੀ ਵਡਿਆਈ, ਗੁਰੂ ਰਾਮਦਾਸ ਜੀ ਦੇ ਵਸਾਏ ਨਗਰ ਦੀ ਸ਼ੋਭਾ ਨਿਤ ਵੱਧ ਰਹੀ। ਇਸ ਨਗਰ ਦੀ ਵਡਿਆਈ ਸ੍ਰੀ ਕ੍ਰਿਸ਼ਨ ਜੀ ਦੇ ਆਪ ਚੱਲ ਕੇ ਸੁਦਾਮਾ ਦੇ ਘਰ ਆਉਣ ਜਿਹੀ ਹੈ "ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ"। ਗੁਰੂ ਰਾਮਦਾਸ ਜੀ ਸਿਮਰਨ ਕਰਨ ਵਾਲੇ ਗੁਰਸਿੱਖ ਦਾ ਜੀਵਨ ਸੰਵਾਰਨ ਲਈ ਗੁਰੂ ਸਾਹਿਬ ਆਪ ਅੱਗੇ ਹੋ ਕੇ ਕ੍ਰਿਪਾ ਦਾ ਮੀਂਹ ਬਰਸਾਉਂਦੇ ਹਨ। ਕੋਈ ਨਿਰਾਸ਼ ਨਹੀਂ ਜਾਉਂਦਾ। ਪਰ ਗੁਰੂ ਨਾਲ ਧ੍ਰੋਹ ਕਰਨਾ ਆਤਮਘਾਤ ਬਣ ਜਾਂਦਾ ਹੈ।

ਨਿੰਦਕ ਸਾਕਤੁ ਖਵਿ ਨ ਸਕੈ ਤਿਲੁ ਆਪਣੈ ਘਰਿ ਲੂਕੀ ਲਾਈ॥ (ਅੰਗ ੧੧੯੧)

ਕੁਪੰਥੀ, ਪਾਪੀ ਕਿੰਨੇ ਹੀ ਜ਼ੋਰ, ਜ਼ੁਲਮ ਕਰਨ ਗੁਰੂ ਦੀ ਨਗਰੀ ਦੀ ਸ਼ੋਭਾ ਤਿਲ ਮਾਤਰ ਨਹੀਂ ਘੱਟਦੀ। ਜਿਸ ਨੂੰ ਆਤਮ ਪ੍ਰਬੋਧ ਹੋ ਗਿਆ, ਉਹ ਗੁਰੂ ਰਾਮਦਾਸ ਜੀ ਦੀ ਸ਼ਰਣ ਦਾ ਜਾਚਕ ਬਣ ਜਾਂਦਾ ਹੈ।



, ਗੁਰੂ ਸਾਹਿਬ ਦੇ ਪ੍ਰੇਮ ਵਿਚ ਸਿੰਝੇ ਹੋਏ ਅੰਮ੍ਰਿਤਸਰ ਵਿਚ ਵੱਸਣ ਆਏ ਕਿਰਤਿਆਂ ਨੂੰ ਪ੍ਰਤੀਤ ਹੋਇਆ ਕਿ ਉਹ ਆਪਣੇ ਹੀ ਘਰ ਆ ਗਏ ਹੋਣ। ਗੁਰੂ ਸਾਹਿਬ ਨੇ ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕੀਤੀ, ਜਿਵੇਂ ਘਰ, ਪਰਿਵਾਰ ਦਾ ਵਡੇਰਾ ਪੁਰਖ ਪਿਆਰ ਭਰੀ ਸੰਭਾਲ ਕਰਦਾ ਹੈ। ਗੁਰੂ ਘਰ ਵਿਚ ਪ੍ਰੇਮ ਹੀ ਪ੍ਰਵਾਨ ਹੁੰਦਾ ਹੈ। ਕੋਈ ਵੀ ਇਨਕਾਰ ਨਹੀਂ ਕਰੇਗਾ ਕਿ ਉਸ ਦੇ ਮਨ ਅੰਦਰ ਗੁਰੂ ਲਈ ਪ੍ਰੇਮ ਨਹੀਂ ਹੈ। ਪਰ ਪ੍ਰੇਮ ਦਾਅਵਾ ਕਰਨ ਦਾ ਵਿਸ਼ਾ ਨਹੀਂ ਹੈ। ਗੁਰੂ ਰਾਮਦਾਸ ਜੀ ਨੇ ਸਪੱਸ਼ਟ ਕੀਤਾ ਕਿ ਪ੍ਰੇਮ ਆਪ ਹੀ ਪਰਗਟ ਹੁੰਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਮਨ ਪ੍ਰੇਮ 'ਚ ਰੰਗਿਆ ਹੋਵੇ, ਤਾਂ ਅੱਖਾਂ ਤੋਂ ਅੰਮ੍ਰਿਤ ਵਰ੍ਹਦਾ ਹੈ। ਜੀਵਨ 'ਤੇ ਸੰਸਾਰ ਨੂੰ ਵੇਖਣ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ। ਸਾਰੀਆਂ ਲਈ ਪ੍ਰੇਮ ਤੇ ਸਤਿਕਾਰ ਦੀ ਭਾਵਨਾ ਦ੍ਰਿੜ੍ਹ ਹੁੰਦੀ ਹੈ ਕਿਉਂਕਿ ਘਟ-ਘਟ 'ਚ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਆਪਣੇ ਪ੍ਰੇਮ ਦੀ ਪਰਖ ਗੁਰਸਿੱਖ ਆਪ ਕਰ ਸਕਦਾ ਹੈ।

## (431ਵੇਂ ਵਰ ਦਿਵਸ ਜੋੜ ਮੇਲੇ 'ਤੇ ਵਿਸ਼ੇਸ਼)

# ਬ੍ਰਹਮਗਿਆਨੀ ਬਾਬਾ ਬੁੱਢਾ ਸਾਹਿਬ ਜੀ ਵਲੋਂ ਮਾਤਾ ਗੰਗਾ ਜੀ ਨੂੰ ਪੁੱਤਰ ਦੇ ਦਿੱਤੇ ਵਰ ਦਾ ਇਤਿਹਾਸ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਗੁਰੂ ਸਾਹਿਬ ਜੀ ਵਲੋਂ ਬਖ਼ਸ਼ੀਆਂ ਹੋਰ ਸੇਵਾਵਾਂ ਤੋਂ ਇਲਾਵਾ ਅੰਮ੍ਰਿਤਸਰ ਤੋਂ ਲਗਭਗ 20-22 ਕਿਲੋਮੀਟਰ ਦੀ ਦੂਰੀ 'ਤੇ ਜੰਗਲ ਨੁਮਾ ਬੀੜ ਵਿਚ ਖੇਤੀਬਾੜੀ ਅਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਕਾਰਜ ਕਰਦੇ ਰਹੇ, ਜਿਸ ਕਰਕੇ ਇਸ ਦਾ ਅਸਥਾਨ ਦਾ ਨਾਮ 'ਬੀੜ ਬਾਬਾ ਬੁੱਢਾ ਸਾਹਿਬ' ਪੈ ਗਿਆ। ਗੁਰੂ ਕੇ ਮਹਿਲ ਅੰਮ੍ਰਿਤਸਰ (ਨਿਵਾਸ ਅਸਥਾਨ ਪੰਚਮ ਪਾਤਸ਼ਾਹ ਜੀ) ਵਿਖੇ ਪੰਚਮ ਪਾਤਸ਼ਾਹ ਜੀ ਦੇ ਮਹਿਲ ਮਾਤਾ ਗੰਗਾ ਜੀ ਦੀ ਜੇਠਾਣੀ ਬੀਬੀ ਕਰਮੋਂ ਅਤੇ ਜੇਠ ਪ੍ਰਿਥੀ ਚੰਦ ਨੇ ਕਈ ਵਾਰ ਬੇਔਲਾਦ ਜਹਾਨ ਤੋਂ ਚਲੇ ਜਾਣ ਦੇ ਮੇਹਣੇ ਮਾਰਦੇ ਰਹਿਣਾ ਕਿ ਗੁਰੂ ਅਰਜਨ ਦੇਵ ਦੇ ਪਿਆਨਾ ਕਰਨ ਤੋਂ ਬਾਅਦ ਸਾਡਾ ਪੁੱਤਰ (ਮਿਹਰਬਾਨ) ਹੀ ਗੁਰਗੱਦੀ ਦਾ ਮਾਲਕ ਬਣੇਗਾ ਤੇ ਸਾਰੀਆਂ ਗੁਰੂ ਘਰ ਦੀ ਬੇਸ਼ਕੀਮਤੀ ਵਸਤੂਆਂ ਦੇ ਮਾਲਕ ਅਸੀਂ ਹੋਵਾਂਗੇ --- (ਤਿਹ ਗ੍ਰਿਹਿ ਸੁਤ ਪ੍ਰਗਟਿਓ ਨਹੀ, ਸੁਤ ਪ੍ਰਗਟੇ ਗ੍ਰਿਹਿ ਮੋਰ। ਸੁਤ ਬਿਨ ਦਰਬ ਸੁ ਨਿਫਲ ਹੈ, ਅਰਜਨ ਗੁਰ ਪਹਿਚਾਂਨ। ਜਬ ਅਰਜਨ ਪਿਆਨਾ ਕਰੈ, ਸਭੈ ਵਸਤ ਨਿਜ ਮਾਨ।)…. ਅਤੇ ਇਸ ਤੋਂ ਇਲਾਵਾ ਮਾਤਾ ਗੰਗਾ ਜੀ ਨੂੰ ਇਸ ਸੰਸਾਰ ਤੋਂ ਔਂਤਰੀ ਜਾਣ ਦੇ ਕਬੋਲ ਵੀ ਬੋਲਣੇ। ਇਨ੍ਹਾਂ ਨਾ ਸਹਾਰੀਆਂ ਜਾਣ ਵਾਲ਼ੀਆਂ ਬੋਲੀਆਂ, ਕਬੋਲਾਂ ਅਤੇ ਮੇਹਣਿਆਂ ਨੂੰ ਸੁਣਕੇ ਮਾਤਾ ਗੰਗਾ ਜੀ ਬਹੁਤ ਦੁੱਖੀ ਹੁੰਦੀ। ਇਕ ਦਿਨ ਮਾਤਾ ਗੰਗਾ ਜੀ ਨੇ ਆਪਣੇ ਪਤੀ ਪ੍ਰਮੇਸ਼ਰ ਸ੍ਰੀ ਗੁਰੂ ਅਰਜਨ ਦੇਵ ਜੀ ਨਿਮਰਤਾ ਨਾਲ ਹੱਥ ਜੋੜ ਕੇ ਬੇਨਤੀ ਕੀਤੀ ਕਿ ("ਮੈਨੂੰ ਵੀ ਪੁੱਤਰ ਦੀ ਦਾਤ ਬਖਸ਼ੋ, ਤਾਂ ਕਿ ਮੈਨੂੰ ਵੀ ਇਸ ਸੰਸਾਰ ਦੀਆਂ ਹੋਰ ਇਸਤਰੀਆਂ ਵਾਂਗ ਸੌਂਤਰੀ ਹੋਣ ਦਾ ਮਾਣ ਮਿਲੇ ਅਤੇ ਸਾਡਾ ਕੋਈ ਮਜ਼ਾਕ ਨਾ ਉਡਾਏ"।) ਪੰਚਮ ਗੁਰੂ ਜੀ ਨੇ ਆਪਣੀ ਸੁਪੱਤਨੀ ਗੰਗਾ ਜੀ ਦੇ ਦੁਖੀ ਹਿਰਦੇ ਦੀ ਵੇਦਨਾ ਨੂੰ ਸਮਝਦੇ ਹੋਏ ਬਚਨ ਕੀਤਾ ਕਿ ਆਪ ਜੀ ਪੁੱਤਰ ਪ੍ਰਾਪਤੀ ਦਾ ਆਸ਼ੀਰਵਾਦ ਲੈਣ ਲਈ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਕੋਲ ਜਾਉ, ਜੋ ਝਬਾਲ ਪਰਗਨੇ ਦੀ ਸੁਰੱਖਿਅਤ ਬੀੜ ਵਿਚ ਤੱਪ ਕਰਨ ਤੋਂ ਇਲਾਵਾ ਵਾਹੀ ਖੇਤੀ ਆਦਿ ਦੀਆਂ ਸੇਵਾਵਾਂ ਨਿਭਾਅ ਰਹੇ ਹਨ ("ਅਤਿ ਕ੍ਰਿਪਾਲ ਸ੍ਰੀ ਗੁਰ ਭਏ ਸ੍ਰੀ ਮੁਖ ਕੀਨ ਪ੍ਰਕਾਸ। ਬੀੜ ਸੁ ਗੁਰ ਕੇ ਜਾਹੁ ਤੁਮ ਸਾਹਿਬ ਬੁੱਢੇ ਪਾਸ।") ……… ("ਜਿਹਠਾਂ ਮਾਤਾ ਜਾਵਨ ਕਹਿਓ। ਬੁੱਢਾ ਸਾਹਿਬ ਕਿਹਠਾਂ ਰਹਿਓ"।) ਪੰਚਮ ਪਾਤਸ਼ਾਹ ਜੀ ਦੇ ਬਚਨਾਂ ਨੂੰ ਸਤਿ ਕਰਕੇ ਮੰਨਦੇ ਹੋਏ ਮਾਤਾ ਗੰਗਾ ਜੀ ਨੇ 'ਗੁਰੂ ਕੇ ਮਹਿਲ' ਅੰਮ੍ਰਿਤਸਰ ਤੋਂ ਲਗਭਗ 20-22 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਬਾਬਾ ਬੁੱਢਾ ਸਾਹਿਬ ਜੀ ਕੋਲ ਬੀੜ (ਪਿੰਡ ਠੱਠਾ, ਨੇੜੇ ਝਬਾਲ) ਜਾਣ ਦੀ ਖ਼ੁਸ਼ੀ ਵਿਚ ਰੱਥ 'ਤੇ ਕਈ ਤਰ੍ਹਾਂ ਦੇ ਬਣਵਾਏ ਭੋਜਨ ਤੇ ਪਦਾਰਥ ਆਦਿ ਰੱਖਵਾਕੇ ਕਈ ਟਹਿਲਣਾ ਅਤੇ ਸੇਵਕਾਂ ਸਮੇਤ ਪੂਰੇ ਠਾਠ-ਬਾਠ ਨਾਲ ਜਾਣਾ ਕੀਤਾ। ਉਸ ਸਮੇਂ ਬੀੜ ਨੂੰ ਜਾਣ ਵਾਲਾ ਪਹਿਆ (ਰਸਤਾ) ਕੱਚਾ ਹੋਇਆ ਕਰਦਾ ਸੀ। ਜਦੋਂ ਹੀ ਮਾਤਾ ਦਾ ਰੱਥ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਬੀੜ ਦੇ ਨੇੜੇ ਪਹੁੰਚਿਆ, ਤਾਂ ਰੱਥ ਨਾਲ ਬੰਨ੍ਹੇ ਹੋਏ ਟੱਲ੍ਹ ਅਤੇ ਬਲਦਾਂ ਦੇ ਗਲ਼ ਵਿਚ ਪਾਏ ਘੁੰਗਰੂਆਂ ਦੀ ਆਵਾਜ਼ ਅਤੇ ਕੱਚੇ ਰਸਤੇ ਦੀ ਉੱਡ ਰਹੀ ਧੂੜ ਨੇ ਜੰਗਲ ਬੀਆਬਾਨ ਬੀੜ ਦਾ ਸ਼ਾਂਤ ਵਾਤਾਵਰਨ ਭੰਗ ਕਰ ਦਿੱਤਾ। ਦਰੱਖਤਾਂ 'ਤੇ ਬੈਠੇ ਪੰਛੀ ਅਤੇ ਬੀੜ੍ਹ ਵਿਚ ਰਹਿ ਰਹੇ ਜਾਨਵਰਾਂ ਆਦਿ ਨੇ ਵੀ ਸ਼ੋਰ ਪਾਉਣਾ ਸ਼ੁਰੂ ਕੀਤਾ। ਸ਼ੋਰ-ਸ਼ਰਾਬੇ ਵਾਲੇ ਮਾਹੌਲ ਨੂੰ ਮਹਿਸੂਸ ਕਰਦਿਆਂ ਬਾਬਾ ਬੁੱਢਾ ਸਾਹਿਬ ਜੀ ਨੇ ਆਪਣੇ ਸੇਵਕ ਨੂੰ ਪੁੱਛਣਾ ਕੀਤਾ ਕਿ ਰਾਮਦਾਸਪੁਰੇ (ਅੰਮ੍ਰਿਤਸਰ) ਵਾਲੇ ਪਾਸਿਉਂ ਕਾਹਦੀ ਧੂੜ੍ਹ ਉਡਦੀ ਆ ਰਹੀ ਹੈ ?--- ("ਘੂੰਘਰੂਆਂ ਰਥ ਸਬਦ ਸੁਨਾਏ। ਬੁੱਢਾ ਸਾਹਿਬ ਏਸ ਅਲਾਏ। ਰਾਮਦਾਸ ਪੁਰੇ ਭਾਜੜ ਕਿਨ ਪਾਈ। ਸਭੈ ਲੋਕ ਕਿਹ ਓਰ ਸਿਧਾਈ"।) ਬਾਬਾ ਜੀ ਦੇ ਕੋਲ ਖਲੋਤੇ ਹੋਏ ਸੇਵਕ ਕਿਹਾ ਕਿ "ਬਾਬਾ ਜੀ ਅੰਮ੍ਰਿਤਸਰ ਤੋਂ ਗੁਰੂ ਕੇ ਮਹਿਲ ਆ ਰਹੇ ਹਨ"। ਤਦ ਬਾਬਾ ਬੁੱਢਾ ਸਾਹਿਬ ਜੀ ਦੇ ਮੂੰਹੋਂ ਸੁਤੇ ਸਿੱਧ ਹੀ ਬਚਨ ਨਿਕਲ ਗਿਆ ਕਿ--- ("ਗੁਰੂ ਕਿਆਂ ਨੂੰ ਕੀ ਭਾਜੜਾਂ ਪੈ ਗਈਆਂ ਹਨ ਜੋ ਰਾਮਦਾਸ ਪੁਰਾ ਸ਼ਹਿਰ ਛੱਡ ਕੇ ਜੰਗਲਾਂ ਵਿਚ ਆ ਰਹੇ ਹਨ"।) ਜਦ ਬਾਬਾ ਜੀ ਨੇ ਇਹ ਕੌੜੇ ਬੋਲ ਬੋਲੇ, ਤਾਂ ਅੱਗੋਂ ਸਿੱਖ ਨੇ ਬਾਬਾ ਜੀ ਨੂੰ ਕਿਹਾ ਕਿ ਆਪ ਜੀ ਨੂੰ ਗੁਰੂ ਕਿਆਂ ਮਹਿਲਾਂ ਵਾਸਤੇ ਐਸੇ ਬਚਨ ਨਹੀਂ ਕਰਨੇ ਚਾਹੀਦੇ। ਬਾਬਾ ਜੀ ਨੇ ਉਸ ਸਿੱਖ ਨੂੰ ਗੁੱਸੇ ਵਿਚ ਕਿਹਾ-- ("ਅਸੀਂ ਜਾਣੀਏਂ ਗੁਰੂ ਕੇ ਜਾਣੀਏਂ, ਤੂੰ ਕਿਉਂ ਵਿਚ ਸੂਰ ਵਾਂਗ ਘੁਰਕਦਾਂ ਏਂ")।

ਸੋ ਇਹ ਸਿੱਖ ਵੀ ਬਾਬਾ ਜੀ ਦੇ ਗੁੱਸੇ ਵਾਲੇ ਬੋਲ ਸੁਣਕੇ ਪਿਛਾਂਹ ਹੋ ਕੇ ਬੈਠ ਗਿਆ। ਮਾਤਾ ਗੰਗਾ ਜੀ ਨੇ ਬਾਬਾ ਜੀ ਨੂੰ ਭੋਜਨ ਰੂਪੀ ਪਦਾਰਥ ਭੇਟ ਕਰਕੇ ਨਮਸ਼ਕਾਰ ਕਰਦੇ ਹੋਏ ਪੁੱਤਰ ਦੀ ਦਾਤ ਹਿੱਤ ਬੇਨਤੀ ਕੀਤੀ, ਤਾਂ ਬਾਬਾ ਬੁੱਢਾ ਸਾਹਿਬ ਜੀ ਨੇ ਮਾਤਾ ਗੰਗਾ ਜੀ ਨੂੰ ਬਚਨ ਕੀਤੇ ਕਿ 'ਪੁੱਤਰ ਦੀ ਦਾਤ ਅਸੀਂ ਨਹੀਂ ਦੇ ਸਕਦੇ, ਸਭ ਦੀਆਂ ਆਸਾਂ ਮੁਰਾਦਾਂ ਪੰਚਮ ਪਾਤਸ਼ਾਹ ਜੀ ਹੀ ਪੂਰੀਆਂ ਕਰ ਸਕਦੇ ਹਨ, ਅਸੀਂ ਤਾਂ ਗੁਰੂ ਘਰ ਦੇ ਘਾਹੀ ਸੇਵਕ ਹਾਂ'। ਮਾਤਾ ਜੀ ਨਿਰਾਸ਼ ਅਵਸਥਾ 'ਚ ਸੰਗਤ ਸਮੇਤ ਵਾਪਸ ਗੁਰੂ ਕੇ ਮਹਿਲ ਅੰਮ੍ਰਿਤਸਰ ਪਹੁੰਚਕੇ ਪੰਚਮ ਪਾਤਸ਼ਾਹ ਜੀ ਨੂੰ ਸਾਰੀ ਵਾਰਤਾ ਦੱਸੀ, ਤਾਂ ਸਤਿਗੁਰੂ ਜੀ ਨੇ ਕਿਹਾ ਕਿ ਆਪ ਜੀ ਨੂੰ ਨਿਮਰਤਾ ਵਿਚ ਜਾਣਾ ਚਾਹੀਦਾ ਸੀ। ਕ੍ਰਿਪਾ ਦੇ ਸਾਗਰ ਗੁਰੂ ਜੀ ਨੇ ਮਾਤਾ ਗੰਗਾ ਜੀ ਨੂੰ ਜੁਗਤ ਸਮਝਾਉਂਦੇ ਹੋਏ ਬਚਨ ਕੀਤਾ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਦਿਆਂ ਬਾਬਾ ਜੀ ਲਈ ਆਪਣੇ ਹੱਥੀਂ ਮਿੱਸੇ ਪ੍ਰਸ਼ਾਦੇ ਤਿਆਰ ਕਰਕੇ, ਨਾਲ ਹੀ ਹੱਥੀਂ ਦੁੱਧ ਰਿੜਕ ਕੇ ਲੱਸੀ ਦਾ ਮਟਕਾ ਭਰਕੇ, ਮੱਖਣ ਤੇ ਗੰਢੇ ਨਾਲ ਲੈ ਕੇ ਨੰਗੇ ਪੈਰੀਂ ਇਕ ਟਹਿਲਣ ਨੂੰ ਸਾਥ ਲੈ ਕੇ ਬਾਣੀ ਪੜ੍ਹਦੇ ਹੋਏ ਬੀੜ ਵਿਖੇ ਬਾਬਾ ਜੀ ਕੋਲ ਜਾ ਕੇ ਨਿਮਰਤਾ ਨਾਲ ਪ੍ਰਸ਼ਾਦੇ ਛਕਾਅ ਕੇ ਅਰਦਾਸ ਬੇਨਤੀ ਕਰੋ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਰੋਸਾਈ ਹੋਏ ਬ੍ਰਹਮ ਗਿਆਨੀ ਜ਼ਰੂਰ ਅਸ਼ੀਰਵਾਦ ਦੇਣਗੇ। ਮਾਤਾ ਜੀ ਨੇ ਗੁਰੂ ਜੀ ਵਲੋਂ ਦੱਸੀ ਜੁਗਤ ਅਨੁਸਾਰ ਅਗਲੇ ਦਿਨ ਲੰਗਰ ਤਿਆਰ ਕਰਕੇ ਨੰਗੇ ਪੈਰੀਂ ਬੀੜ ਵਿਖੇ ਬਾਬਾ ਬੁੱਢਾ ਸਾਹਿਬ ਜੀ ਕੋਲ ਪਹੁੰਚਣਾ ਕੀਤਾ।

22 ਅਸੂ ਸੰਨ 1594 ਈ: ਨੂੰ ਬਾਬਾ ਜੀ ਨੇ ਮਾਤਾ ਗੰਗਾ ਜੀ ਵਲੋ ਲਿਆਂਦੇ ਮਿੱਸ਼ੇ ਪ੍ਰਸ਼ਾਦੇ ਛਕਣ ਵੇਲੇ ਇਕ ਗੰਢੇ ਨੂੰ ਆਪਣੇ ਹੱਥਾਂ ਨਾਲ ਭੰਨਦੇ ਹੋਏ ਬਚਨ ਕੀਤਾ ਕਿ ਮਾਤਾ ਜੀ ਆਪ ਜੀ ਦੇ ਗ੍ਰਿਹਿ ਵਿਖੇ ਬਹੁਤ ਹੀ ਬਲਵਾਨ ਪੁੱਤਰ ਪ੍ਰਗਟ ਹੋਵੇਗਾ, ਜੋ ਦੁਨੀਆਂ 'ਤੇ ਜ਼ੁਲਮ ਕਰਨ ਵਾਲਿਆਂ ਦਾ ਨਾਸ ਕਰੇਗਾ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਕਵੀ ਸੋਹਨ ਨੇ ਲਿਖਿਆ ਹੈ:--

("ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ। ਜਾ ਕੋ ਬਲ ਗੁਣ ਕਿਨ੍ਹੂੰ ਨ ਸੋਧਾ")।

ਇਕ ਢਾਡੀ ਨੇ ਵੀ ਆਪਣੀ ਵਾਰ ਵਿਚ ਇਸ ਤਰ੍ਹਾਂ ਲਿਖਿਆ ਹੈ:-

("ਗੰਢਾ ਬਾਬਾ ਭੰਨੇ ਨਾਲੇ ਮੁੱਖ ਤੋਂ ਉਚਾਰੇ। ਤੇਰੇ ਘਰ ਆਉਣਾ ਮਾਤਾ ਪੁੱਤਰ ਪਿਆਰੇ")

ਬਾਬਾ ਜੀ ਵਲੋਂ ਆਸ਼ੀਰਵਾਦ (ਵਰ) ਲੈ ਕੇ ਇਕ ਟਹਿਲਣ (ਸੇਵਾਦਾਰਨੀ) ਸਮੇਤ ਮਾਤਾ ਗੰਗਾ ਜੀ ਨੰਗੇ ਪੈਰੀਂ ਵਾਪਸ ਅੰਮ੍ਰਿਤਸਰ ਗੁਰੂ ਕੇ ਮਹਿਲ ਆਕੇ ਪੰਚਮ ਪਾਤਸ਼ਾਹ ਜੀ ਨੂੰ ਬਾਬਾ ਬੁੱਢਾ ਸਾਹਿਬ ਕੋਲੋਂ ਪੁੱਤਰ ਦੇ ਮਿਲੇ ਵਰ ਦੀ ਸਾਰੀ ਵਾਰਤਾ ਸੁਣਾਈ। ਬਾਬਾ ਬੁੱਢਾ ਸਾਹਿਬ ਜੀ ਵਲੋਂ ਮਿਲੇ ਪੁੱਤਰ ਦੇ ਵਰਦਾਨ ਸਦਕਾ ਪੰਚਮ ਪਾਤਸ਼ਾਹ ਜੀ ਦੇ ਗ੍ਰਿਹਿ ਅਤੇ ਮਾਤਾ ਗੰਗਾ ਜੀ ਦੀ ਕੁੱਖੋਂ ਸੰਮਤ 1652 ਹਾੜ 21 ਮੁਤਾਬਕ 1595 ਈ: ਨੂੰ ਗੁਰੂ ਕੀ ਵਡਾਲੀ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ 12 ਵੱਜਕੇ 20 ਮਿੰਟ 'ਤੇ ਬਾਲਕ ਹਰਗੋਬਿੰਦ ਜੀ ਦਾ ਪ੍ਰਕਾਸ਼ ਹੋਇਆ ਸੀ।

-- ("ਸੰਮਤ ਸੋਰਹਿ ਸਹਸ ਬਵੰਜਾ। ਹਾੜ ਇਕੀ ਨਿਸ ਆਧੀ ਮੰਝਾ"।)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਘਰ ਬਾਲਕ ਦਾ ਪ੍ਰਕਾਸ਼ ਹੋਣ 'ਤੇ ਬਾਬਾ ਬੁੱਢਾ ਸਾਹਿਬ ਜੀ ਨੂੰ ਬੀੜ ਸਾਹਿਬ ਤੋਂ ਸਦਕੇ ਲਿਆਂਦਾ ਅਤੇ ਜਦ ਬਾਲਕ ਨੂੰ ਉਨ੍ਹਾਂ ਦੀ ਝੋਲੀ ਪਾਇਆ, ਤਾਂ ਬਾਬਾ ਜੀ ਨੇ ਬਾਲਕ ਦਾ ਨਾਮ "ਹਰਿਗੋਬਿੰਦ" ਰੱਖਿਆ ਸੀ।



ਬਾਬਾ ਬੁੱਢਾ ਸਾਹਿਬ ਜੀ ਗੰਢਾ ਭੰਨਦੇ ਹੋਏ ਮਾਤਾ ਗੰਗਾ ਜੀ ਨੂੰ ਪੁੱਤਰ ਦਾ ਵਰ ਦੇ ਰਹੇ ਹਨ।



ਪੰਚਮ ਗੁਰੂ ਜੀ ਨੇ ਆਪਣੀ ਸੁਪੱਤਨੀ ਗੰਗਾ ਜੀ ਦੇ ਦੁਖੀ ਹਿਰਦੇ ਦੀ ਵੇਦਨਾ ਨੂੰ ਸਮਝਦੇ ਹੋਏ ਬਚਨ ਕੀਤਾ ਕਿ ਆਪ ਜੀ ਪੁੱਤਰ ਪ੍ਰਾਪਤੀ ਦਾ ਆਸ਼ੀਰਵਾਦ ਲੈਣ ਲਈ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਕੋਲ ਜਾਉ, ਜੋ ਝਬਾਲ ਪਰਗਨੇ ਦੀ ਸੁਰੱਖਿਅਤ ਬੀੜ੍ਹ ਵਿਚ ਤੱਪ ਕਰਨ ਤੋਂ ਇਲਾਵਾ ਵਾਹੀ ਖੇਤੀ ਆਦਿ ਦੀਆਂ ਸੇਵਾਵਾਂ ਨਿਭਾਅ ਰਹੇ ਹਨ ("ਅਤਿ ਕ੍ਰਿਪਾਲ ਸ੍ਰੀ ਗੁਰ ਭਏ ਸ੍ਰੀ ਮੁਖ ਕੀਨ ਪ੍ਰਕਾਸ। ਬੀੜ ਸੁ ਗੁਰ ਕੇ ਜਾਹੁ ਤੁਮ ਸਾਹਿਬ ਬੁੱਢੇ ਪਾਸ।") ……… ("ਜਿਹਠਾਂ ਮਾਤਾ ਜਾਵਨ ਕਹਿਓ।

ਲੇਖਕ:- ਬਾਬਾ ਬੁੱਢਾ ਵੰਸ਼ਜ
ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
ਛੇਹਰਟਾ
99880-66466
ਪੰਜਾਬ ਮੇਲ USA



# ਧੰਨੁ ਧੰਨੁ ਰਾਮਦਾਸ ਗੁਰੁ....

## 08 ਅਕਤੂਬਰ ਨੂੰ ਪ੍ਰਕਾਸ਼ ਗੁਰਪੁਰਬ ’ਤੇ ਵਿਸ਼ੇਸ਼


ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ,
ਸਿੰਘ ਸਾਹਿਬ ਜਥੇਦਾਰ ਬਾਬਾ
ਬਲਬੀਰ ਸਿੰਘ ਅਕਾਲੀ 96 ਕਰੋੜੀ
14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
ਪੰਜਵਾਂ ਤਖਤ ਚਲਦਾ ਵਹੀਰ
ਚੱਕ੍ਰਵਰਤੀ ਨਿਹੰਗ ਸਿੰਘਾਂ ਪੰਜਾਬ ਭਾਰਤ (ਵਿਸ਼ਵ)
ਪੰਜਾਬ ਮੇਲ USA






ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਨਗਰੀ ਦੇ ਬਾਨੀ, ਅੰਮ੍ਰਿਤ ਰੂਪ ਬਾਣੀ ਦੇ ਰਚਣਹਾਰ, ਚੌਥੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਪਵਿੱਤਰ ਤੇ ਗੰਭੀਰ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦ-ਗੁਣਾਂ ਨਾਲ ਭਰਪੂਰ ਤੇ ਉਪਦੇਸ਼-ਜਨਕ ਹੈ। ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਸਦਕਾ ਉਨ੍ਹਾਂ ਅਧਿਆਤਮਿਕ ਖੇਤਰ ਦੀ ਸਰਵ-ਉੱਚ ਪਦਵੀ ਪ੍ਰਾਪਤ ਕੀਤੀ, ਜਿਸ ਦੀ ਕਿਧਰੇ ਮਿਸਾਲ ਨਹੀਂ ਮਿਲਦੀ।

ਦੀਨ-ਦਿਆਲ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਸ਼ਹਿਰ ਦੀ ਚੂਨਾ ਮੰਡੀ ਦੇ ਵਸਨੀਕ ਪਿਤਾ ਸ੍ਰੀ ਹਰਿਦਾਸ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ 25 ਅੱਸੂ ਸੰਮਤ 1591 (ਸੰਨ 1534) ਨੂੰ ਹੋਇਆ। ਆਪ ਜੀ ਦਾ ਬਚਪਨ ਦਾ ਨਾਮ ‘ਜੇਠਾ’ ਸੀ। ਜਦੋਂ ਆਪ ਮਸਾਂ ਸੱਤਾਂ ਜਾਂ ਅੱਠਾਂ ਸਾਲਾਂ ਦੇ ਸਨ, ਤਾਂ ਆਪ ਜੀ ਦੇ ਸਿਰ ਤੋਂ ਮਾਂ-ਬਾਪ ਦਾ ਸਾਇਆ ਉਠ ਗਿਆ ਅਤੇ ਆਪ ਆਪਣੇ ਨਾਨਕੇ ਪਿੰਡ ਬਾਸਰਕੇ (ਅੰਮ੍ਰਿਤਸਰ) ਵਿਖੇ ਆ ਗਏ। ਆਪ ਜੀ ਨੂੰ ਛੋਟੀ ਉਮਰੇ ਕਿਰਤ-ਕਮਾਈ ’ਚ ਲਗਾਇਆ ਗਿਆ। ਆਪ ਘੁੰਗਣੀਆਂ ਵੇਚ ਕੇ ਘਰ ਦੇ ਨਿਰਬਾਹ ਵਿਚ ਹਿੱਸਾ ਪਾਉਂਦੇ ਰਹੇ।

ਆਪ ਜੀ ਨੇ ਬਚਪਨ ਵਿਚ ਆਪਣੇ ਨਾਨਕੇ ਪਿੰਡ ਦੇ ਹਰ ਵਸਨੀਕ ਦਾ ਮਨ ਮੋਹ ਲਿਆ ਸੀ। ਬਾਸਰਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਜਨਮ-ਨਗਰੀ ਸੀ ਅਤੇ ਇਥੋਂ ਦੀ ਸੰਗਤ ਗੁਰੂ ਜੀ ਦੇ ਦਰਸ਼ਨਾਂ ਲਈ ਅਕਸਰ ਗੋਇੰਦਵਾਲ ਸਾਹਿਬ ਜਾਇਆ ਕਰਦੀ ਸੀ ਅਤੇ ਕਈ ਵਾਰ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਖੁਦ ਪਿੰਡ ਆ ਕੇ ਸੰਗਤਾਂ ਨੂੰ ਦਰਸ਼ਨ ਦਿੰਦੇ ਸਨ। ਜਦੋਂ ਵੀ ਸ੍ਰੀ ਗੁਰੂ ਅਮਰਦਾਸ ਜੀ ਪਿੰਡ ਬਾਸਰਕੇ ਆਉਂਦੇ, ਉਦੋਂ ਉਹ ਭਾਈ ਜੇਠਾ ਜੀ ਨਾਲ ਬਹੁਤ ਸਨੇਹ ਕਰਦੇ। ਇਧਰ ਭਾਈ ਜੇਠਾ ਜੀ ਸੇਵਾ ਨੂੰ ਸਮਰਪਿਤ ਰਹਿੰਦੇ ਅਤੇ ਗੁਰੂ-ਘਰ ਨਾਲ ਸਬੰਧਤ ਹਰ ਕੰਮ ਨੂੰ ਖਿੜੇ-ਮੱਥੇ ਨਿਭਾਉਂਦੇ। ਸ੍ਰੀ ਗੁਰੂ ਅਮਰਦਾਸ ਜੀ ਨੇ ਨਗਰ ਗੋਇੰਦਵਾਲ ਸਾਹਿਬ ਸੰਮਤ 1606 (ਸੰਨ 1549) ਦੇ ਆਸ-ਪਾਸ ਵਸਾਇਆ ਸੀ ਅਤੇ ਅਜੇ ਇਸ ਦੀ ਵਸੋਂ ਨਵੀਂ-ਨਵੀਂ ਸੀ ਤੇ ਆਬਾਦੀ ਵੀ ਘੱਟ ਸੀ।

ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਇਥੇ ਆਪ ਗੁਰੂ-ਦਰਬਾਰ ਵਿਚ ਸਵੇਰੇ-ਸ਼ਾਮ ਕਥਾ-ਕੀਰਤਨ ਸਰਵਣ ਕਰਦੇ, ਗੁਰੂ-ਘਰ ਦੀ ਨਿਸ਼ਕਾਮ ਸੇਵਾ ਵੀ ਡੱਟ ਕੇ ਕਰਦੇ, ਪਰ ਆਪਣਾ ਨਿਰਬਾਹ ਘੁੰਗਣੀਆਂ ਵੇਚ ਕੇ ਹੀ ਕਰਦੇ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਲੋਕ-ਲਾਜ ਦੀ ਪਰਵਾਹ ਨਾ ਕੀਤੀ, ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤੱਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ ਕਿ ਸਹੁਰੇ-ਘਰ ਵਿਚ ਜਵਾਈਆਂ ਨੂੰ ਹੱਥੀਂ ਛਾਵਾਂ ਹੁੰਦੀਆਂ ਨੇ ਪਰ ਤੂੰ ਤਾਂ ਟੋਕਰੀਆਂ ਢੋ ਕੇ ਸਾਨੂੰ ਲਾਜ ਲੁਆ ਛੱਡੀ ਹੈ। ਉਨ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਵੀ ਉਲਾਂਭਾ ਦਿੱਤਾ, ਤਾਂ ਗੁਰੂ ਜੀ ਨੇ ਕਿਹਾ ਕਿ ਰਾਮਦਾਸ ਦੇ ਸਿਰ ’ਤੇ ਮਿੱਟੀ ਦੀ ਟੋਕਰੀ ਨਹੀਂ ਹੈ, ਸਗੋਂ ਦੀਨ-ਦੁਨੀਆਂ ਦਾ ਛਤਰ ਹੈ, ਗੁਰੂ ਸਾਹਿਬ ਦਾ ਇਹ ਪਵਿੱਤਰ ਬਚਨ ਸੱਚ ਹੋ ਨਿਬੜਿਆ।

ਹੁਣ ਪ੍ਰੀਖਿਆ ਦਾ ਸਮਾਂ ਆ ਗਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਲਈ ਯੋਗ ਵਿਅਕਤੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਜੀ ਨੇ ਭਾਈ ਰਾਮਾ ਜੀ ਤੇ ਭਾਈ ਜੇਠਾ ਜੀ ਨੂੰ ਥੜ੍ਹੇ ਬਣਾਉਣ ਦਾ ਹੁਕਮ ਕੀਤਾ। ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਰਾਮਾ ਜੀ ਅਤੇ ਭਾਈ ਜੇਠਾ ਜੀ ਥੜ੍ਹੇ ਬਣਾਉਂਦੇ ਰਹੇ ਪਰ ਗੁਰੂ ਜੀ ਕੋਈ ਨਾ ਕੋਈ ਨੁਕਸ ਕੱਢ ਕੇ ਥੜ੍ਹੇ ਢੁਹਾ ਦਿੰਦੇ। ਕਈ ਵਾਰ ਅਜਿਹਾ ਹੋਇਆ ਤਾਂ ਭਾਈ ਰਾਮਾ ਜੀ ਦਾ ਸਿਦਕ ਡੋਲ ਗਿਆ ਪਰ ਭਾਈ ਜੇਠਾ ਜੀ ਨਿਮਰਤਾ ਵਿਚ ਭਿੱਜੇ ‘ਸਤਿ ਬਚਨ’ ਕਹਿ ਕੇ ਫਿਰ ਉਸਾਰੀ ਸ਼ੁਰੂ ਕਰ ਦਿੰਦੇ ਰਹੇ। ਆਪ ਜੀ ਦੀ ਨਿਮਰਤਾ ਅਤੇ ਸਦਗੁਣਾਂ ਨੂੰ ਦੇਖ ਕੇ ਸਤੰਬਰ 1574 ਈ: ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਗਈ।

ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਰਾਮਦਾਸਪੁਰ (ਸ੍ਰੀ ਅੰਮ੍ਰਿਤਸਰ) ਦੀ ਨੀਂਹ ਰੱਖੀ। 1577 ਈ: ਵਿਚ ਗੁਰੂ ਸਾਹਿਬ ਨੇ ‘ਸੰਤੋਖਸਰ’ ਅਤੇ ਅੰਮ੍ਰਿਤਸਰ ਦੀ ਖੁਦਾਈ ਦਾ ਕੰਮ ਸ਼ੁਰੂ ਕਰਾਇਆ ਅਤੇ ਇਥੇ ਹੀ ਰਹਿਣ ਲੱਗ ਪਏ। ਆਸ-ਪਾਸ ਦੇ ਪਿੰਡਾਂ ਦੇ ਜ਼ਿੰਮੀਦਾਰਾਂ ਤੋਂ ਪੰਜ ਸੌ ਵਿੱਘੇ ਜ਼ਮੀਨ ਮੁੱਲ ਲੈ ਕੇ ‘ਗੁਰੂ ਦਾ ਚੱਕ’ (ਹੁਣ ਸ੍ਰੀ ਅੰਮ੍ਰਿਤਸਰ ਸ਼ਹਿਰ) ਵਸਾਉਣਾ ਸ਼ੁਰੂ ਕੀਤਾ। ਨਗਰ ਵਿਚ ਵਪਾਰ, ਰੋਟੀ-ਰੋਜ਼ੀ ਤੇ ਕਿਰਤ-ਕਮਾਈ ਦੇ ਸਾਧਨਾਂ ਨੂੰ ਤੋਰਨ ਅਤੇ ਮਜ਼ਬੂਤ ਕਰਨ ਲਈ ਦੂਰ-ਦੂਰ ਤੋਂ 52 ਕਿਸਮ ਦੇ ਕਿਰਤੀ ਕਾਰੀਗਰਾਂ ਅਤੇ ਵਾਪਾਰੀਆਂ ਨੂੰ ਵਸਾਇਆ। ਗੁਰੂ ਸਾਹਿਬ ਜੀ ਨੇ ਜਿਸ ਪਹਿਲੇ ਬਾਜ਼ਾਰ ਨੂੰ ਸੰਚਾਲਿਤ ਕੀਤਾ, ਉਸ ਦਾ ਨਾਂ ‘ਗੁਰੂ ਬਾਜ਼ਾਰ’ ਪ੍ਰਸਿੱਧ ਹੋਇਆ, ਜੋ ਅੱਜ ਵੀ ਮੌਜੂਦ ਹੈ ਤੇ ਸੋਨੇ-ਚਾਂਦੀ ਦੇ ਜੇਵਰਾਂ ਦਾ ਅੰਤਰਰਾਸ਼ਟਰੀ ਬਾਜ਼ਾਰ ਹੈ। ਆਪ ਨੇ ਆਪਣੀ ਰਿਹਾਇਸ਼ ਲਈ ਇੱਕ ਛੋਟਾ ਜਿਹਾ ਮਕਾਨ ਬਣਵਾਇਆ, ਜੋ ‘ਗੁਰੂ ਕਾ ਮਹਿਲ’ ਕਰ ਕੇ ਪ੍ਰਸਿੱਧ ਹੋਇਆ। ਹੁਣ ਇਸ ਜਗ੍ਹਾ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੱਕ ਸਿੱਖੀ ਦਾ ਵਿਕਾਸ ਸਿਖਰਾਂ ਤੱਕ ਪਹੁੰਚ ਚੁੱਕਾ ਸੀ। ਸ਼ਰਧਾਲੂਆਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਸੀ। ਲੰਗਰ ਜਾਰੀ ਸੀ। ਨਵੀਆਂ ਧਰਮਸ਼ਾਲਾਵਾਂ ਦੀ ਉਸਾਰੀ ਅਤੇ ਅੰਮ੍ਰਿਤ ਸਰੋਵਰ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕਾਫ਼ੀ ਧਨ ਦੀ ਲੋੜ ਸੀ। ਅਜਿਹੇ ਸਮੇਂ ਗੁਰੂ ਸਾਹਿਬ ਨੇ ਮਸੰਦ ਪ੍ਰਥਾ ਦੀ ਸਥਾਪਨਾ ਕੀਤੀ। ਇਹ ਮਸੰਦ ਜਿਥੇ ਸੰਗਤਾਂ ਨੂੰ ਗੁਰੂ-ਘਰ ਦੇ ਨਵੇਂ ਕਾਰਜਾਂ ਤੋਂ ਜਾਣੂੰ ਕਰਵਾਉਂਦੇ, ਉਥੇ ਕਾਰ-ਭੇਟਾ ਲਿਆ ਕੇ ਗੁਰੂ-ਦਰਬਾਰ ਵਿਚ ਜਮ੍ਹਾਂ ਕਰਵਾ ਦਿੰਦੇ। ਇਸ ਨਾਲ ਕਾਫ਼ੀ ਮਾਤਰਾ ਵਿਚ ਧਨ ਇਕੱਠਾ ਹੋਣ ਲੱਗ ਪਿਆ। ਇਥੇ ਇਹ ਯਾਦ ਰਹੇ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸ ‘ਮਸੰਦ’ ਪ੍ਰਣਾਲੀ ਨੂੰ ਖ਼ਤਮ ਕਰ ਦਿੱਤਾ ਸੀ, ਕਿਉਂਕਿ ਸਮੇਂ ਦੇ ਚੱਲਦਿਆਂ ਇਸ ਦੇ ਕੰਮਾਂ ਵਿਚ ਖੜੋਤ ਆ ਗਈ ਸੀ ਅਤੇ ਇਹ ਆਪਣੇ ਰਸਤੇ ਤੋਂ ਭਟਕ ਗਈ ਸੀ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਵੀ ਪਹਿਲੇ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ’ਤੇ ਚੱਲਦਿਆਂ ਆਪਣੇ ਤਿੰਨ ਸਪੁੱਤਰਾਂ ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ ਜੀ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਆਂ ਸ਼ਖ਼ਸੀਅਤਾਂ ਅਤੇ ਸਿੱਖੀ ਪ੍ਰਤੀ ਵਿਚਾਰਾਂ ਨੂੰ ਪਰਖ ਅਤੇ ਪ੍ਰਮੁੱਖ ਸਿੱਖਾਂ ਅਤੇ ਸੰਗਤਾਂ ਦੀ ਸਲਾਹ ਨਾਲ ਗੁਰਗੱਦੀ ਦੀ ਜ਼ਿੰਮੇਵਾਰੀ ਸ੍ਰੀ (ਗੁਰੂ) ਅਰਜਨ ਦੇਵ ਜੀ ਦੇ ਮੋਢਿਆਂ ’ਤੇ ਰੱਖੀ। ਆਪਣੀ ਸੱਚਖੰਡ ਵਾਪਸੀ ਦਾ ਸਮਾਂ ਨਜ਼ਦੀਕ ਜਾਣ ਕੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਪਰਿਵਾਰ ਸਮੇਤ ਸ੍ਰੀ ਗੋਇੰਦਵਾਲ ਸਾਹਿਬ ਚਲੇ ਗਏ ਅਤੇ ਇਥੇ 2 ਅੱਸੂ, ਸੰਮਤ 1638 (ਸੰਨ 1581) ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪ ਕੇ ਜੋਤੀ-ਜੋਤਿ ਸਮਾ ਗਏ। ਵਾਰ ਰਾਮਕਲੀ ਵਿਚ ਭਾਈ ਸਤਾ ਜੀ ਅਤੇ ਭਾਈ ਬਲਵੰਡ ਜੀ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਬਚਨ ਕਰਦੇ ਹਨ:

ਧੰਨੁ ਧੰਨੁ ਰਾਮਦਾਸ ਗੁਰੁ ਜਿਨ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
(ਪੰਨਾ 968)

ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਸਮੂਹ ਸਿੱਖ ਜਗਤ ਨੂੰ ਬਹੁਤ ਵਧਾਈਆਂ ਹੋਣ ਜੀ।

# ਮਲਟਨੋਮਾ ਝਰਨੇ ਦਾ ਦਿਲਕਸ਼ ਨਜ਼ਾਰਾ


ਜਸਪਾਲ ਸਿੰਘ ਨਾਗਰਾ
‘ਮਹਿੰਦਪੁਰੀਆ’,
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ: +1-360-448-1989
ਪੰਜਾਬ ਮੇਲ USA




ਅਮਰੀਕਾ ਦੀ ਗਰੀਨ ਸਟੇਟ ਓਰੇਗਨ ਦੇ ਪ੍ਰਸਿੱਧ ਸ਼ਹਿਰ ਪੋਰਟਲੈਂਡ ਦੇ ਪੂਰਬ ਵਾਲੇ ਪਾਸੇ ਸ਼ਹਿਰ ਤੋਂ ਤੀਹ ਕੁ ਮੀਲ ਦੀ ਦੂਰੀ ’ਤੇ ਇੱਕ ਮਲਟਨੋਮਾ ਝਰਨਾ ਹੈ, ਜਿਸਨੂੰ ਵੇਖਣ ਲਈ ਸਾਲ ਵਿਚ ਦੋ ਮਿਲੀਅਨ ਦੇ ਕਰੀਬ ਲੋਕ ਪਹੁੰਚਦੇ ਹਨ। ਇਸ ਸਟੇਟ ਵਿਚ ਹੋਰ ਵੀ ਬਹੁਤ ਸਾਰੇ ਕੁਦਰਤੀ ਝਰਨੇ ਫੁੱਟਦੇ ਹਨ ਪਰ ਇਹ ਇਸ ਸਟੇਟ ਦਾ ਸਭ ਤੋਂ ਉੱਚਾ ਝਰਨਾ ਹੈ, ਜੋ ਕਿ ਕੁਦਰਤੀ ਤੌਰ ’ਤੇ ਵੱਖਰਾ ਹੀ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਇਸ ਝਰਨੇ ਦੀ ਕੁੱਲ ਉਚਾਈ 620 ਫੁੱਟ ਹੈ, ਜਿਸ ਵਿਚੋਂ ਉਪਰਲੀ ਪਹਾੜੀ 540 ਫੁੱਟ ਅਤੇ ਥੱਲੇ ਵਾਲੀ 80 ਫੁੱਟ ਹੈ। ਇਹ ਝਰਨਾ ਦੋ ਭਾਗਾਂ ਵਿਚ ਵੰਡਿਆ ਹੋਣ ਕਰਕੇ ਉਪਰਲੇ ਹਿੱਸੇ ਦਾ ਅਨੰਦ ਮਾਨਣ ਲਈ ਥੱਲੇ ਵਾਲੇ ਹਿੱਸੇ ’ਤੇ 1914 ਵਿਚ ਇੱਕ ਪੁਲ ਬਣਾਇਆ ਗਿਆ ਸੀ। ਇਸ ਪੁਲ ’ਤੇ ਜ਼ਿਆਦਾਤਰ ਲੋਕ ਫੋਟੋਗ੍ਰਾਫੀ ਕਰਦੇ ਹਨ। ਸਾਲ 1995 ਵਿਚ ਪਹਾੜੀ ਦੇ ਉਪਰੋਂ ਤਕਰੀਬਨ 400 ਟਨ ਦਾ ਇੱਕ ਪੱਥਰ ਡਿੱਗਿਆ ਸੀ, ਜੋ ਕਿ ਝਰਨੇ ਦੇ ਉਪਰਲੇ ਭਾਗ ਵਿਚ ਹੀ ਰਹਿ ਗਿਆ ਸੀ। ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਸੀ ਹੋਇਆ। ਇਹ ਝਰਨਾ ਕੋਲੰਬੀਆ ਨਦੀ ਦੇ ਨਾਲ ਹੀ ਹੈ। ਇਸਦੀ ਸਾਂਭ-ਸੰਭਾਲ ਦਾ ਕੰਮ ਜੰਗਲਾਤ ਵਿਭਾਗ ਵਲੋਂ ਕੀਤਾ ਜਾਂਦਾ ਹੈ।

ਮੇਰੇ ਡਾਕਟਰ ਪੁੱਤਰ ਅਤੇ ਨੂੰਹ ਅੱਜਕੱਲ੍ਹ ਪੋਰਟਲੈਂਡ ਸ਼ਹਿਰ ਦੇ ਹਸਪਤਾਲ ਵਿਚ ਸੇਵਾਵਾਂ ਨਿਭਾਅ ਰਹੇ ਹਨ। ਮੇਰੀ ਪਤਨੀ ਵੀ ਉਨ੍ਹਾਂ ਦੇ ਨਾਲ ਰਹਿਕੇ ਪੋਤੇ ਨੂੰ ਸੰਭਾਲਦੀ ਹੀ ਨਹੀਂ, ਸਗੋਂ ਪੰਜਾਬੀ ਸਿਖਾਕੇ ਉਸਦਾ ਮੋਹ ਮਾਂ ਬੋਲੀ ਨਾਲ ਪੁਆ ਰਹੀ ਹੈ। ਇਸੇ ਕਰਕੇ ਪੋਤਾ ਪੰਜਾਬੀ ਪੂਰੇ ਜਲੌਅ ਨਾਲ ਬੋਲਦਾ ਹੈ। ਕੁੱਝ ਦਿਨ ਪਹਿਲਾਂ ਮੇਰੀ ਨੂੰਹ ਦੇ ਮਾਤਾ-ਪਿਤਾ ਨੇ ਕੈਲੀਫੋਰਨੀਆ ਦੇ ਸ਼ਹਿਰ ਰੋਜ਼ਵਿਲ ਤੋਂ ਪੋਰਟਲੈਂਡ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੈਂ ਅਕਸਰ ਹੀ ਯੂਬਾ ਸਿਟੀ ਤੋਂ ਪੋਰਟਲੈਂਡ ਨੂੰ ਟਰੱਕ ਰਾਹੀਂ ਲੋਡ ਲੈ ਕੇ ਜਾਂਦਾ ਹਾਂ। ਮੈਂ ਉਨ੍ਹਾਂ ਨੂੰ ਟਰੱਕ ਰਾਹੀਂ ਜਾਣ ਦੀ ਤਾਕੀਦ ਕੀਤੀ, ਪਹਿਲਾਂ ਤਾਂ ਉਹ ਘਬਰਾਹਟ ਜਿਹੀ ਵਿਚ ਸਨ ਪਰ ਮੇਰੇ ਜ਼ੋਰ ਪਾਉਣ ’ਤੇ ਉਨ੍ਹਾਂ ਨੇ ਮੇਰੀ ਬੇਨਤੀ ਨੂੰ ਸਵੀਕਾਰ ਕਰ ਲਿਆ। ਯੂਬਾ ਸਿਟੀ ਤੋਂ ਸਵੇਰੇ ਤੁਰਕੇ ਸ਼ਾਮ ਤੱਕ ਪੋਰਟਲੈਂਡ ਜਾਇਆ ਜਾਂਦਾ ਹੈ। ਅਸਲ ਗੱਲ ਇਹ ਸੀ ਕਿ ਉਨ੍ਹਾਂ ਨੇ ਪਹਿਲਾਂ ਕਦੀ ਟਰੱਕ ਵਿਚ ਬੈਠਕੇ ਨਹੀਂ ਸੀ ਵੇਖਿਆ ਪਰ ਜਦੋਂ ਉਹ ਟਰੱਕ ਵਿਚ ਸਵਾਰ ਹੋਏ, ਤਾਂ ਬੈਡ ਲੱਗਾ ਵੇਖਕੇ ਉਨ੍ਹਾਂ ਦਾ ਚਾਅ ਦੁੱਗਣਾ ਹੋ ਗਿਆ। ਰਸਤੇ ਵਿਚ ਪੈਂਦੇ ਪਹਾੜਾਂ ਨੂੰ ਵੇਖਕੇ ਉਹ ਬੜੇ ਹੀ ਖੁਸ਼ ਹੋਏ। ਰੁੱਖਾਂ ਨਾਲ ਸ਼ਿੰਗਾਰੇ ਪਹਾੜ ਬਹੁਤ ਹੀ ਮਨਮੋਹਕ ਨਜ਼ਾਰਾ ਪੇਸ਼ ਕਰਦੇ ਹਨ। ਅਸੀਂ ਰਸਤੇ ਵਿਚ ਦੋ-ਤਿੰਨ ਥਾਵਾਂ ’ਤੇ ਖਾਣ-ਪੀਣ ਲਈ ਰੁਕੇ। ਸ਼ਾਮ ਤੱਕ ਅਸੀਂ ਪੋਰਟਲੈਂਡ ਜਾ ਪਹੁੰਚੇ। ਉਨ੍ਹਾਂ ਲਈ ਇਹ ਸਫਰ ਬੜਾ ਸੁਖਾਵਾਂ ਰਿਹਾ, ਸ਼ਾਮ ਤੱਕ ਉਨ੍ਹਾਂ ਨੂੰ ਭੋਰਾ ਭਰ ਵੀ ਥਕਾਵਟ ਨਾ ਹੋਈ।

ਅਸੀਂ ਪੋਰਟਲੈਂਡ ਤਿੰਨ-ਚਾਰ ਦਿਨ ਰਹਿਣ ਦਾ ਪ੍ਰੋਗ੍ਰਾਮ ਬਣਾਕੇ ਗਏ ਸਾਂ, ਜਿਨ੍ਹਾਂ ’ਚੋਂ ਇੱਕ ਦਿਨ ਮਲਟਨੋਮਾ ਝਰਨਾ ਵੇਖਣ ਜਾਣਾ ਸੀ। ਅਸੀਂ ਸਵੇਰੇ ਦਸ ਕੁ ਵਜੇ ਹੀ ਘਰੋਂ ਰਵਾਨਾ ਹੋ ਗਏ ਤੇ ਘੰਟੇ ਕੁ ਵਿਚ ਹੀ ਇਸ ਸਥਾਨ ’ਤੇ ਪਹੁੰਚ ਗਏ। ਅਸੀਂ ਇੱਥੇ ਦੋ ਕੁ ਘੰਟੇ ਬਿਤਾਏ। ਵੱਖ-ਵੱਖ ਅੰਦਾਜ਼ ਵਿਚ ਸਾਰਿਆਂ ਨੇ ਫੋਟੋ ਖਿਚਵਾਈਆਂ। ਮੇਰੇ ਢਾਈ ਕੁ ਸਾਲ ਦੇ ਪੋਤੇ ਨੇ ਇਸ ਜਗ੍ਹਾ ’ਤੇ ਸਾਡੇ ਨਾਲੋਂ ਵੀ ਵੱਧ ਮਸਤੀ ਕੀਤੀ। ਇੱਥੇ ਇੱਕ ਗਿਫਟ ਸ਼ਾਪ ਹੈ, ਜਿਸਦੀ 100ਵੀਂ ਵਰ੍ਹੇਗੰਢ ਵੀ ਇਸ ਸਾਲ ਹੀ ਮਨਾਈ ਜਾ ਰਹੀ ਹੈ। ਇਸ ਝਰਨੇ ਦੇ ਕੋਲ ਹੀ ਰੇਲ ਦੀ ਪੱਟੜੀ ਹੈ। ਸਾਡੇ ਹੁੰਦਿਆਂ ਹੀ ਇੱਥੋਂ ਦੋ ਮਾਲ ਟਰੇਨਾਂ ਲੰਘੀਆਂ ਜਿਨ੍ਹਾਂ ਦੀ ਲੰਬਾਈ ਦੋ ਮੀਲ ਤੋਂ ਵੀ ਜ਼ਿਆਦਾ ਸੀ। ਅਸੀਂ ਪੋਰਟਲੈਂਡ ਦੀਆਂ ਕੁੱਝ ਹੋਰ ਥਾਵਾਂ ਵੇਖਣ ਲਈ ਜਾ ਰਹੇ ਸਾਂ, ਤਾਂ ਰਸਤੇ ਵਿਚ ਹੀ ਪੋਤੇ ਨੂੰ ਉਲਟੀਆਂ ਲੱਗ ਗਈਆਂ, ਜਿਸਦੀ ਵਜ੍ਹਾ ਨਾਲ ਸਾਨੂੰ ਛੇਤੀ ਘਰ ਆਉਣਾ ਪਿਆ। ਘਰ ਆਉਂਦਿਆ ਹੀ ਭਾਵੇਂ ਉਹ ਠੀਕ ਹੋ ਗਿਆ ਸੀ ਪਰ ਰਸਤੇ ਵਿਚ ਸਾਨੂੰ ਸਾਰਿਆਂ ਨੂੰ ਘਬਰਾਹਟ ਜ਼ਰੂਰ ਹੋ ਗਈ ਸੀ। ਜਿਨ੍ਹਾਂ ਨੂੰ ਵੀ ਪੋਰਟਲੈਂਡ ਜਾਣ ਦਾ ਮੌਕਾ ਮਿਲੇ, ਉਨ੍ਹਾਂ ਨੂੰ ਇਸ ਝਰਨੇ ਦੇ ਮਨਮੋਹਕ ਨਜ਼ਾਰਿਆਂ ਨੂੰ ਜ਼ਰੂਰ ਵੇਖ ਲੈਣਾ ਚਾਹੀਦਾ ਹੈ। ਨੱਠ-ਭੱਜ ਦੀ ਜ਼ਿੰਦਗੀ ਵਿਚ ਅਜਿਹੀਆਂ ਥਾਵਾਂ ’ਤੇ ਜਾਣ ਨਾਲ ਮੰਨ ਨੂੰ ਚੈਨ ਅਤੇ ਸਕੂਨ ਮਿਲਦਾ ਹੈ।

ਓਰੇਗਨ ਸਟੇਟ ਵਿਚ ਵਸਤਾਂ ਖਰੀਦਣ ’ਤੇ ਕੋਈ ਟੈਕਸ ਨਹੀਂ ਲੱਗਦਾ। ਇਹੋ ਕਾਰਣ ਹੈ ਕਿ ਨਾਲ ਲੱਗਦੀਆਂ ਸਟੇਟਾਂ ਦੇ ਕਈ ਲੋਕ ਵੀ ਇੱਥੇ ਸ਼ਾਪਿੰਗ ਕਰਨ ਆਉਂਦੇ ਹਨ। ਇਸੇ ਚਾਅ ਵਿਚ ਅਸੀਂ ਵੀ ਥੋੜੀ ਜਿਹੀ ਖਰੀਦਦਾਰੀ ਕੀਤੀ। ਚੌਥੇ-ਪੰਜਵੇਂ ਦਿਨ ਅਸੀਂ ਟਰੱਕ ਰਾਹੀਂ ਵਾਪਸ ਯੂਬਾ ਸਿਟੀ ਆ ਗਏ। ਰਸਤੇ ਵਿਚ ਦੁਬਾਰਾ ਉਨ੍ਹਾਂ ਹੀ ਦ੍ਰਿਸ਼ਾਂ ਦਾ ਆਨੰਦ ਮਾਣਿਆ, ਜਿਨ੍ਹਾਂ ਦਾ ਜਾਂਦੇ ਵਕਤ ਮਾਣਿਆ ਸੀ। ਮੇਰੀ ਨੂੰਹ ਦੇ ਮਾਤਾ-ਪਿਤਾ ਨੇ ਜਿੱਥੇ ਇਸ ਨਿੱਕੇ ਜਿਹੇ ਟੂਰ ਦੀ ਸ਼ਲਾਘਾ ਕੀਤੀ, ਉੱਥੇ ਮੇਰੇ ਸੇਫ ਟਰੱਕ ਚਲਾਉਣ ਦੇ ਅੰਦਾਜ਼ ਨੂੰ ਵੀ ਖੂਬ ਸਲਾਹਿਆ।


# ਕੁਲਵਿੰਦਰ ਕੁਮਾਰ ਦਾ 'ਵਿਹੜੇ ਵਾਲਾ ਨਿੰਮ' ਮਿੰਨੀ ਕਹਾਣੀ ਸੰਗ੍ਰਹਿ ਲੋਕ ਹਿਤਾਂ ਦਾ ਪਹਿਰੇਦਾਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਕੁਲਵਿੰਦਰ ਕੁਮਾਰ ਕਵਿਤਾਵਾਂ ਅਤੇ ਮਿੰਨੀ ਕਹਾਣੀਆਂ ਦਾ ਲੇਖਕ ਹੈ। ਉਸਦੀਆਂ ਕਹਾਣੀਆਂ ਅਤੇ ਕਵਿਤਾਵਾਂ 26 ਸਾਂਝੇ ਪੰਜਾਬੀ ਅਤੇ ਹਿੰਦੀ ਦੇ ਕਾਵਿ ਅਤੇ ਕਹਾਣੀ ਸੰਗ੍ਰਹਿ ਵਿਚ ਪ੍ਰਕਾਸ਼ਤ ਹੋ ਚੁੱਕੀਆਂ ਹਨ। ਪੜਚੋਲ ਅਧੀਨ 'ਵਿਹੜੇ ਵਾਲਾ ਨਿੰਮ' ਉਸਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਵਿਚ 81 ਮਿੰਨੀ ਕਹਾਣੀਆਂ ਹਨ। ਇਨ੍ਹਾਂ ਵਿਚੋਂ ਦੋ ਦਰਜਨ ਕਹਾਣੀਆਂ ਜਿਨ੍ਹਾਂ ਵਿਚ ਸਾਊ ਕੁੜੀ, ਪਿਆਰ ਦਾ ਇਜ਼ਹਾਰ, ਮਿੱਧਿਆ ਫੁੱਲ, ਟਿਊਸ਼ਨ ਕਲਾਸ, ਸਫ਼ਰ ਤੇ ਹਮਸਫ਼ਰ, ਫ਼ਰਕ, ਚਲ ਕੋਈ ਨਾ, ਤਲਾਕ, ਤਿਲਕਣ, ਮਿਹਣਾ, ਆਹਟ, ਔਰਤ ਦਿਵਸ, ਫ਼ਰਜ਼, ਕੁੜੀਆਂ ਕਿਸੇ ਤੋਂ ਘੱਟ ਨਹੀਂ, ਧੀ ਦੀ ਲੋਹੜੀ, ਰੱਖੜੀ ਬੰਨ੍ਹ ਲੈ ਵੀਰ, ਟਾਈਮ ਨਹੀਂ, ਮਾਂ-ਬੋਲੀ, ਇੱਕ ਧੀ ਦੇਵੀਂ ਵੇ ਰੱਬਾ, ਕੁੜੀਆਂ ਚਿੜੀਆਂ, ਤੀਆਂ ਦਾ ਮੇਲਾ, ਨਵੇਂ ਸਾਲ ਦਾ ਤੋਹਫ਼ਾ, ਲੋਹੜੀ ਦਾ ਇੰਤਜ਼ਾਰ ਅਤੇ ਰੂਹਾਂ ਦੇ ਰਿਸ਼ਤੇ ਔਰਤਾਂ ਦੀ ਜ਼ਿੰਦਗੀ ਨਾਲ ਸੰਬੰਧਤ ਹਨ। ਇੱਕ ਮਾਂ, ਪਤਨੀ, ਭੈਣ, ਮਾਸੀ, ਚਾਚੀ, ਤਾਈ, ਨਾਨੀ ਦੇ ਰੂਪ ਵਿਚ ਵਿਚਰਦਿਆਂ ਔਰਤ ਨੂੰ ਜਿਹੜੀਆਂ ਸਥਿਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ, ਉਨ੍ਹਾਂ ਬਾਰੇ ਸੰਕੇਤਕ ਢੰਗ ਨਾਲ ਕਹਾਣੀਆਂ ਵਿਚ ਲਿਖਿਆ ਗਿਆ ਹੈ। ਇਹ ਮਿੰਨੀ ਕਹਾਣੀਆਂ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ, ਇਉਂ ਵੀ ਕਿਹਾ ਜਾ ਸਕਦਾ ਹੈ ਕਿ ਕਹਾਣੀਕਾਰ ਨੇ ਇਨ੍ਹਾਂ ਕਹਾਣੀਆਂ ਵਿਚ ਲੋਕਾਈ ਦੀਆਂ ਭਾਵਨਾਵਾਂ, ਦੁੱਖਾਂ-ਦਰਦਾਂ ਅਤੇ ਸਮੱਸਿਆਵਾਂ ਨੂੰ ਪਾਠਕਾਂ ਦੀ ਕਚਹਿਰੀ ਵਿਚ ਪ੍ਰਸਤੱਤ ਕੀਤਾ ਹੈ। ਕਹਾਣੀਕਾਰ ਦੀਆਂ ਕਹਾਣੀਆਂ ਵਹਿਮ-ਭਰਮ, ਵਾਤਾਵਰਨ ਨਾਲ ਖਿਲਵਾੜ, ਸਰਕਾਰੀ ਤੰਤਰ ਦਾ ਆਪਣੀ ਜ਼ਿੰਮੇਵਾਰੀ ਤੋਂ ਅਵੇਸਲਾਪਣ, ਸਿਆਸਤਦਾਨਾ ਦੀਆਂ ਚਾਲਾਂ, ਨਸ਼ਿਆਂ ਦੀ ਭਰਮਾਰ ਅਤੇ ਔਰਤ ਦੀ ਬੇਕਦਰੀ ਦਾ ਪਰਦਾਫਾਸ਼ ਕਰਦੀਆਂ ਹੋਈਆਂ ਲੋਕਾਈ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਸੁਚੇਤ ਕਰਦੀਆਂ ਹਨ। ਪੁਸਤਕ ਦੇ ਸਿਰਲੇਖ 'ਵਿਹੜੇ ਵਾਲਾ ਨਿੰਮ' ਅਤੇ 'ਵਾਤਾਵਰਨ ਪ੍ਰੇਮੀ' ਕਹਾਣੀ ਸਮਾਜ ਵੱਲੋਂ ਆਪਣੇ ਨਿੱਜੀ ਹਿੱਤਾਂ ਦੀ ਪ੍ਰਾਪਤੀ ਲਈ ਵਾਤਾਵਰਨ ਨਾਲ ਰੁੱਖਾਂ ਦੀ ਕਟਾਈ ਕਰਕੇ ਕੀਤੇ ਜਾ ਰਹੇ ਖਿਲਵਾੜ ਦਾ ਪ੍ਰਗਟਾਵਾ ਕਰਦੀਆਂ ਹਨ। ਇਸੇ ਤਰ੍ਹਾਂ 'ਅਣਗਹਿਲੀ' ਕਹਾਣੀ ਬਿਜਲੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਲੋਕਾਂ ਦੀ ਬਿਜਲੀ ਦੀਆਂ ਤਾਰਾਂ ਨੂੰ ਠੀਕ ਕਰਨ ਲਈ ਕੀਤੀ ਗਈ ਬੇਨਤੀ ਨੂੰ ਅਣਡਿੱਠ ਕਰਕੇ ਕੀਤੀ ਲਾਪ੍ਰਵਾਹੀ ਦਾ ਪਾਜ ਉਘੇੜਦੀ ਹੈ। 'ਰੁਤਬਾ' ਕਹਾਣੀ ਸਿਆਸਤਦਾਨਾਂ ਵੱਲੋਂ ਲੋਕਾਂ ਦੇ ਸਾਹਮਣੇ ਆਪਣੇ ਆਪ ਨੂੰ ਨਿਮਾਣਾ ਹੋਣ ਦਾ ਵਿਖਾਵਾ ਕਰਨਾ ਪ੍ਰੰਤੂ ਅਮਲੀ ਰੂਪ ਵਿਚ ਇਸਦੇ ਵਿਰੁੱਧ ਇੱਕ ਕਹਾਵਤ 'ਹਾਥੀ ਦੇ ਦੰਦ ਖਾਣ ਲਈ ਤੇ ਵਿਖਾਉਣ ਲਈ ਹੋਰ' ਦੀ ਤਰ੍ਹਾਂ ਪੂਰੀ ਢੁਕਦੀ ਹੈ। 'ਰੋਟੀ ਦਾ ਨਸ਼ਾ' ਕਹਾਣੀ ਦੇ ਦੋਹਰੇ ਅਰਥ ਹਨ, ਇੱਕ ਪਾਸੇ ਜ਼ਿੰਦਗੀ ਦੀ ਸੰਤੁਸ਼ਟਤਾ ਅਤੇ ਨਾਲ ਹੀ ਨਸ਼ਿਆਂ ਦੀ ਭਰਮਾਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਬਿਲਕੁਲ ਇਸੇ ਤਰ੍ਹਾਂ 'ਫ਼ਰਜ਼', 'ਧਰਤੀ ਮਾਂ' 'ਲੋਹੜੀ ਤੇ ਇੰਤਜ਼ਾਰ' 'ਦਿਲ ਦੀਆਂ ਰੀਝਾਂ', ਨਵੇਂ ਸਾਲ ਦਾ ਤੋਹਫ਼ਾ, 'ਬੇਈਮਾਨੀ ਦੀ ਕਮਾਈ', 'ਸੁੱਖ ਦੁੱਖ ਦੇ ਸਾਥੀ', 'ਅਸਭਿਅਤਾ', 'ਪ੍ਰਣ' ਅਤੇ 'ਦੇਸ਼ ਭਗਤੀ ਦਾ ਜਜ਼ਬਾ' ਕਹਾਣੀਆਂ ਵੀ ਇੱਕ ਪਾਸੇ ਦੇਸ਼ ਪ੍ਰਤੀ ਹਮਦਰਦੀ ਤੇ ਦੂਜੇ ਪਾਸੇ ਪ੍ਰਵਾਸ ਦੀ ਲਾਲਸਾ ਦਾ ਪ੍ਰਗਟਾਵਾ ਕਰਦੀਆਂ ਹਨ, ਦੋਸਤ, ਦੋਸਤ ਦਾ ਸਹਾਰਾ ਵੀ ਬਣਦਾ ਹੈ। ਇਸਦੇ ਨਾਲ ਹੀ 'ਅਕਿਰਤਘਣ' ਅਤੇ ਕਸ਼ਮਕਸ਼' ਪਰਵਾਸ ਵਿਚ ਵਸਣ ਲਈ ਰਿਸ਼ਤਿਆਂ ਦੀ ਦੁਰਵਰਤੋਂ ਤੇ ਅਣਵੇਖੀ ਬਾਰੇ ਚੇਤੰਨ ਕਰਦੀਆਂ ਹਨ। 'ਔਰਤ ਦਿਵਸ', 'ਰਿਸ਼ਤੇ ਰੂਹਾਂ ਦੇ', 'ਇੱਕ ਧੀ ਦੇਵੀਂ ਵੇ ਰੱਬਾ, 'ਕੁੜੀਆਂ ਚਿੜੀਆਂ' ਅਤੇ ਤੀਆਂ ਦਾ ਮੇਲਾ ਇਸਤਰੀਆਂ ਦੀ ਖ਼ੁਸ਼ੀ ਤੇ ਗ਼ਮੀ ਦੀਆਂ ਪ੍ਰਤੀਕ ਹਨ। 'ਧੀ ਦੀ ਲੋਹੜੀ' ਸਮਾਜਿਕ ਤਬਦੀਲੀ ਦਾ ਪ੍ਰਤੀਕ ਹੈ। ਇੱਕ ਪਾਸੇ ਮਰਦ ਔਰਤ ਦੀ ਕਦਰ ਦਾ ਢਕਵੰਜ ਕਰਦੈ, ਦੂਜੇ ਪਾਸੇ ਮਰਦ ਔਰਤ ਦਿਵਸ ਦੇ ਸਮਾਗਮ 'ਤੇ ਜਾਣ ਦੀ ਗੱਲ ਕਰਦਾ ਹੈ, ਪ੍ਰੰਤੂ ਅਸਲ ਜ਼ਿੰਦਗੀ ਵਿਚ ਉਸਦੀ ਬੇਕਦਰੀ ਕਰਦਾ ਹੈ। ਘਰ ਵਿਚ ਔਰਤਾਂ ਨਾਲ ਦੁਰਵਿਵਹਾਰ, ਪ੍ਰੰਤੂ ਬਾਹਰ ਵਿਖਾਵਾ ਸਤਿਕਾਰ ਦਾ ਕੀਤਾ ਜਾਂਦਾ ਹੈ। ਮਰਦ ਔਰਤ ਨੂੰ ਕਮਜ਼ੋਰ ਸਮਝਦਾ ਹੈ, ਪ੍ਰੰਤੂ 'ਕੁੜੀਆਂ ਕਿਸੇ ਤੋਂ ਘੱਟ ਨਹੀਂ' ਕਹਾਣੀ ਵਿਚ ਪ੍ਰੀਤ ਦਾ ਬੈਂਕ ਲੁੱਟਣ ਵਾਲੇ ਹਮਲਾਵਰ ਨੂੰ ਹੂਰਾ ਮਾਰਕੇ ਬੇਹੋਸ਼ ਕਰ ਦੇਣਾ, ਮਰਦਾਂ ਦੀ ਫੋਕੀ ਮਰਦਾਨਗੀ ਨੂੰ ਵੰਗਾਰ ਦੇ ਤੌਰ 'ਤੇ ਦਰਸਾਇਆ ਗਿਆ ਹੈ ਕਿ ਉਹ ਕਿਸੇ ਮਰਦ ਤੋਂ ਘੱਟ ਨਹੀਂ ਹਨ। 'ਵਹਿਮ-ਭਰਮ' ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਆਧੁਨਿਕਤਾ ਦੇ ਪੜ੍ਹੇ-ਲਿਖੇ ਜ਼ਮਾਨੇ ਵਿਚ ਵੀ ਲੋਕ ਵਹਿਮਾਂ-ਭਰਮਾਂ ਦੇ ਚੱਕਰ ਵਿਚੋਂ ਬਾਹਰ ਨਹੀਂ ਨਿਕਲ ਰਹੇ। 'ਬਦਲਾਵ' ਕਹਾਣੀ ਵਿਚ ਕੁਲਦੀਪ ਸਿੰਘ ਵੱਲੋਂ ਸ਼ਰਾਬ ਦੀ ਲਤ ਕਰਕੇ ਨਾਲੀ ਵਿਚ ਡਿਗਣ ਤੋਂ ਬਾਅਦ ਲੱਗੇ ਝਟਕੇ ਦਾ ਉਸਾਰੂ ਨਤੀਜਾ ਵਿਖਾਇਆ ਗਿਆ ਹੈ। 'ਗੁੱਸਾ ਫੁੱਫੜ ਦਾ' ਕਹਾਣੀ ਇਨਸਾਨ ਦੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ, ਇਸ ਕਹਾਣੀ ਵਿਚ ਕਰਮ ਸਿੰਘ ਦਾ ਆਪਣੇ ਜੀਜੇ ਨੂੰ ਨੀਵਾਂ ਵਿਖਾਣਾ ਘਟੀਆ ਮਾਨਸਿਕਤਾ ਹੈ। 'ਦੇਸ਼ ਭਗਤੀ' ਕਹਾਣੀ ਨੌਜਵਾਨਾਂ ਵਿਚ ਦੇਸ਼ ਦੇ ਮਾਨ-ਸਨਮਾਨ ਦਾ ਹੋਣਾ, ਫ਼ਖ਼ਰ ਵਾਲੀ ਗੱਲ ਦਾ ਨਮੂਨਾ ਪੇਸ਼ ਕਰਦੀ ਹੈ। 'ਦਾਸਤਾਨ-ਏ-ਵਿਸਾਖੀ' ਵੀ ਜਲ੍ਹਿਆਂਵਾਲੇ ਦੇ ਖ਼ੂਨੀ ਸਾਕੇ ਦੀ ਚੀਸ, ਦੇਸ਼ ਭਗਤੀ ਦਾ ਇਜ਼ਹਾਰ ਕਰਦੀ ਹੈ। 'ਨਹਿਲੇ ਤੇ ਦਹਿਲਾ' ਕਹਾਣੀ ਦੋਸਤਾਂ ਨਾਲ ਚਲਿਤਰ ਕਰਨ ਵਾਲੇ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਦਾ ਪ੍ਰਗਟਾਵਾ ਕਰਦੀ ਹੈ। 'ਸਰਬੱਤ ਦਾ ਭਲਾ' ਸਮਾਜ ਸੇਵਾ ਦੀ ਪ੍ਰਵਿਰਤੀ ਸ਼ੁਭ ਸ਼ਗਨ ਹੁੰਦੀ ਹੈ, 'ਰੱਖੜੀ ਬੰਨਾ ਲੈ ਵੀਰ ਵੇ', 'ਬੇਨਾਮ ਰਿਸ਼ਤੇ, ਤੇ 'ਜ਼ਿੰਦਗੀ ਜਿਊਣ ਦਾ ਸਲੀਕਾ' ਭੈਣ ਭਰਾ ਦੇ ਪਿਆਰ ਦਾ ਪ੍ਰਤੀਕ ਤੇ ਦੋਸਤੀ ਦੀ ਮਹੱਤਤਾ ਦਾ ਪ੍ਰਗਟਾਵਾ ਕਰਦੀਆਂ ਹਨ। ਜ਼ਿੰਦਗੀ 'ਜਿਊਣ ਦਾ ਸਲੀਕਾ' ਤੇ 'ਵਾਤਾਵਰਨ ਪ੍ਰੇਮੀ' ਦੋਵੇਂ ਚੰਗੇ ਦੋਸਤਾਂ ਨਾਲ ਦੋਸਤੀ ਪਾਉਣ ਦੀ ਪ੍ਰੇਰਨ ਦਿੰਦੀਆਂ ਹਨ। 'ਫਰਲੋ' ਦਫ਼ਤਰੀ ਬਾਬੂਆਂ ਦੀ ਫਿਤਰਤ, 'ਆਲਸ' ਨੁਕਸਾਨਦਾਇਕ, 'ਪ੍ਰੇਰਨਾ' ਤੇ 'ਮਿਹਨਤ ਦਾ ਫਲ' ਦੋਵੇਂ ਮਿਹਨਤ ਦੀਆਂ ਸੂਚਕ, 'ਸਚਾਈ ਦੀ ਜਿੱਤ' ਸਫਲਤਾ ਦੀ ਨਿਸ਼ਾਨੀ ਅਤੇ 'ਜੇਰਾ' ਦੂਜਿਆਂ ਦੀ ਮਦਦ ਲਈ ਪ੍ਰੇਰਨਾਦਾਇਕ ਹੈ। ਦਫ਼ਤਰੀ ਬਾਬੂ ਦੀ ਲਾਲਚ ਅਧੀਨ ਮਾਨਸਿਕਤਾ ਵਿਦਿਆਰਥੀ ਦੇ ਨੰਬਰ ਪ੍ਰਿੰਸੀਪਲ ਨੂੰ ਘੱਟ ਵਿਖਾ ਦਿੰਦੀ ਹੈ, ਜਦੋਂਕਿ ਨੰਬਰ ਦਾਖ਼ਲਾ ਦੇਣ ਲਈ ਲੋੜੀਂਦੇ ਹਨ। 'ਭੀੜ-ਭੜੱਕਾ' ਕਹਾਣੀ ਧਾਰਮਿਕ ਸਥਾਨਾਂ 'ਤੇ ਇਨਸਾਨੀਅਤ ਦੀ ਅਣਗਹਿਲੀ ਦਾ ਦ੍ਰਿਸ਼ਟਾਂਤਿਕ ਪ੍ਰਗਟਾਵਾ ਕਰਦੀ ਹੈ। 'ਪਹਿਲੀ ਲੋਹੜੀ' ਤੇ 'ਨਿੱਕੀ ਜਿਹੀ ਗ਼ਲਤੀ' ਦਫ਼ਤਰਾਂ ਵਿਚ ਇਨਸਾਨੀਅਤ ਦੇ ਦੋਵੇਂ ਰੂਪਾਂ ਬਾਰੇ ਜਾਣਕਾਰੀ ਦਿੰਦੀ ਹੈ, ਇੱਕ ਪਾਸੇ ਹੌਲਦਾਰ ਆਪਣੇ ਸਿਪਾਹੀ ਦੀ ਜ਼ਰੂਰਤ ਦੀ ਅਹਿਮੀਅਤ ਨੂੰ ਦਰਕਿਨਾਰ ਕਰਦਾ ਹੈ ਤੇ ਦੂਜੇ ਪਾਸੇ ਥਾਣੇਦਾਰ ਕਦਰਦਾਨ ਬਣਦਾ ਹੈ। 'ਕਿਰਦਾਰ' ਦੋ ਭਰਾਵਾਂ ਦੇ ਵਿਵਹਾਰ ਦਾ ਅੰਤਰ ਦਰਸਾਉਂਦੀ ਹੈ। 'ਰੰਗਾਂ ਦਾ ਤਿਉਹਾਰ' ਕਹਾਣੀ ਗ਼ਰੀਬਾਂ ਦੀ ਹਾਲਤ ਬਿਆਨ ਕਰਦੀ ਹੈ। 'ਕੁਦਰਤ ਦਾ ਕਹਿਰ' ਅਤੇ 'ਕੌਣ ਸਾਹਿਬ ਨੂੰ ਆਖੇ' ਕਹਾਣੀਆਂ ਕਿਸਾਨਾਂ ਦੀਆਂ ਫ਼ਸਲਾਂ ਦੀ ਤਬਾਹੀ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਦੇ ਕਤਲ ਹੋਣ ਬਾਰੇ ਦਸਦੀਆਂ ਹਨ।

ਲੋਕ ਭਲਾਈ ਅਤੇ ਇਨਸਾਨੀਅਤ ਦੀ ਕਦਰ ਸੰਬੰਧੀ ਵੀ ਅੱਧਾ ਦਰਜਨ ਕਹਾਣੀਆਂ ਹਨ। 'ਅਸੂਲ ਦੀ ਗੱਲ' ਸਰਪੰਚ ਵੱਲੋਂ ਲਾਲਚ ਦੇ ਕੇ ਬੱਚਾ ਪਾਸ ਕਰਵਾਉਣਾ ਆਮ ਜਿਹੀ ਗੱਲ ਹੈ, ਪ੍ਰੰਤੂ ਇਸ ਕਹਾਣੀ ਵਿਚ ਪ੍ਰਿੰਸੀਪਲ ਵੱਲੋਂ ਕਰਾਰਾ ਜਵਾਬ ਦੇਣਾ ਅਸੂਲ ਪ੍ਰਸਤੀ ਦਾ ਨਮੂਨਾ ਹੈ। 'ਰੰਗਲਾ ਪੰਜਾਬ' ਵਿਅੰਗਾਤਮਿਕ ਕਹਾਣੀ ਹੈ, ਜਿਹੜੀ ਪੰਜਾਬ ਵਿਚ ਨਸ਼ਿਆਂ, ਬੇਰੋਜ਼ਗਾਰੀ, ਲੁੱਟ-ਖੋਹ, ਅਮਨ ਕਾਨੂੰਨ ਦੀ ਸਥਿਤੀ, ਆਤਮ ਹੱਤਿਆਵਾਂ, ਸੜਕੀ ਦੁਰਘਨਾਵਾਂ ਅਤੇ ਪਰਵਾਸ ਦੀ ਹੋੜ ਦੱਸਕੇ ਗੁੱਝੇ ਤੀਰ ਮਾਰਦੀ ਹੈ। 'ਮਸ਼ੀਨੀਕਰਨ' ਕਹਾਣੀ ਬੇਰਜ਼ਗਾਰੀ ਪੈਦਾ ਕਰਨ ਬਾਰੇ ਚੇਤੰਨ ਕਰਦੀ ਹੈ। ਪਲੇਠਾ ਕਹਾਣੀ ਸੰਗ੍ਰਹਿ ਹੋਣ ਕਰਕੇ ਕੁਲਵਿੰਦਰ ਕੁਮਾਰ ਦੀਆਂ ਮਿੰਨੀ ਕਹਾਣੀਆਂ ਪਹਿਲੀ ਸੱਟੇ ਪ੍ਰਚਾਰ ਲੱਗਦੀਆਂ ਹਨ। ਇਸ ਲਈ ਕਹਾਣੀਕਾਰ ਨੂੰ ਅੱਗੇ ਵਾਸਤੇ ਕਹਾਣੀਆਂ ਲਿਖਦਿਆਂ ਧਿਆਨ ਰੱਖਣਾ ਚਾਹੀਦਾ ਹੈ ਕਿ ਵਿਚੋਂ ਪ੍ਰੇਰਨਾ ਤਾਂ ਭਾਵੇਂ ਮਿਲੇ, ਪ੍ਰੰਤੂ ਪ੍ਰਚਾਰ ਨਹੀਂ ਹੋਣਾ ਚਾਹੀਦਾ। ਭਵਿੱਖ ਵਿਚ ਕਹਾਣੀਕਾਰ ਤੋਂ ਹੋਰ ਵਧੀਆ ਢੰਗ ਨਾਲ ਕਹਾਣੀਆਂ ਲਿਖਣ ਦੀ ਉਮੀਦ ਕੀਤੀ ਜਾ ਸਕਦੀ ਹੈ।







**96 ਪੰਨਿਆਂ, 250 ਰੁਪਏ ਕੀਮਤ ਵਾਲਾ 'ਵਿਹੜੇ ਵਾਲਾ ਨਿੰਮ' ਮਿੰਨੀ ਕਹਾਣੀ ਸੰਗ੍ਰਹਿ ਸਾਹਿਤਯ ਕਲਸ਼ ਪਬਲੀਕੇਸ਼ਨ, ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਕੁਲਵਿੰਦਰ ਕੁਮਾਰ : 9914481924**

ਇਸ ਕਹਾਣੀ ਸੰਗ੍ਰਹਿ ਵਿਚ 81 ਮਿੰਨੀ ਕਹਾਣੀਆਂ ਹਨ। ਇਨ੍ਹਾਂ ਵਿਚੋਂ ਦੋ ਦਰਜਨ ਕਹਾਣੀਆਂ ਜਿਨ੍ਹਾਂ ਵਿਚ ਸਾਊ ਕੁੜੀ, ਪਿਆਰ ਦਾ ਇਜ਼ਹਾਰ, ਮਿੱਧਿਆ ਫੁੱਲ, ਟਿਊਸ਼ਨ ਕਲਾਸ, ਸਫ਼ਰ ਤੇ ਹਮਸਫ਼ਰ, ਫ਼ਰਕ, ਚਲ ਕੋਈ ਨਾ, ਤਲਾਕ, ਤਿਲਕਣ, ਮਿਹਣਾ, ਆਹਟ, ਔਰਤ ਦਿਵਸ, ਫ਼ਰਜ਼, ਕੁੜੀਆਂ ਕਿਸੇ ਤੋਂ ਘੱਟ ਨਹੀਂ, ਧੀ ਦੀ ਲੋਹੜੀ, ਰੱਖੜੀ ਬੰਨ੍ਹ ਲੈ ਵੀਰ, ਟਾਈਮ ਨਹੀਂ, ਮਾਂ-ਬੋਲੀ, ਇੱਕ ਧੀ ਦੇਵੀਂ ਵੇ ਰੱਬਾ, ਕੁੜੀਆਂ ਚਿੜੀਆਂ, ਤੀਆਂ ਦਾ ਮੇਲਾ, ਨਵੇਂ ਸਾਲ ਦਾ ਤੋਹਫ਼ਾ, ਲੋਹੜੀ ਦਾ ਇੰਤਜ਼ਾਰ ਅਤੇ ਰੂਹਾਂ ਦੇ ਰਿਸ਼ਤੇ ਔਰਤਾਂ ਦੀ ਜ਼ਿੰਦਗੀ ਨਾਲ ਸੰਬੰਧਤ ਹਨ। ਇੱਕ ਮਾਂ, ਪਤਨੀ, ਭੈਣ, ਮਾਸੀ, ਚਾਚੀ, ਤਾਈ, ਨਾਨੀ ਦੇ ਰੂਪ ਵਿਚ ਵਿਚਰਦਿਆਂ ਔਰਤ ਨੂੰ ਜਿਹੜੀਆਂ ਸਥਿਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ, ਉਨ੍ਹਾਂ ਬਾਰੇ ਸੰਕੇਤਕ ਢੰਗ ਨਾਲ ਕਹਾਣੀਆਂ ਵਿਚ ਲਿਖਿਆ ਗਿਆ ਹੈ।

# ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਹੁਣ ਆਸਾਨ ਨਹੀਂ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਨੇਪਾਲ ਵਿਚ ਫੇਸਬੁੱਕ, ਵੱਟਸਐਪ, ਇੰਸਟਾਗ੍ਰਾਮ, ਯੂਟਿਊਬ, ਐਕਸ, ਲਿੰਕਡਇਨ, ਮੈਸੰਜਰ, ਸਨੈਪਚੈਟ, ਫ੍ਰੈਂਡਸ, ਰੈਡਿਟ, ਸਿਗਨਲ, ਵੀਚੈਟ, ਕਲੱਬ ਹਾਊਸ, ਟੰਬਲਰ, ਡਿਸਕਾਰਡ, ਪਿੰਟਰੈਸਟ, ਕਵੋਰਾ, ਰੰਬਲ, ਵੀਕੇ, ਆਈ.ਐੱਮ.ਓ., ਸੋਲ, ਹਮਰੋ ਪਾਤਰੋ, ਜ਼ੈਲੋ, ਲਾਈਨ ਅਤੇ ਮੈਸਟੋਡਨ 'ਤੇ ਪਾਬੰਦੀ ਲਗਾਈ ਗਈ ਸੀ। ਪਿੱਛੇ ਕੀ ਰਹਿ ਗਿਆ?

ਲੋਕਾਂ ਦਾ ਜੀਵਨ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਇਨ੍ਹਾਂ ਉਪਰ ਹੀ ਨਿਰਭਰ ਸਨ। ਦੇਸ਼ ਵਿਚ, ਵਿਦੇਸ਼ ਵਿਚ ਕਿਤੇ ਵੀ, ਕਿਸੇ ਨਾਲ ਵੀ ਗੱਲਬਾਤ ਕਰਨੀ ਹੈ, ਤਾਂ ਇਨ੍ਹਾਂ ਰਾਹੀਂ ਹੀ ਹੁੰਦੀ ਸੀ। ਜਦ ਇਹ ਸਾਰਾ ਕੁਝ ਠੱਪ ਹੋ ਗਿਆ, ਤਾਂ ਪ੍ਰਤੀਕਰਮ ਸੁਭਾਵਕ ਸੀ। ਪਰ ਨੇਪਾਲ ਵਿਚ ਜੋ ਕੁਝ ਹੋਇਆ, ਨਹੀਂ ਹੋਣਾ ਚਾਹਦਾ ਸੀ। ਰੋਸ ਸ਼ਾਂਤਮਈ ਰਹਿਣਾ ਚਾਹੀਦਾ ਹੈ, ਰੋਸ ਦੀ ਸ਼ਿੱਦਤ ਚਾਹੇ ਜੋ ਮਰਜ਼ੀ ਹੋਵੇ।

ਭਾਵੇਂ ਨੇਪਾਲ ਦੀ ਸਰਕਾਰ ਆਪਣੀ ਜਗ੍ਹਾ ਠੀਕ ਹੋਵੇ ਪਰੰਤੂ ਉਹ ਇਹ ਅਨੁਮਾਨ ਲਗਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਕਿ ਅਜੋਕੇ ਸਮਿਆਂ ਵਿਚ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਲਾਉਣਾ ਆਸਾਨ ਨਹੀਂ। ਸਰਕਾਰ ਦਾ ਪੱਖ ਹੈ ਕਿ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਨੂੰ ਦੇਸ਼ ਦੇ ਨਿਯਮ ਕਾਨੂੰਨ ਮੰਗਣ ਲਈ ਇਕ ਸਾਲ ਦਾ ਸਮਾਂ ਦਿੱਤਾ ਗਿਆ ਪਰ ਉਹ ਟੱਸ ਤੋਂ ਮੱਸ ਨਹੀਂ ਹੋਏ। ਅਖੀਰ ਸਖ਼ਤ ਕਦਮ ਚੁੱਕਿਆ ਗਿਆ। ਜਿਸ 'ਤੇ ਦੇਸ਼ ਅੰਦਰ ਤਿੱਖਾ ਪ੍ਰਤੀਕਰਮ ਹੋਇਆ।

ਪ੍ਰਤੀਕਰਮ, ਪ੍ਰਗਟਾਉਣ ਲਈ 'ਜੈੱਨ-ਜ਼ੀ' ਮੰਚ ਦੀ ਵਰਤੋਂ ਕੀਤੀ ਗਈ। ਜੈੱਨ-ਜ਼ੀ ਵਿਚ ਉਹ ਨੌਜਵਾਨ ਸ਼ਾਮਲ ਸਨ, ਜਿਨ੍ਹਾਂ ਦੀ ਉਮਰ 13-14 ਸਾਲ ਤੋਂ 27-28 ਸਾਲ ਹੈ। ਸੜਕਾਂ ਉਪਰ ਇਸੇ ਉਮਰ-ਵਰਗ ਦੇ ਲੜਕੇ ਲੜਕੀਆਂ ਨਜ਼ਰ ਆ ਰਹੇ ਸਨ।

ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਆਰਜ਼ੀ, ਤੌਰ 'ਤੇ ਸੀਮਤ ਖੇਤਰ ਵਿਚ ਤਾਂ ਵੱਖ-ਵੱਖ ਦੇਸ਼ਾਂ, ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਬੰਦ ਕਰਦੀਆਂ ਰਹਿੰਦੀਆਂ ਹਨ। ਆਸਟਰੇਲੀਆ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲੱਗਾ ਚੁੱਕਾ ਹੈ, ਜਿਸਨੂੰ ਦਸੰਬਰ 2025 ਤੋਂ ਲਾਗੂ ਕੀਤਾ ਜਾਣਾ ਹੈ। ਅਜਿਹੀ ਪਾਬੰਦੀ ਦੁਨੀਆਂ ਵਿਚ ਪਹਿਲੀ ਵਾਰ ਲੱਗ ਰਹੀ ਹੈ ਅਤੇ ਬਕਾਇਦਾ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। 'ਟਾਰਗੈਟਿੰਗ ਟੈਕਨਾਲੋਜੀ' ਤਹਿਤ 16 ਸਾਲ ਤੋਂ ਘੱਟ ਉਮਰ ਦੇ ਸੋਸ਼ਲ ਮੀਡੀਆ ਵਰਤਣ ਵਾਲਿਆਂ ਦੀ ਸ਼ਨਾਖ਼ਤ ਕੀਤੀ ਜਾਵੇਗੀ। ਜੇ ਕੰਪਨੀ ਇਸ ਵਿਚ ਕਾਮਯਾਬ ਨਾ ਹੋਈ, ਤਾਂ ਜੁਰਮਾਨੇ ਵਜੋਂ ਵੱਡੀ ਰਕਮ ਤਾਰਨੀ ਪਵੇਗੀ।

ਸੋਸ਼ਲ ਮੀਡੀਆ ਪਲੇਟਫਾਰਮ ਜਿੰਨੀਆਂ ਵੱਡੀਆਂ ਸਹੂਲਤਾਂ ਮੁਹੱਈਆ ਕਰਦੇ ਹਨ, ਓਨੀਆਂ ਵੱਡੀਆਂ ਪ੍ਰੇਸ਼ਾਨੀਆਂ ਤੇ ਸਿਰਦਰਦੀਆਂ ਵੀ ਪੈਦਾ ਕਰਦੇ ਹਨ।

ਤਾਜ਼ਾ ਅੰਕੜਿਆਂ ਅਨੁਸਾਰ 30000000 ਦੀ ਪਾਪੂਲੇਸ਼ਨ ਵਿਚੋਂ ਨੇਪਾਲ ਦੇ 90 ਪ੍ਰਤੀਸ਼ਤ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਜਦੋਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਲਗਾ ਦਿੱਤੀ ਗਈ, ਤਾਂ ਇਨ੍ਹਾਂ ਲੋਕਾਂ ਵਿਚ ਹਾਹਾਕਾਰ ਮੱਚ ਗਈ। ਪਰਿਵਾਰਕ ਮੈਂਬਰਾਂ, ਦੋਸਤਾਂ-ਮਿੱਤਰਾਂ, ਸਕੇ-ਸੰਬੰਧੀਆਂ ਨਾਲੋਂ ਰਾਬਤਾ ਟੁੱਟ ਗਿਆ। ਉਨ੍ਹਾਂ ਦਾ ਪ੍ਰੇਸ਼ਾਨ ਹੋਣਾ ਸੁਭਾਵਕ ਸੀ। ਇਸ ਸਥਿਤੀ ਵਿਚ ਉਹ ਦੇਸ਼ ਵਿਦੇਸ਼ ਵਿਚ ਆਮ ਫੋਨ ਕਾਲ ਰਾਹੀਂ ਗੱਲ ਕਰ ਰਹੇ ਸਨ, ਜਿਹੜੀ ਬਹੁਤ ਮਹਿੰਗੀ ਸੀ। ਪ੍ਰਤੀ ਮਿੰਟ 5 ਤੋਂ 15 ਰੁਪਏ ਤੱਕ ਲੱਗ ਰਹੇ ਸਨ। ਸਰਕਾਰਾਂ ਨੂੰ ਅਜਿਹੇ ਫੈਸਲੇ ਲੈਣ ਤੋਂ ਪਹਿਲਾਂ ਹੁਣ 100 ਵਾਰ ਸੋਚਣਾ ਪਵੇਗਾ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਲਾਉਣੀ ਹੁਣ ਆਸਾਨ ਨਹੀਂ ਰਹਿ ਗਈ।

ਓਧਰ ਭਾਰਤ ਸਰਕਾਰ ਨੇ ਅਸ਼ਲੀਲਤਾ ਵਿਖਾਉਣ ਦੇ ਦੋਸ਼ ਤਹਿਤ 25 ਓ.ਟੀ.ਟੀ. ਪਲੇਟਫਾਰਮਾਂ 'ਤੇ ਪਾਬੰਦੀ ਲੱਗਾ ਦਿੱਤੀ ਹੈ। ਇਹ ਕਾਰਵਾਈ ਬੜੀ ਸੋਚ ਵਿਚਾਰ ਉਪਰੰਤ ਸੰਬੰਧਿਤ ਖੇਤਰ ਦੇ ਮਾਹਰ ਵਿਅਕਤੀਆਂ ਦੇ ਕਹਿਣ 'ਤੇ ਕੀਤੀ ਗਈ ਹੈ। ਇਹ ਸਾਰੇ ਕਾਨੂੰਨ ਦੀ ਉਲੰਘਣਾ ਕਰ ਰਹੇ ਸਨ ਅਤੇ ਇਨ੍ਹਾਂ ਵਿਰੁੱਧ ਸੂਚਨਾ ਤਕਨੀਕ ਐਕਟ 2000 ਅਤੇ ਆਈ.ਟੀ. ਨਿਯਮ 2021 ਤਹਿਤ ਕਾਰਵਾਈ ਕੀਤੀ ਗਈ ਹੈ।

ਬਹੁਗਿਣਤੀ ਲੋਕਾਂ ਦਾ ਮੰਨਣਾ ਹੈ ਕਿ ਸਰਕਾਰ ਦੀ ਇਹ ਕਦਮ ਬਿਲਕੁਲ ਦਰੁੱਸਤ ਹੈ ਕਿਉਂਕਿ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਭਾਰਤੀਆਂ ਵਿਚੋਂ ਵੱਡੀ ਗਿਣਤੀ ਲੋਕ ਵੱਖ-ਵੱਖ ਪਲੇਟਫਾਰਮਾਂ ਰਾਹੀਂ ਅਜਿਹੀ ਸਮੱਗਰੀ ਵੇਖਦੇ ਹਨ। ਹੋਰ ਤਾਂ ਹੋਰ ਬੱਚਿਆਂ ਤੋਂ ਵੀ ਅਜਿਹੀ ਅਸ਼ਲੀਲ ਵਿਸ਼ਾ-ਸਮੱਗਰੀ ਦੂਰ ਨਹੀਂ ਹੈ।

ਇਸ ਪ੍ਰਸੰਗ ਵਿਚ ਜਦ ਆਸਟਰੇਲੀਆ ਸਰਕਾਰ ਦੁਆਰਾ ਲਿਆ ਗਿਆ ਫੈਸਲਾ ਵੇਖਦੇ ਹਾਂ, ਤਾਂ ਪ੍ਰਸੰਗ ਕੀਤੇ ਬਿਨ੍ਹਾਂ ਨਹੀਂ ਰਹਿ ਸਕਦੇ। ਆਸਟਰੇਲੀਆ ਦੀ ਪਹਿਲਕਦਮੀਂ ਨੂੰ ਵੇਖਦੇ ਹੋਏ ਦੁਨੀਆਂ ਦੇ ਬਹੁਤ ਸਾਰੇ ਹੋਰ ਮੁਲਕ ਵੀ ਬੱਚਿਆਂ ਦੇ ਭਵਿੱਖ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਅਜਿਹੇ ਸਖ਼ਤ ਤੇ ਸੁਚਾਰੂ ਕਦਮ ਚੁੱਕਣ ਸੰਬੰਧੀ ਵਿਚਾਰਾ ਕਰ ਰਹੇ ਹਨ।

ਸੋਸ਼ਲ ਮੀਡੀਆ ਦੀ ਵਰਤਮਾਨ ਦਸ਼ਾ ਦੇ ਮੱਦੇਨਜ਼ਰ ਸਖ਼ਤੀ ਤੇ ਸਵੈ-ਜ਼ਾਬਤਾ ਦੋਹਾਂ 'ਤੇ ਕੰਮ ਕਰਨ ਦੀ ਲੋੜ ਹੈ। ਇਕ ਪਾਸੇ ਸਰਕਾਰਾਂ ਦੁਆਰਾ ਲੋੜ ਅਨੁਸਾਰ ਨਵੇਂ ਨਿਯਮ ਕਾਨੂੰਨ ਲਿਆਉਣ ਦੀ ਜ਼ਰੂਰਤ ਭਾਸਦੀ ਹੈ ਅਤੇ ਦੂਸਰੇ ਪਾਸੇ ਆਪੋ ਆਪਣੀ ਪੱਧਰ 'ਤੇ ਅਨੁਸ਼ਾਸਨ ਅਤੇ ਸਵੈ-ਜ਼ਾਬਤਾ ਲਾਗੂ ਕਰਨਾ ਵੀ ਨਿਹਾਇਤ ਜ਼ਰੂਰੀ ਹੈ।



# ਚਿੱਠੀ ਲਿਖੇ ਯੋਂ ਸਿੰਘ...

**ਇੱਕ ਦਿਨ ਨੂਰਦੀਨ ਦੀ ਸਰਾਂ ਕੋਲ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਨੂੰ ਕੁੱਝ ਮੁਸਲਮਾਨਾਂ ਨੇ ਦੇਖ ਲਿਆ। ਹੈਰਾਨ ਹੋ ਕੇ ਉਨ੍ਹਾਂ ਕਿਹਾ ਕਿ ਇਹ ਸਿੱਖ ਕਿਵੇਂ ਬਚੇ ਫਿਰਦੇ ਹਨ? ਸਰਕਾਰ ਤਾਂ ਕਹਿ ਰਹੀ ਹੈ ਕਿ ਸਿੱਖਾਂ ਦਾ ਸਰਬਨਾਸ਼ ਕਰ ਦਿੱਤਾ ਹੈ। ਇੱਕ ਚੌਧਰੀ ਨੇ ਵਿਅੰਗ ਨਾਲ ਕਿਹਾ ਕਿ ਇਹ ਸਿੱਖ ਨਹੀਂ, ਕੋਈ ਬਹੁਰੂਪੀਏ ਹੋਣਗੇ, ਕਿਉਂਕਿ ਸਿੱਖ ਕਦੇ ਲੁਕ-ਛਿੱਪ ਕੇ ਨਹੀਂ ਰਹਿੰਦੇ। ਇਹ ਵਿਅੰਗਮਈ ਬੋਲ ਜਦੋਂ ਸਿੱਖਾਂ ਦੇ ਕੰਨੀਂ ਪਏ, ਤਾਂ ਉਨ੍ਹਾਂ ਦਾ ਹਿਰਦਾ ਵਲੂੰਧਰਿਆ ਗਿਆ।**

ਰਮੇਸ਼ ਬੱਗਾ ਚੋਹਲਾ
ਲੁਧਿਆਣਾ
ਮੋਬ : 94631-32719
ਪੰਜਾਬ ਮੇਲ USA

ਸਿੱਖ ਇਤਿਹਾਸ ਦੀ ਇਬਾਰਤ ਸੰਸਾਰਿਕ ਸਿਆਹੀ ਨਾਲ ਨਹੀਂ, ਸਗੋਂ ਕੁਰਬਾਨੀਆਂ ਦੇ ਖ਼ੂਨ ਨਾਲ ਲਿਖੀ ਗਈ ਹੈ। ਇਸ ਇਬਾਰਤ ਨੂੰ ਉਭਾਰਨ ਅਤੇ ਨਿਖ਼ਾਰਨ ਹਿੱਤ ਸੂਰਮਿਆਂ ਨੇ ਅਨੇਕਾਂ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਹਨ। ਨਿਰਮਲ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਆਰੰਭਤਾ ਵਿਚ ਹੀ ਇਹ ਨਾਅਰਾ ਬੁਲੰਦ ਕਰ ਦਿੱਤਾ ਸੀਃ-

"ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ ॥"

ਇਨ੍ਹਾਂ ਮਹਾਵਾਕਾਂ ਦੀ ਰੌਸ਼ਨੀ ਵਿਚ ਬਾਬੇ ਦੇ ਨਿਰਮਲ ਪੰਥ ਨਾਲ ਤਨੋਂ-ਮਨੋਂ ਜੁੜਨ ਵਾਲੇ ਸੂਰਮੇ ਆਪਣਾ ਸੀਸ ਤਲੀ 'ਤੇ ਵਕਤ ਦੇ ਹਾਕਮਾਂ ਨਾਲ ਮੱਥਾ ਲਾਉਂਦੇ ਰਹੇ ਹਨ। ਆਪਣੀ ਨਿਆਰੀ ਅਤੇ ਗੁਰੂ ਸੰਵਾਰੀ ਹੋਂਦ ਨੂੰ ਕਾਇਮ ਰੱਖਣ ਲਈ ਕਈ ਸਿਰਲੱਥ ਸੂਰਮਿਆਂ ਨੇ ਮਰਨਾ ਤਾਂ ਕਬੂਲ ਕਰ ਲਿਆ ਪਰ ਵਕਤ ਦੇ ਹਾਕਮਾਂ ਦੀ ਟੈਂ ਨਹੀਂ ਮੰਨੀ। ਸਿੱਖੀ ਦੀ ਚੜ੍ਹਦੀਕਲਾ ਲਈ ਇਹ ਯੋਧੇ ਸਮੇਂ ਦੀਆਂ ਸਰਕਾਰਾਂ ਨੂੰ ਵੰਗਾਰਦੇ ਅਤੇ ਅਣਖ ਨੂੰ ਉਭਾਰਦੇ ਰਹੇ ਹਨ। ਸਮੇਂ ਦੀ ਸਰਕਾਰ ਨੂੰ ਵੰਗਾਰਨ ਅਤੇ ਕੌਮੀ ਅਣਖ ਨੂੰ ਉਭਾਰਨ ਵਿਚ ਹੀ ਸ਼ਾਮਲ ਹੈ ਸ਼ਹੀਦ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਦਾ ਨਾਮ।

ਅਠਾਰਵੀਂ ਸਦੀ ਸਿੱਖੀ ਦੇ ਇਮਤਿਹਾਨ ਦੀ ਸਦੀ ਕਰਕੇ ਜਾਣੀ ਜਾਂਦੀ ਹੈ। ਸਿੱਖਾਂ ਦਾ ਜਿੰਨਾ ਸਿਦਕ ਇਸ ਸਦੀ ਵਿਚ ਪਰਖਿਆ ਗਿਆ ਹੈ, ਇੰਨਾ ਸ਼ਾਇਦ ਕਿਸੇ ਹੋਰ ਸਦੀ ਵਿਚ ਨਹੀਂ ਪਰਖਿਆ ਗਿਆ। ਪੁੱਠੀਆਂ ਖੱਲਾਂ ਲੁਹਾਉਣੀਆਂ, ਖੋਪੜ ਉਤਰਾਉਣਾ, ਚਰਖੜੀ 'ਤੇ ਚੜ੍ਹਣਾ, ਬੰਦ-ਬੰਦ ਕਟਵਾਉਣਾ ਅਤੇ ਬੱਚਿਆਂ ਦੇ ਟੁਕੜਿਆਂ ਦੇ ਹਾਰ ਗਲੀਂ ਪਵਾਉਣੇ ਇਹ ਸਾਰੀਆਂ ਘਟਨਾਵਾਂ ਇਸ ਸਦੀ ਵਿਚ ਹੀ ਘਟੀਆਂ ਹਨ। ਇਸ ਸਦੀ ਵਿਚ ਇੱਕ ਪਾਸੇ ਜ਼ੁਲਮ ਦੀ ਸਿਖਰ ਸੀ ਅਤੇ ਦੂਜੇ ਪਾਸੇ ਸਿੱਖ ਸ਼ਹਾਦਤਾਂ ਦੀ।

ਸੰਨ 1726 ਵਿਚ ਖ਼ਾਨ ਬਹਾਦਰ ਜ਼ਕਰੀਆ ਖਾਨ ਲਾਹੌਰ ਦਾ ਸੂਬੇਦਾਰ ਬਣ ਗਿਆ। ਸੂਬੇਦਾਰ ਬਣਦਿਆਂ ਹੀ ਉਸ ਨੇ ਸਿੱਖੀ-ਸੋਚ ਨੂੰ ਖਤਮ ਕਰਨ ਦੀ ਠਾਣ ਲਈ। ਉਸ ਦੇ ਨਾਪਾਕ ਇਰਾਦੇ ਨੂੰ ਭਾਂਪਦਿਆਂ ਹੋਇਆਂ ਸਿੱਖਾਂ ਨੇ ਵੀ ਉਸ ਦਾ ਅਜਿਹਾ ਮੁਕਾਬਲਾ ਕੀਤਾ, ਉਹ ਆਪਣੇ ਮਿਸ਼ਨ ਵਿਚ ਕਾਮਯਾਬ ਨਾ ਹੋ ਸਕਿਆ। ਸੱਤ ਸਾਲ ਦੀ ਇਸ ਲੰਮੀ ਲੜਾਈ ਵਿਚ ਸਿੱਖ ਸਰੀਰ ਤਾਂ ਹਾਰਦੇ ਰਹੇ ਪਰ ਉਨ੍ਹਾਂ ਦੇ ਸਿਦਕ ਦੀ ਜਿੱਤ ਹੁੰਦੀ ਰਹੀ।

1733 ਈ. ਵਿਚ ਸ. ਕਪੂਰ ਸਿੰਘ ਨਵਾਬ ਬਣ ਗਿਆ। ਉਸ ਦੇ ਨਵਾਬੀ-ਕਾਲ ਦੌਰਾਨ ਕੁੱਝ ਸਮਾਂ ਤਾਂ ਸੁਖਾਵਾਂ ਲੰਘਿਆ ਪਰ ਇਸ ਤੋਂ ਬਾਅਦ ਸਿੱਖਾਂ ਲਈ ਹਾਲਾਤ ਫਿਰ ਅਣਸੁਖਾਵੇਂ ਹੋ ਗਏ।

. 1735 ਈ. ਵਿਚ ਜ਼ਕਰੀਆਂ ਖ਼ਾਨ ਨੇ ਇੱਕ ਹੁਕਮ ਜਾਰੀ ਕਰਕੇ ਕਿ ਇਲਾਕੇ ਦੇ ਚੌਧਰੀਆਂ, ਜਗੀਰਦਾਰਾਂ ਅਤੇ ਫ਼ੌਜਦਾਰਾਂ ਨੂੰ ਕਿਹਾ ਕਿ ਸਿੱਖੀ ਦਾ ਖ਼ੁਰਾ-ਖੋਜ਼ ਮਿਟਾ ਦਿਉ। ਉਸ ਨੇ ਐਲਾਨ ਕੀਤਾ ਕਿ ਜਿਹੜਾ ਸਿੱਖ ਦਾ ਸਿਰ ਵੱਢ ਕੇ ਲਿਆਵੇਗਾ, ਉਸ ਨੂੰ ਵੱਡਾ ਇਨਾਮ ਦਿੱਤਾ ਜਾਵੇਗਾ ਅਤੇ ਜਿਹੜਾ ਉਨ੍ਹਾਂ ਦੀ ਮਦਦ ਕਰੇਗਾ, ਉਸ ਨੂੰ ਭਿਆਨਕ ਸਜ਼ਾ ਦਿੱਤੀ ਜਾਵੇਗੀ। ਜ਼ਕਰੀਆ ਖ਼ਾਨ ਦੀ ਜ਼ਾਲਮਾਨਾ ਨੀਤੀ ਤਹਿਤ ਸਿੱਖਾਂ ਦੇ ਘਰ-ਘਾਟ ਤਬਾਹ ਕਰ ਦਿੱਤੇ ਗਏ। ਬੱਚੇ, ਬੁੱਢੇ ਅਤੇ ਜਵਾਨ ਕਤਲ ਕਰ ਦਿੱਤੇ ਗਏ। ਇਸ ਮਾਰੂ ਨੀਤੀ ਦੇ ਪ੍ਰਭਾਵ ਤੋਂ ਸਿਰਫ਼ ਉਹ ਸਿੱਖ ਹੀ ਬਚ ਸਕੇ, ਜਿਨ੍ਹਾਂ ਦਾ ਰੈਣ-ਬਸੇਰਾ ਜੰਗਲ-ਬੇਲੇ ਜਾਂ ਘੋੜਿਆਂ ਦੀਆਂ ਕਾਠੀਆਂ ਸਨ।

ਸਿੱਖੀ ਦੇ ਇਸ ਔਖਿਆਲੇ ਸਮੇਂ ਵਿਚ ਦੋ ਸਿੱਖਾਂ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਦਾ ਨਾਮ ਚਰਚਾ ਵਿਚ ਆਉਂਦਾ ਹੈ। ਬਾਈ ਬੋਤਾ ਸਿੰਘ ਦਾ ਪਿੰਡ ਭੜਾਣਾ (ਲਾਹੌਰ) ਸੀ ਅਤੇ ਭਾਈ ਗਰਜਾ ਸਿੰਘ ਦਾ ਪਿੰਡ ਲੀਲ ਸੀ।

ਇਹ ਦੋਵੇਂ ਪਰਉਪਕਾਰੀ ਸਿੱਖ, ਹਿੰਦੂ ਪਰਿਵਾਰ ਦੀਆਂ ਬਹੂ-ਬੇਟੀਆਂ ਅਤੇ ਮਾਲ-ਡੰਗਰ ਜ਼ਾਲਮਾਂ ਕੋਲੋਂ ਛੁਡਵਾ ਲੈਂਦੇ ਸਨ ਅਤੇ ਬੜੇ ਅਦਬ ਨਾਲ ਉਨ੍ਹਾਂ ਨੂੰ ਸਹੀ ਟਿਕਾਣਿਆਂ 'ਤੇ ਪਹੁੰਚਾ ਦਿੰਦੇ ਸਨ। ਰਾਤ ਦੇ ਵਕਤ ਮੌਕਾ ਦੇਖ ਕੇ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਵੀ ਕਰ ਆਉਂਦੇ ਸਨ।

ਇੱਕ ਦਿਨ ਨੂਰਦੀਨ ਦੀ ਸਰਾਂ ਕੋਲ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਨੂੰ ਕੁੱਝ ਮੁਸਲਮਾਨਾਂ ਨੇ ਦੇਖ ਲਿਆ। ਹੈਰਾਨ ਹੋ ਕੇ ਉਨ੍ਹਾਂ ਕਿਹਾ ਕਿ ਇਹ ਸਿੱਖ ਕਿਵੇਂ ਬਚੇ ਫਿਰਦੇ ਹਨ? ਸਰਕਾਰ ਤਾਂ ਕਹਿ ਰਹੀ ਹੈ ਕਿ ਸਿੱਖਾਂ ਦਾ ਸਰਬਨਾਸ਼ ਕਰ ਦਿੱਤਾ ਹੈ। ਇੱਕ ਚੌਧਰੀ ਨੇ ਵਿਅੰਗ ਨਾਲ ਕਿਹਾ ਕਿ ਇਹ ਸਿੱਖ ਨਹੀਂ, ਕੋਈ ਬਹੁਰੂਪੀਏ ਹੋਣਗੇ, ਕਿਉਂਕਿ ਸਿੱਖ ਕਦੇ ਲੁਕ-ਛਿੱਪ ਕੇ ਨਹੀਂ ਰਹਿੰਦੇ। ਇਹ ਵਿਅੰਗਮਈ ਬੋਲ ਜਦੋਂ ਸਿੱਖਾਂ ਦੇ ਕੰਨੀਂ ਪਏ, ਤਾਂ ਉਨ੍ਹਾਂ ਦਾ ਹਿਰਦਾ ਵਲੂੰਧਰਿਆ ਗਿਆ। ਉਨ੍ਹਾਂ ਦੋਵਾਂ ਨੇ ਨਿਰਣਾ ਲਿਆ ਕਿ ਆਮ ਲੋਕਾਂ ਅਤੇ ਹਕੂਮਤ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਸਿੱਖ ਅਜੇ ਜਿਉਂਦੇ ਹਨ ਅਤੇ ਚੜ੍ਹਦੀਕਲਾ ਵਿਚ ਹਨ। ਇਸ ਦਾ ਸਬੂਤ ਦੇਣ ਲਈ ਉਨ੍ਹਾਂ ਦੋਵਾਂ ਨੇ ਲਾਹੌਰ ਤੋਂ ਦਿੱਲੀ ਜਾਣ ਵਾਲੀ ਸੜਕ 'ਤੇ ਨਾਕਾ ਲਗਾ ਦਿੱਤਾ। ਨੂਰਦੀਨ ਦੀ ਸਰਾਂ ਕੋਲ ਦੋਵੇਂ ਜਣੇ ਹੱਥ ਵਿਚ ਸੋਟੇ ਲੈ ਕੇ ਖੜ੍ਹੇ ਹੋ ਗਏ। ਇਥੇ ਖੜ੍ਹ ਕੇ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਨੇ ਖ਼ਾਲਸਾ ਰਾਜ ਦਾ ਐਲਾਨ ਕਰ ਦਿੱਤਾ ਅਤੇ ਆਉਂਦੇ ਜਾਂਦੇ ਰਾਹੀਆਂ ਕੋਲੋਂ ਮਹਿਸੂਲ ਵਸੂਲਣਾ ਸ਼ੁਰੂ ਕਰ ਦਿੱਤਾ। ਗੱਡੇ ਦਾ ਇੱਕ ਆਨਾ ਅਤੇ ਖੋਤੇ ਦਾ ਇੱਕ ਪੈਸਾ ਵਸੂਲਿਆ ਜਾਣ ਲੱਗਾ।

ਖ਼ਾਲਸੇ ਦੇ ਇਸ ਨਾਕੇ 'ਤੇ ਹਰੇਕ ਮੁਸਾਫ਼ਿਰ ਨੂੰ ਬਣਦਾ ਮਹਿਸੂਲ/ਟੈਕਸ ਦੇ ਕੇ ਹੀ ਲੰਘਣਾ ਪੈਂਦਾ ਸੀ ਅਤੇ ਕੋਈ ਵੀ ਨਾਬਰ ਨਹੀਂ ਸੀ ਹੁੰਦਾ। ਇਹ ਵਾਕਿਆ 29 ਜੂਨ 1739 ਈ. ਦਾ ਹੈ।

ਇਸ ਦਲੇਰਾਨਾ ਕਾਰਨਾਮੇ ਦੀ ਖ਼ਬਰ ਹਕੂਮਤ ਦੇ ਕੰਨਾਂ ਤੱਕ ਪਹੁੰਚਾਉਣ ਹਿੱਤ ਭਾਈ ਬੋਤਾ ਸਿੰਘ ਨੇ ਇੱਕ ਚਿੱਠੀ ਲਿਖ ਕੇ ਜ਼ਕਰੀਆਂ ਖਾਨ ਵੱਲ ਭੇਜ ਦਿੱਤੀ, ਜਿਸ ਦਾ ਕਾਵਿਕ ਮਜ਼ਮੂਨ ਹੈਃ-

ਚਿੱਠੀ ਲਿਖੇ ਯੋਂ ਸਿੰਘ ਬੋਤਾ। ਹੱਥ ਹੈ ਸੋਟਾ ਵਿਚ ਰਾਹ ਖੜੌਤਾ।
ਆਨਾ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ।
ਆਖੀ ਭਾਬੋ ਖਾਨੋਂ ਨੂੰ ਯੋਂ ਆਖੈ ਸਿੰਘ ਬੋਤਾ।

ਖਾਨੋਂ ਜ਼ਕਰੀਆ ਖਾਨ ਦੀ ਵੱਡੀ ਭੈਣ ਸੀ, ਜਿਹੜੀ ਫਰਜੁੱਲਾ ਖਾਨ ਦੀ ਬੇਗਮ ਸੀ।

ਇਹ ਚਿੱਠੀ ਪੜ੍ਹਕੇ ਜ਼ਕਰੀਆਂ ਖਾਨ ਮੱਚ ਉੱਠਿਆ। ਉਸ ਨੇ ਫ਼ੌਜਦਾਰ ਜਲਾਲੁਦੀਨ ਦੀ ਕਮਾਂਡ ਹੇਠ ਸੌ ਘੋੜ ਸਵਾਰ ਭਾਈ ਬੋਤਾ ਸਿੰਘ ਅਤੇ ਗਰਜਾ ਸਿੰਘ ਨੂੰ ਫੜਣ ਲਈ ਭੇਜ ਦਿੱਤੇ।

ਜਦੋਂ ਫ਼ੌਜ ਨੂਰਦੀਨ ਦੀ ਸਰਾਂ ਕੋਲ ਪਹੁੰਚੀ, ਤਾਂ ਉੱਥੇ ਸਿਰਫ਼ ਇੱਕ ਹੀ ਸਿੰਘ ਸੀ। ਦੂਜਾ ਰਮਣੇ ਦਾਇ (ਓਪਨ ਏਅਰ ਬਾਥ-ਰੂਮ) ਗਿਆ ਸੀ। ਜਲਾਲੂਦੀਨ ਇਹ ਕਹਿ ਕੇ ਵਾਪਸ ਮੁੜਨ ਲੱਗਾ ਕਿ ਇਥੇ ਤਾਂ ਕੋਈ ਖ਼ਾਲਸਾ ਫ਼ੌਜ ਨਹੀਂ ਹੈ।

ਵਾਪਸ ਮੁੜਨ ਲੱਗੇ ਫ਼ੌਜਦਾਰ ਨੂੰ ਦੇਖ ਕੇ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਨੇ ਜੈਕਾਰਾ ਛੱਡ ਦਿੱਤਾ ਅਤੇ ਫ਼ੌਜ ਨੂੰ 'ਦੋ ਹੱਥ' ਕਰਨ ਲਈ ਵੰਗਾਰਿਆ। ਦੋਵਾਂ ਧਿਰਾਂ ਵਿਚ ਘਮਸਾਨ ਦਾ ਯੁੱਧ ਸ਼ੁਰੂ ਹੋ ਗਿਆ। ਦੋਵੇਂ ਸੂਰਮੇ ਦੁਸ਼ਮਣ ਦੀਆਂ ਤਲਵਾਰਾਂ ਦਾ ਮੁਕਾਬਲਾ ਸੋਟਿਆਂ ਨਾਲ ਕਰਦੇ ਰਹੇ। ਇਸ ਮੁਕਾਬਲੇ ਵਿਚ ਦੋਵਾਂ ਸਿੰਘਾਂ ਨੇ 20 ਤੋਂ ਵੱਧ ਤੁਰਕਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਤੇ ਅਖੀਰ ਆਪ

# ਲੰਬੀ ਉਮਰ ਜੀਉਣ ਦਾ ਵਿਗਿਆਨ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA







ਲੰਬੀ ਉਮਰ ਦਾ ਸੁਪਨਾ ਮਨੁੱਖੀ ਮਨ ਨੂੰ ਸਦੀਆਂ ਤੋਂ ਮੋਹਿਤ ਕਰਦਾ ਆ ਰਿਹਾ ਹੈ। ਜਦੋਂਕਿ ਜਿਨੇਟਿਕਸ ਉਮਰ ਦੀ ਲੰਬਾਈ ਨੂੰ ਨਿਰਧਾਰਿਤ ਕਰਨ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਫਿਰ ਵੀ ਵਿਗਿਆਨਕ ਖੋਜ ਵੱਧ ਰਹੀ ਹੈ ਕਿ ਜੀਵਨਸ਼ੈਲੀ, ਵਾਤਾਵਰਨ ਅਤੇ ਮਨੋਵਿਗਿਆਨਕ ਸੁੱਖ-ਸਮ੍ਰਿੱਧੀ ਦੇ ਪ੍ਰਭਾਵ ਸਿਹਤਮੰਦ ਬੁਢਾਪੇ ’ਤੇ ਕਿੰਨੇ ਪ੍ਰਭਾਵਸ਼ਾਲੀ ਹਨ। ਅੱਜ ਕਈ ਸਮੂਹ ਦੁਨੀਆਂ ਭਰ ਵਿਚ ਇਹ ਦਰਸਾਉਂਦੇ ਹਨ ਕਿ ਕਿਸੇ ਖਾਸ ਜੀਵਨ ਸ਼ੈਲੀ ਦੇ ਅਭਿਆਸ ਲੰਬੀ ਉਮਰ ਨੂੰ ਪ੍ਰਾਪਤ ਕਰਨ ਅਤੇ ਅਕਸਰ 100 ਸਾਲ ਦੀ ਉਮਰ ਨੂੰ ਪਾਰ ਕਰਨ ਵਿਚ ਯੋਗਦਾਨ ਦੇ ਸਕਦੇ ਹਨ। ਲੰਬੀ ਉਮਰ ਜੀਵਨ ਜੀਉਣਾ ਹੁਣ ਕੋਈ ਸੁਫ਼ਨਾ ਨਹੀਂ, ਬਲਕਿ ਇੱਕ ਯਥਾਰਥਿਕ ਟੀਚਾ ਹੈ।

## ਲੰਬੀ ਉਮਰ ਲਈ ਮੁੱਖ ਜੀਵਨਸ਼ੈਲੀ ਦੇ ਬਦਲਾਅ

### 1. ਸੰਤੁਲਿਤ ਪੋਸ਼ਣ

**ਪੌਦੇ-ਕੇਂਦ੍ਰਿਤ ਆਹਾਰ:** ਵਿਗਿਆਨਕ ਅਧਿਐਨ ਨੇ ਇਹ ਸਾਬਤ ਕੀਤਾ ਹੈ ਕਿ ਸਬਜ਼ੀਆਂ, ਫਲਾਂ, ਦਾਲਾਂ, ਮੋਟਾ ਅਨਾਜ ਅਤੇ ਨਟਸ ਨਾਲ ਭਰਪੂਰ ਆਹਾਰ ਦਿਲ ਦੀਆਂ ਬਿਮਾਰੀਆਂ, ਮਧੂਮੇਹ ਦੀ ਬਿਮਾਰੀ ਅਤੇ ਕੈਂਸਰ ਦੇ ਖਤਰੇ ਨੂੰ ਘਟਾਉਂਦਾ ਹੈ।

**ਕੈਲੋਰੀ ਖਪਤ:** ਨਿਯੰਤਰਿਤ ਅਤੇ ਨਿਯਮਤ ਕੈਲੋਰੀ ਖਪਤ ਬਿਨਾਂ ਪੋਸ਼ਣ ਦੀ ਘਾਟ ਦੇ ਮੈਟਾਬੋਲਿਕ ਤਣਾਅ ਨੂੰ ਘਟਾਉਂਦੀ ਹੈ ਅਤੇ ਪਸ਼ੂ ਮਾਡਲਾਂ ਵਿਚ ਉਮਰ ਵਧਾਉਂਦੀ ਹੈ।

**ਸਿਹਤਮੰਦ ਚਰਬੀਆਂ ਅਤੇ ਪ੍ਰੋਟੀਨ:** ਵਿਗਿਆਨਕ ਖੋਜ ਨੇ ਸਾਬਤ ਕੀਤਾ ਹੈ ਕਿ ਮੱਛੀ ਤੋਂ ਪ੍ਰਾਪਤ ਓਮੇਗਾ-3 ਫੈਟੀ ਐਸਿਡ ਅਤੇ ਪੌਦਿਆਂ ਆਧਾਰਿਤ ਵਾਲੀ ਪ੍ਰੋਟੀਨ ਦਿਲ ਅਤੇ ਮਾਨਸਿਕ ਸਿਹਤ ਨੂੰ ਵਧਾਉਂਦੇ ਹਨ, ਜੋ ਲੰਬੀ ਉਮਰ ਲਈ ਮਹੱਤਵਪੂਰਨ ਹਨ।

### 2. ਭੌਤਿਕ ਗਤੀਵਿਧੀ

**ਹੰਕਾਰ ਦੀ ਥਾਂ ਸਥਿਰਤਾ:** ਲੰਬੀ ਉਮਰ ਦਾ ਸਬੰਧ ਬਹੁਤ ਜ਼ਿਆਦਾ ਕਸਰਤ ਨਾਲ ਨਹੀਂ, ਬਲਕਿ ਨਿਯਮਤ ਭੌਤਿਕ ਗਤੀਵਿਧੀਆਂ ਜਿਵੇਂ ਚੱਲਣਾ, ਬਾਗਬਾਨੀ ਜਾਂ ਸਾਈਕਲਿੰਗ ਨਾਲ ਹੈ।

**ਮਾਸਪੇਸ਼ੀਆਂ ਦੀ ਤਾਕਤ ਅਤੇ ਲਚਕੀਲਾਪਣ:** ਮਾਸਪੇਸ਼ੀ ਦੀ ਸਿਹਤ ਨੂੰ ਬਣਾਈ ਰੱਖਣਾ ਬਹੁਤ ਮਹੱਤਵਪੂਰਨ ਹੈ ਜੋ ਕਮਜ਼ੋਰੀ ਨੂੰ ਰੋਕਣ, ਡਿੱਗਣ ਨੂੰ ਘਟਾਉਣ ਅਤੇ ਬੁਢਾਪੇ ਵਿਚ ਸੁਤੰਤਰਤਾ ਵਧਾਉਂਦਾ ਹੈ।

### 3. ਨੀਂਦ ਅਤੇ ਸਰਕਾਡੀਅਨ ਰਿਥਮ

**ਯੋਗ ਨੀਂਦ:** 7-8 ਘੰਟਿਆਂ ਦੀ ਚੰਗੀ ਗੁਣਵੱਤਾ ਵਾਲੀ ਨੀਂਦ ਇਮਿਊਨ ਫੰਕਸ਼ਨ, ਦਿਮਾਗੀ ਸਿਹਤ ਅਤੇ ਹਾਰਮੋਨਲ ਸੰਤੁਲਨ ਦਾ ਸਮਰਥਨ ਕਰਦੀ ਹੈ।

**ਕੁਦਰਤੀ ਰੋਸ਼ਨੀ ਦਾ ਸੰਪਰਕ:** ਕੁਦਰਤੀ ਦਿਨ-ਰਾਤ ਦੇ ਚੱਕਰਾਂ ਨਾਲ ਗਤੀਵਿਧੀਆਂ ਨੂੰ ਮਿਲਾਉਣਾ ਸਰਕਾਡੀਅਨ ਸਿਹਤ ਨੂੰ ਸੁਧਾਰ ਸਕਦਾ ਹੈ ਅਤੇ ਉਮਰ ਨਾਲ ਸੰਬੰਧਿਤ ਬਿਮਾਰੀਆਂ ਨੂੰ ਘਟਾ ਸਕਦਾ ਹੈ।

### 4. ਹਾਨੀਕਾਰਕ ਪਦਾਰਥਾਂ ਤੋਂ ਦੂਰ ਰਹਿਣਾ

**ਕੋਈ ਤੰਬਾਕੂ ਨਹੀਂ:** ਸਿਗਰਟ ਪੀਣਾ ਜਲਦੀ ਮੌਤ ਦੇ ਕਾਰਨਾਂ ਵਿਚੋਂ ਸਭ ਤੋਂ ਮਹੱਤਵਪੂਰਨ ਹੈ ਅਤੇ ਇਸ ਦੀ ਰੋਕਥਾਮ ਬਹੁਤ ਜ਼ਰੂਰੀ ਹੈ।

**ਘੱਟ ਸ਼ਰਾਬ:** ਦੁਨੀਆਂ ਭਰ ਦੀਆਂ ਖੋਜਾਂ ਦਰਸਾਉਂਦੀਆਂ ਹਨ ਕਿ ਜੇ ਸ਼ਰਾਬ ਪੀਤੀ ਜਾਂਦੀ ਹੈ, ਤਾਂ ਇਸ ਵਿਚ ਮਾਤਰਾ ਕਾਫੀ ਮਹੱਤਵਪੂਰਨ ਹੈ, ਖਾਸ ਕਰਕੇ ਐਂਟੀਓਕਸੀਡੈਂਟ-ਭਰਪੂਰ ਲਾਲ ਸ਼ਰਾਬ ਦੇ ਰੂਪ ਵਿਚ, ਹਾਲਾਂਕਿ ਨਸ਼ੇ ਤੋਂ ਦੂਰ ਰਹਿਣਾ ਸਭ ਤੋਂ ਸੁਰੱਖਿਅਤ ਚੋਣ ਹੈ।

## ਲੰਬੀ ਉਮਰ ਲਈ ਜੀਵਨਸ਼ੈਲੀ ਦੇ ਛੋਟੇ ਬਦਲਾਅ

1. **ਹਾਈਡ੍ਰੇਸ਼ਨ:** ਯੋਗ ਪਾਣੀ ਦੀ ਖਪਤ ਕੋਸ਼ਿਕਾ ਫੰਕਸ਼ਨ ਨੂੰ ਬਣਾਈ ਰੱਖਦੀ ਹੈ ਅਤੇ ਡੀਟੋਕਸੀਫਿਕੇਸ਼ਨ ਵਿਚ ਸਹਾਇਤਾ ਕਰਦੀ ਹੈ, ਜੋ ਲੰਬੀ ਉਮਰ ਨੂੰ ਸਥਿਰ ਕਰਨ ਲਈ ਬਹੁਤ ਜ਼ਰੂਰੀ ਹੈ।

2. **ਸਮਾਜਿਕ ਜੁੜਾਅ:** ਮਜ਼ਬੂਤ ਸਮੁਦਾਇਕ ਰਿਸ਼ਤੇ ਤਣਾਅ ਨੂੰ ਘਟਾਉਣ ਅਤੇ ਲਚਕੀਲੇਪਣ ਨੂੰ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

3. **ਬੁੱਧੀਜੀਵੀ ਉਤਸ਼ਾਹ:** ਜੀਵਨ ਭਰ ਸਿੱਖਣ ਅਤੇ ਮਨੋਰੰਜਕ ਗਤੀਵਿਧੀਆਂ ਵਿਚ ਸ਼ਾਮਲ ਹੋਣਾ ਬੁੱਧੀ ਨੂੰ ਘਟਾਅ ਤੋਂ ਬਚਾਉਂਦਾ ਹੈ।

4. **ਰੋਜ਼ਾਨਾ ਸਿਹਤ ਦੀ ਨਿਗਰਾਨੀ:** ਰੋਕਥਾਮੀ ਸਕ੍ਰੀਨਿੰਗ ਅਤੇ ਸ਼ੁਰੂਆਤੀ ਦਖਲਅੰਦਾਜ਼ੀ ਉਮਰ-ਸੰਬੰਧਿਤ ਬਿਮਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕਰਨ ਵਿਚ ਮਦਦ ਕਰਦੇ ਹਨ।

## ਲੰਬੀ ਉਮਰ ਵਿਚ ਧਿਆਨ ਦੀ ਭੂਮਿਕਾ

ਧਿਆਨ ਨੂੰ ਹੁਣ ਇੱਕ ਅਧਿਆਤਮਿਕ ਅਭਿਆਸ ਤੋਂ ਵੱਧ ਮੰਨਿਆ ਜਾ ਰਿਹਾ ਹੈ; ਇਹ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਵਧਾਉਣ ਲਈ ਇੱਕ ਵਿਗਿਆਨਕ ਤੌਰ ’ਤੇ ਪ੍ਰਮਾਣਿਤ ਸਾਧਨ ਹੈ।

1. **ਤਣਾਅ ਘਟਾਉਣਾ ਅਤੇ ਹਾਰਮੋਨਲ ਸੰਤੁਲਨ** : ਲੰਬੇ ਸਮੇਂ ਤੱਕ ਚੱਲਦਾ ਤਣਾਅ ਜੀਵ ਵਿਗਿਆਨਕ ਉਮਰ ਦੀ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ, ਜੋ ਕਿ ਕੋਰਟੀਸੋਲ ਦੇ ਪੱਧਰਾਂ ਅਤੇ ਸੋਜ਼ਿਸ਼ ਦੀਆਂ ਪ੍ਰਕਿਰਿਆਵਾਂ ਦੇ ਵੱਧਣ ਨਾਲ ਹੁੰਦਾ ਹੈ। ਧਿਆਨ ਤਣਾਅ ਨੂੰ ਘਟਾਉਂਦਾ ਹੈ, ਪੈਰਾਸੰਪੈਥੇਟਿਕ ਸਰਗਰਮੀ ਨੂੰ ਵਧਾਉਂਦਾ ਹੈ ਅਤੇ ਸਿਸਟਮਿਕ ਸੋਜ਼ਿਸ਼ ਨੂੰ ਘਟਾਉਂਦਾ ਹੈ।

2. **ਐਪੀਜੈਨੇਟਿਕ ਪ੍ਰਭਾਵ** : ਹਾਲੀਆ ਖੋਜਾਂ ਨੇ ਦਰਸਾਇਆ ਹੈ ਕਿ ਧਿਆਨ ਜੀਨਜ਼ ਦੇ ਪ੍ਰਗਤੀਸ਼ੀਲਤਾ ’ਤੇ ਸਕਾਰਾਤਮਕ ਪ੍ਰਭਾਵ ਪਾ ਸਕਦਾ ਹੈ, ਜਿਸ ਨਾਲ ਵਿਗਿਆਨਕ ਉਮਰ ਨਾਲ ਸੰਬੰਧਿਤ ਪ੍ਰਕਿਰਿਆਵਾਂ ਦੀ ਗਤੀ ਨੂੰ ਘਟਾਉਂਦਾ ਹੈ। ਟੈਲੋਮੀਅਰ ਦੀ ਲੰਬਾਈ, ਜੋ ਕਿ ਕੋਸ਼ਿਕਾ ਦੀ ਲੰਬਾਈ ਦਾ ਬਾਇਓਮਾਰਕਰ ਹੈ, ਲੰਬੇ ਸਮੇਂ ਤੱਕ ਧਿਆਨ ਕਰਨ ਵਾਲਿਆਂ ਵਿਚ ਵੱਧ ਪਾਈ ਜਾਂਦੀ ਹੈ।

3. **ਬੁੱਧੀ ਦੀ ਸੰਭਾਲ** : ਧਿਆਨ ਯਾਦਦਾਸ਼ਤ ਅਤੇ ਭਾਵਨਾਤਮਕ ਨਿਯੰਤਰਣ ਨੂੰ ਵਧਾਉਂਦਾ ਹੈ, ਜੋ ਕਿ ਉਮਰ ਵਿਚ ਗੁਣਵੱਤਾ ਨੂੰ ਬਣਾਈ ਰੱਖਣ ਲਈ ਮਹੱਤਵਪੂਰਨ ਹਨ।

4. **ਮਨ-ਸਰੀਰ ਦਾ ਸਮਰੂਪ** : ਧਿਆਨ ਦੁਆਰਾ ਮਨੁੱਖਤਾ ਅਤੇ ਭਾਵਨਾਤਮਕ ਸਥਿਰਤਾ ਨੂੰ ਵਿਕਸਤ ਕਰਕੇ, ਇਹ ਅਣਹੋਣੀਆਂ ਦੀਆਂ ਬਿਮਾਰੀਆਂ ਦੇ ਖਤਰੇ ਨੂੰ ਘਟਾਉਂਦਾ ਹੈ, ਜੋ ਕਿ ਅਕਾਰਗਤ ਕੋਪਿੰਗ ਮੈਕੈਨਿਜ਼ਮਾਂ ਜਿਵੇਂ ਕਿ ਬਹੁਤ ਖਾਣਾ ਜਾਂ ਪਦਾਰਥਾਂ ਦੇ ਦੁਰਵਯੋਜਨਾਂ ਦੁਆਰਾ ਹੁੰਦੇ ਹਨ।

ਇੱਕ ਸੌ ਸਾਲ ਜੀਉਣ ਦੀ ਖ਼ਾਹਿਸ਼ ਨਾ ਤਾਂ ਪੂਰੀ ਤੌਰ ’ਤੇ ਜਿਨੇਟਿਕ ਹੈ ਅਤੇ ਨਾ ਹੀ ਪੂਰੀ ਤੌਰ ’ਤੇ ਵਾਤਾਵਰਨਿਕ; ਇਹ ਇੱਕ ਕਲਾ ਹੈ ਜੋ ਵਿਗਿਆਨ, ਜੀਵਨਸ਼ੈਲੀ ਅਤੇ ਅੰਦਰੂਨੀ ਸੰਤੁਲਨ ਨੂੰ ਮਿਲਾਉਂਦੀ ਹੈ। ਮੁੱਖ ਬਦਲਾਅ ਜਿਵੇਂ ਕਿ ਪੌਦੇ-ਕੇਂਦ੍ਰਿਤ ਆਹਾਰ ਅਪਣਾ ਕੇ, ਨਿਯਮਤ ਭੌਤਿਕ ਗਤੀਵਿਧੀ ਵਿਚ ਸ਼ਾਮਲ ਹੋ ਕੇ ਅਤੇ ਹਾਨੀਕਾਰਕ ਆਦਤਾਂ ਤੋਂ ਦੂਰ ਰਹਿ ਕੇ ਲੰਬੀ ਉਮਰ ਦਾ ਆਧਾਰ ਬਣਾਇਆ ਜਾ ਸਕਦਾ ਹੈ। ਛੋਟੇ ਬਦਲਾਅ, ਜੋ ਕਿ ਭਰਪੂਰ ਪਾਣੀ ਦੀ ਖਪਤ, ਸਮਾਜਿਕ ਜੁੜਾਅ ਅਤੇ ਬੁੱਧੀਜੀਵੀ ਉਤਸ਼ਾਹ ਸ਼ਾਮਲ ਹਨ, ਇਸ ਕੋਸ਼ਿਸ਼ ਨੂੰ ਹੋਰ ਸੁਧਾਰਦੇ ਹਨ। ਸਭ ਤੋਂ ਮਹੱਤਵਪੂਰਣ, ਧਿਆਨ ਇੱਕ ਗਹਿਰੇ ਅਭਿਆਸ ਵਜੋਂ ਉਭਰਦਾ ਹੈ, ਜੋ ਨਾ ਸਿਰਫ ਮਾਨਸਿਕ ਚੰਗਾਈ ਨੂੰ ਵਧਾਉਂਦਾ ਹੈ ਪਰ ਲੰਬੀ ਉਮਰ ਲਈ ਮਾਪਣਯੋਗ ਜੀਵ ਵਿਗਿਆਨਕ ਪ੍ਰਭਾਵ ਵੀ ਪੈਂਦਾ ਹੈ।

ਇਸ ਲਈ, ਲੰਬੀ ਉਮਰ ਸਿਰਫ ਜੀਵਨ ਦੇ ਸਾਲਾਂ ਨੂੰ ਵਧਾਉਣ ਬਾਰੇ ਨਹੀਂ, ਸਗੋਂ ਸਾਲਾਂ ਵਿਚ ਜੀਵਨ ਪੈਦਾ ਕਰਨ ਬਾਰੇ ਹੈ। ਵਿਗਿਆਨਕ ਨਿਯਮਾਂ ਨੂੰ ਮਨੋਵਿਗਿਆਨੀ ਜੀਵਨ ਨਾਲ ਜੋੜ ਕੇ, ਕੋਈ ਵੀ ਵਾਸਤਵ ਵਿਚ ਇਕ ਸੌ ਸਾਲ ਜੀਉਣ ਦੀ ਕਲਾ ਨੂੰ ਸਿੱਖ ਸਕਦਾ ਹੈ, ਜਿਸ ਨਾਲ ਉਹ ਚੁਸਤ ਅਤੇ ਉਦੇਸ਼ ਨਾਲ ਭਰਪੂਰ ਹੋਵੇ।

> ਇੱਕ ਸੌ ਸਾਲ ਜੀਉਣ ਦੀ ਖ਼ਾਹਿਸ਼ ਨਾ ਤਾਂ ਪੂਰੀ ਤੌਰ ’ਤੇ ਜਿਨੇਟਿਕ ਹੈ ਅਤੇ ਨਾ ਹੀ ਪੂਰੀ ਤੌਰ ’ਤੇ ਵਾਤਾਵਰਨਿਕ; ਇਹ ਇੱਕ ਕਲਾ ਹੈ ਜੋ ਵਿਗਿਆਨ, ਜੀਵਨਸ਼ੈਲੀ ਅਤੇ ਅੰਦਰੂਨੀ ਸੰਤੁਲਨ ਨੂੰ ਮਿਲਾਉਂਦੀ ਹੈ। ਮੁੱਖ ਬਦਲਾਅ ਜਿਵੇਂ ਕਿ ਪੌਦੇ-ਕੇਂਦ੍ਰਿਤ ਆਹਾਰ ਅਪਣਾ ਕੇ, ਨਿਯਮਤ ਭੌਤਿਕ ਗਤੀਵਿਧੀ ਵਿਚ ਸ਼ਾਮਲ ਹੋ ਕੇ ਅਤੇ ਹਾਨੀਕਾਰਕ ਆਦਤਾਂ ਤੋਂ ਦੂਰ ਰਹਿ ਕੇ ਲੰਬੀ ਉਮਰ ਦਾ ਆਧਾਰ ਬਣਾਇਆ ਜਾ ਸਕਦਾ ਹੈ।

# ਚੇਤਨ ਮੱਥੇ ਹੀ ਨਵੇਂ-ਨਵੇਂ ਇਤਿਹਾਸ ਲਿਖਦੇ ਹਨ

-ਡਾਕਟਰ ਅਮਰਜੀਤ ਟਾਂਡਾ
ਸੰਪਰਕ 61-417271147
ਪੰਜਾਬ ਮੇਲ USA



ਇਤਿਹਾਸ ਮਨੁੱਖੀ ਜੀਵਨ ਦਾ ਦਰਪਣ ਹੈ। ਪਰ ਇਹ ਦਰਪਣ ਤਦੋਂ ਹੀ ਬਣਦਾ ਹੈ, ਜਦੋਂ ਕੁਝ ਵਿਅਕਤੀ ਆਪਣੀ ਜਾਗਰੂਕ ਚੇਤਨਾ ਨਾਲ ਨਵੀਆਂ ਸੋਚਾਂ ਤੇ ਨਵੇਂ ਕੰਮਾਂ ਦੀ ਬੁਨਿਆਦ ਰੱਖਦੇ ਹਨ। ਬੇਹਿਸ ਤੇ ਸੁੱਤਾ ਮਨੁੱਖ ਕਦੇ ਵੀ ਕੋਈ ਨਵੀਂ ਰਾਹਦਾਰੀ ਨਹੀਂ ਬਣਾਉਂਦਾ।

ਸਿਰਫ਼ ਚੇਤਨ ਮੱਥੇ ਹੀ ਨਵੇਂ ਇਤਿਹਾਸ ਲਿਖਦੇ ਹਨ।

**ਚੇਤਨਾ ਦੀ ਪਰਿਭਾਸ਼ਾ** : ਚੇਤਨਾ ਦਾ ਅਰਥ ਹੈ—ਸੁਚੇਤ ਰਹਿ ਕੇ ਸੋਚਣਾ, ਸਮੇਂ ਦੀ ਲੋੜ ਨੂੰ ਸਮਝਣਾ ਅਤੇ ਕਾਰਵਾਈ ਕਰ ਕੇ ਉਸਨੂੰ ਹਕੀਕਤ ਬਣਾਉਣਾ। ਚੇਤਨ ਮੱਥਾ ਹਾਲਾਤਾਂ ਨਾਲ ਸਮਝੌਤਾ ਨਹੀਂ ਕਰਦਾ, ਸਗੋਂ ਉਨ੍ਹਾਂ ਨੂੰ ਬਦਲਣ ਦੀ ਤਾਕਤ ਰੱਖਦਾ ਹੈ।

**ਇਤਿਹਾਸ ਰਚਣ ਵਾਲੇ ਉਦਾਹਰਨ:-**

-ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਚੇਤਨਾ ਦੀ ਰੌਸ਼ਨੀ ਦਿੱਤੀ ਅਤੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ।

-ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸਿਆਣਪ ਤੇ ਜਾਗਰੂਕਤਾ ਨਾਲ ਪੰਜਾਬੀ ਰਾਜ ਦੀ ਬੁਨਿਆਦ ਮਜ਼ਬੂਤ ਕੀਤੀ।

-ਭਗਤ ਸਿੰਘ ਵਰਗੇ ਜਵਾਨਾਂ ਨੇ ਚੇਤਨ ਮੱਥੇ ਨਾਲ ਇਨਸਾਨੀ ਆਜ਼ਾਦੀ ਦੀ ਨਵੀਂ ਕਹਾਣੀ ਲਿਖੀ।

-ਆਧੁਨਿਕ ਵਿਦਵਾਨ ਅਤੇ ਸਮਾਜਸੇਵੀ ਵੀ ਆਪਣੀ ਚੇਤਨਾ ਨਾਲ ਨਵੇਂ ਵਿਚਾਰਾਂ ਨੂੰ ਜਨਮ ਦੇ ਰਹੇ ਹਨ।

**ਅਚੇਤ ਲੋਕਾਂ ਦਾ ਅੰਜਾਮ:**

ਜਿਹੜੇ ਵਿਅਕਤੀ ਸੋਚਣ, ਸਮਝਣ ਅਤੇ ਜਾਗਣ ਤੋਂ ਰਹਿ ਜਾਂਦੇ ਹਨ, ਉਹ ਹੋਰਨਾਂ ਦੇ ਬਣਾਏ ਰਾਹਾਂ ਉੱਤੇ ਹੀ ਤੁਰਦੇ ਹਨ। ਉਹ ਇਤਿਹਾਸ ਦੇ ਦਰਸ਼ਕ ਤਾਂ ਹੋ ਸਕਦੇ ਹਨ ਪਰ ਸਿਰਜਣਹਾਰ ਨਹੀਂ।

ਸਾਰਾ ਇਤਿਹਾਸ ਸਾਨੂੰ ਇਹ ਸਿਖਾਉਂਦਾ ਹੈ ਕਿ ਚੇਤਨ ਮੱਥੇ ਹੀ ਰੁੜ੍ਹਦੀਆਂ ਲਹਿਰਾਂ ਨੂੰ ਮੋੜਦੇ ਹਨ ਅਤੇ ਨਵੇਂ ਅਧਿਆਇ ਲਿਖਦੇ ਹਨ। ਉਹ ਸਮਾਜ ਨੂੰ ਜਾਗਰੂਕ ਕਰਦੇ ਹਨ, ਨਵੇਂ ਸੁਪਨੇ ਦਿੰਦੇ ਹਨ ਤੇ ਉਨ੍ਹਾਂ ਨੂੰ ਸੱਚ ਕਰਨ ਦਾ ਹੌਂਸਲਾ ਵੀ ਰੱਖਦੇ ਹਨ। ਇਸ ਲਈ ਸਾਨੂੰ ਵੀ ਚਾਹੀਦਾ ਹੈ ਕਿ ਆਪਣੇ ਮਨ ਨੂੰ ਚੇਤਨਾ ਨਾਲ ਭਰ ਕੇ ਨਵਾਂ ਇਤਿਹਾਸ ਬਣਾਉਣ ਵਾਲਿਆਂ ਦੇ ਰਾਹ ’ਤੇ ਚੱਲੀਏ।

# ਕੱਪੜਿਆਂ ਦਾ ਸੱਭਿਆਚਾਰ ਬਦਲਣਾ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਹੁਣ ਤੁਸੀਂ ਜਿੱਧਰ ਵੀ ਦੇਖੋ - ਦਫ਼ਤਰਾਂ ਵਿਚ, ਬੱਸਾਂ ਵਿਚ, ਸੜਕ 'ਤੇ, ਬਾਜ਼ਾਰ ਵਿਚ, ਹਵਾਈ ਅੱਡੇ 'ਤੇ, ਚੈਨਲਾਂ 'ਤੇ, ਕੁੜੀਆਂ ਅਤੇ ਔਰਤਾਂ ਦੀ ਮੁੱਖ ਪਸੰਦ ਉਨ੍ਹਾਂ ਕੱਪੜਿਆਂ ਦੀ ਹੁੰਦੀ ਹੈ, ਜਿਨ੍ਹਾਂ ਨੂੰ ਆਮ ਤੌਰ 'ਤੇ ਪੱਛਮੀ ਕਿਹਾ ਜਾਂਦਾ ਹੈ। ਸਿਰਫ਼ ਕੱਪੜੇ ਹੀ ਨਹੀਂ, ਸਗੋਂ ਵਾਲਾਂ ਦੇ ਸਟਾਈਲ ਵੀ ਲਗਭਗ ਇੱਕੋ ਜਿਹੇ ਹਨ।

ਹਾਲ ਹੀ ਵਿਚ, ਇਟਲੀ ਦੇ ਮਸ਼ਹੂਰ ਫੈਸ਼ਨ ਡਿਜ਼ਾਈਨਰ ਅਰਮਾਨੀ ਦਾ 91 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਹ ਇਸ ਉਮਰ ਵਿਚ ਵੀ ਬਹੁਤ ਮਿਹਨਤ ਕਰ ਰਹੇ ਸਨ। ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਫੈਸ਼ਨ ਦੀ ਦੁਨੀਆਂ ਬਦਲ ਦਿੱਤੀ। ਅਰਮਾਨੀ ਦੇ ਬ੍ਰਾਂਡ ਦੁਨੀਆਂ ਦੇ ਮਸ਼ਹੂਰ ਲੋਕਾਂ ਲਈ ਜ਼ਰੂਰੀ ਮੰਨੇ ਜਾਂਦੇ ਸਨ, ਜਿਨ੍ਹਾਂ ਵਿਚ ਅਦਾਕਾਰ, ਅਭਿਨੇਤਰੀ, ਉਦਯੋਗਪਤੀ ਆਦਿ ਸ਼ਾਮਲ ਸਨ। ਅਰਮਾਨੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਮਰਦਾਂ ਦੇ ਕੱਪੜੇ ਬਣਾਉਣ ਵਿਚ ਜੋ ਕੱਪੜੇ ਵਰਤਦਾ ਸੀ, ਉਹ ਔਰਤਾਂ ਨੂੰ ਪਸੰਦ ਆਉਂਦੇ ਸਨ, ਅਤੇ ਔਰਤਾਂ ਲਈ, ਉਹ ਮਰਦਾਂ ਨੂੰ ਪਸੰਦ ਆਉਣ ਵਾਲੇ ਕੱਪੜੇ ਵਰਤਦੇ ਸਨ।

ਉਸਦਾ ਮਸ਼ਹੂਰ ਹਵਾਲਾ ਹੈ ਕਿ ਮੈਂ ਔਰਤਾਂ ਨੂੰ ਮਰਦਾਂ ਵਾਲੇ ਕੱਪੜੇ ਪਹਿਨਣਾ ਸਿਖਾਇਆ। ਉਹ ਇਹ ਵੀ ਕਹਿੰਦਾ ਸੀ ਕਿ ਉਸਨੇ ਮਰਦਾਂ ਲਈ ਅਜਿਹੇ ਕੱਪੜੇ ਡਿਜ਼ਾਈਨ ਕੀਤੇ, ਜੋ ਉਨ੍ਹਾਂ ਦੀ ਛਵੀ ਨੂੰ ਮਾਸੂਮ ਬਣਾਉਣ ਅਤੇ ਔਰਤਾਂ ਲਈ ਅਜਿਹੇ ਕੱਪੜੇ ਜੋ ਉਨ੍ਹਾਂ ਨੂੰ ਸਖ਼ਤ ਦਿਖਾਉਣ। ਯਾਨੀ ਕਿ ਉਸਨੇ ਸਾਰੀਆਂ ਰਵਾਇਤੀ ਤਸਵੀਰਾਂ ਨੂੰ ਤੋੜ ਦਿੱਤਾ। ਉਹ ਔਰਤਾਂ ਲਈ ਬਣਾਏ ਗਏ ਕੱਪੜਿਆਂ ਨੂੰ ਪਾਵਰ ਸੂਟ ਕਹਿੰਦਾ ਸੀ। ਸੰਖੇਪ ਵਿਚ, ਸ਼ਕਤੀਸ਼ਾਲੀ ਜਾਂ ਸਸ਼ਕਤ ਔਰਤਾਂ ਸਿਰਫ਼ ਖਾਸ ਕੱਪੜੇ ਪਾ ਕੇ ਹੀ ਅਜਿਹੀਆਂ ਬਣ ਸਕਦੀਆਂ ਹਨ। ਇਹ ਉਸਦੇ ਉਤਪਾਦ ਨੂੰ ਵੇਚਣ ਦੀ ਇੱਕ ਰਣਨੀਤੀ ਸੀ, ਜੋ ਬਹੁਤ ਸਫਲ ਰਹੀ। ਤੁਸੀਂ ਦੇਖਿਆ ਹੋਵੇਗਾ ਕਿ ਸਾਰੇ ਸੀਰੀਅਲਾਂ, ਫਿਲਮਾਂ, ਟੀ.ਵੀ. ਪ੍ਰੋਗਰਾਮਾਂ ਵਿਚ ਕੱਪੜਿਆਂ ਦੇ ਆਧਾਰ 'ਤੇ ਔਰਤਾਂ ਦੀ ਛਵੀ ਤੈਅ ਕੀਤੀ ਜਾਂਦੀ ਹੈ। ਇਸ ਵਿਚ, ਇੱਕ ਕੁੜੀ ਜੋ ਪੱਛਮੀ ਕੱਪੜੇ ਪਹਿਨਦੀ ਹੈ ਅਤੇ ਅੰਗਰੇਜ਼ੀ ਬੋਲਦੀ ਹੈ, ਨੂੰ ਸ਼ਕਤੀਸ਼ਾਲੀ ਦਿਖਾਇਆ ਗਿਆ ਹੈ ਅਤੇ ਦੂਜੀਆਂ ਕੱਪੜੇ ਪਹਿਨਣ ਵਾਲੀ ਨੂੰ ਕਮਜ਼ੋਰ ਦਿਖਾਇਆ ਗਿਆ ਹੈ।

ਉਸਦਾ ਮਸ਼ਹੂਰ ਹਵਾਲਾ ਹੈ ਕਿ ਮੈਂ ਔਰਤਾਂ ਨੂੰ ਮਰਦਾਂ ਵਾਲੇ ਕੱਪੜੇ ਪਹਿਨਣਾ ਸਿਖਾਇਆ। ਉਹ ਇਹ ਵੀ ਕਹਿੰਦਾ ਸੀ ਕਿ ਉਸਨੇ ਮਰਦਾਂ ਲਈ ਅਜਿਹੇ ਕੱਪੜੇ ਡਿਜ਼ਾਈਨ ਕੀਤੇ, ਜੋ ਉਨ੍ਹਾਂ ਦੀ ਛਵੀ ਨੂੰ ਮਾਸੂਮ ਬਣਾਉਣ ਅਤੇ ਔਰਤਾਂ ਲਈ ਅਜਿਹੇ ਕੱਪੜੇ ਜੋ ਉਨ੍ਹਾਂ ਨੂੰ ਸਖ਼ਤ ਦਿਖਾਉਣ। ਯਾਨੀ ਕਿ ਉਸਨੇ ਸਾਰੀਆਂ ਰਵਾਇਤੀ ਤਸਵੀਰਾਂ ਨੂੰ ਤੋੜ ਦਿੱਤਾ।



ਜੇਕਰ ਉਹ ਚਾਹੁੰਦੇ ਵੀ ਸਨ, ਤਾਂ ਵੀ ਅੰਗਰੇਜ਼ ਆਪਣੇ ਲੰਬੇ ਰਾਜ ਦੌਰਾਨ ਔਰਤਾਂ ਦੇ ਪਹਿਰਾਵੇ ਵਿਚ ਅਜਿਹਾ ਬਦਲਾਅ ਨਹੀਂ ਲਿਆ ਸਕੇ, ਜੋ ਵਿਸ਼ਵੀਕਰਨ ਨੇ ਕੀਤਾ ਹੈ। ਧਾਰ ਵਰਗੇ ਛੋਟੇ ਜਿਹੇ ਕਸਬੇ ਵਿਚ, ਦੋ ਕੁੜੀਆਂ ਮੈਨੂੰ ਜੀਨਸ ਪਹਿਨ ਕੇ ਮਿਲਣ ਆਈਆਂ। ਜੋ ਉਨ੍ਹਾਂ ਨਾਲ ਅਸਹਿਮਤ ਹਨ, ਉਹ ਕਹਿ ਸਕਦੇ ਹਨ ਕਿ ਜੀਨਸ ਪਹਿਨਣ ਵਿਚ ਕੀ ਗਲਤ ਹੈ। ਅਸਲ ਵਿਚ ਕੋਈ ਨਹੀਂ ਹੈ। ਪਰ ਇਹ ਵੀ ਸੱਚ ਹੈ ਕਿ ਔਰਤ ਦੀ ਤਾਕਤ ਦਾ ਅੰਦਾਜ਼ਾ ਉਸਦੇ ਕੱਪੜਿਆਂ ਤੋਂ ਨਹੀਂ ਲਗਾਇਆ ਜਾ ਸਕਦਾ। ਨਹੀਂ ਤਾਂ, ਅਮਰੀਕਾ ਜਾਂ ਯੂਰਪ ਵਿਚ ਔਰਤਾਂ ਵਿਰੁੱਧ ਇੰਨੇ ਸਾਰੇ ਅਪਰਾਧ ਨਾ ਹੁੰਦੇ। ਉੱਥੇ ਦੀ ਆਬਾਦੀ ਨੂੰ ਦੇਖਦੇ ਹੋਏ, ਇੰਨੇ ਸਾਰੇ ਅਪਰਾਧ ਸੱਚਮੁੱਚ ਹੈਰਾਨੀਜਨਕ ਹਨ। ਨਹੀਂ ਤਾਂ, ਉਹ ਪੱਛਮੀ ਦੇਸ਼ ਹਨ। ਉੱਥੇ, ਔਰਤਾਂ ਲੰਬੇ ਸਮੇਂ ਤੋਂ ਅਜਿਹੇ ਕੱਪੜੇ ਪਹਿਨਦੀਆਂ ਆ ਰਹੀਆਂ ਹਨ, ਜਿਨ੍ਹਾਂ ਨੂੰ ਤਾਕਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਦੁਨੀਆਂ ਦੀ ਹਰ ਤਾਕਤ, ਭਾਵੇਂ ਉਹ ਪੈਸੇ ਦੀ ਹੋਵੇ, ਰਾਜਨੀਤੀ ਦੀ ਹੋਵੇ, ਦੌਲਤ ਦੀ ਹੋਵੇ, ਚਿੱਤਰ ਦੀ ਖੇਡ 'ਤੇ ਚੱਲਦੀ ਹੈ। ਇਹ ਚਿੱਤਰ ਬਹੁਤ ਚਲਾਕੀ ਨਾਲ ਬਣਾਏ ਗਏ ਹਨ ਅਤੇ ਕਿਸੇ ਨਾ ਕਿਸੇ ਬਹਿਸ ਨਾਲ ਜੁੜੇ ਹੋਏ ਹਨ। ਪੱਛਮੀ ਕੱਪੜਿਆਂ ਨੂੰ ਨਾਰੀਵਾਦੀ ਬਹਿਸ ਦੇ ਕਈ ਨਾਅਰਿਆਂ ਨਾਲ ਵੀ ਜੋੜਿਆ ਗਿਆ ਹੈ ਅਤੇ ਸਿਰਫ਼ ਕੱਪੜੇ ਹੀ ਕਿਉਂ, ਸਾਰੇ ਉਤਪਾਦ ਇਹ ਸਬਕ ਸਿਖਾਉਂਦੇ ਹਨ ਕਿ ਇਸ ਉਤਪਾਦ ਦੀ ਵਰਤੋਂ ਕਰਕੇ ਹੀ ਤੁਹਾਨੂੰ ਇੱਕ ਸ਼ਕਤੀਸ਼ਾਲੀ ਅਤੇ ਸੁਤੰਤਰ ਔਰਤ ਕਿਹਾ ਜਾ ਸਕਦਾ ਹੈ। ਤੁਹਾਨੂੰ ਇੱਕ ਵਾਸ਼ਿੰਗ ਮਸ਼ੀਨ ਦਾ ਇਸ਼ਤਿਹਾਰ ਯਾਦ ਹੋਵੇਗਾ, ਜਿਸ ਵਿਚ ਕਿਹਾ ਗਿਆ ਸੀ ਕਿ ਤੁਸੀਂ ਇੱਕ ਆਜ਼ਾਦ ਔਰਤ ਹੋ, ਇਸ ਮਸ਼ੀਨ ਦੀ ਵਰਤੋਂ ਕਰਕੇ ਆਪਣੀ ਆਜ਼ਾਦੀ ਦਾ ਜਸ਼ਨ ਮਨਾਓ। ਕਾਰਾਂ ਲਈ ਵੀ ਇਸੇ ਤਰ੍ਹਾਂ ਦੇ ਇਸ਼ਤਿਹਾਰ ਆ ਰਹੇ ਹਨ। ਕਈ ਉਤਪਾਦ ਵੀ।

ਦਰਅਸਲ, ਪਿਛਲੇ ਪੰਜਾਹ ਸਾਲ ਦੁਨੀਆਂ ਭਰ ਵਿਚ ਔਰਤਾਂ ਦੀ ਸਿੱਖਿਆ ਵਿਚ ਵਾਧੇ ਦਾ ਦੌਰ ਰਿਹਾ ਹੈ। ਉਨ੍ਹਾਂ ਵਿਚੋਂ ਵੱਡੀ ਗਿਣਤੀ ਵਿਚ ਲੋਕ ਰੁਜ਼ਗਾਰ ਪ੍ਰਾਪਤ ਕਰ ਚੁੱਕੇ ਹਨ। ਉਨ੍ਹਾਂ ਦਾ ਪਹਿਰਾਵਾ ਪੂਰੀ ਤਰ੍ਹਾਂ ਬਦਲ ਗਿਆ ਹੈ। ਉਨ੍ਹਾਂ ਦੀ ਜੀਵਨ ਸ਼ੈਲੀ ਬਦਲ ਗਈ ਹੈ। ਇਸ ਬਦਲੀ ਹੋਈ ਜੀਵਨ ਸ਼ੈਲੀ ਨੇ ਔਰਤਾਂ ਦੀ ਸੋਚ ਨੂੰ ਵੀ ਬਦਲ ਦਿੱਤਾ ਹੈ। ਇੱਕ ਸਮੇਂ, ਇੱਕ ਔਰਤ ਦੀ ਸਿੱਖਿਆ ਉਸਦੇ ਵਿਆਹੁਤਾ ਜੀਵਨ ਨਾਲ ਜੁੜੀ ਹੋਈ ਸੀ। ਹੁਣ ਇਹ ਸਿੱਧੇ ਤੌਰ 'ਤੇ ਉਸਦੀ ਸਵੈ-ਨਿਰਭਰਤਾ ਨਾਲ ਜੁੜੀ ਹੋਈ ਹੈ। ਇਹ ਵੀ ਇੱਕ ਚੰਗੀ ਗੱਲ ਹੈ। ਪਰ ਕਿਸੇ ਨੂੰ ਤਾਕਤਵਰ ਕਹਿਣਾ ਅਤੇ ਕਿਸੇ ਨੂੰ ਉਸਦੇ ਪਹਿਰਾਵੇ ਦੇ ਆਧਾਰ 'ਤੇ ਕਮਜ਼ੋਰ ਦਿਖਾਉਣਾ ਸਹੀ ਨਹੀਂ ਹੈ।

ਪਹਿਲਾਂ, ਉੱਤਰੀ ਭਾਰਤ ਵਿਚ ਔਰਤਾਂ ਆਮ ਤੌਰ 'ਤੇ ਸਾੜੀਆਂ ਪਹਿਨਦੀਆਂ ਸਨ। ਪਰ ਹੁਣ ਸਾੜੀਆਂ ਕਦੇ-ਕਦਾਈਂ ਹੀ ਪਹਿਨੀਆਂ ਜਾਂਦੀਆਂ ਹਨ। ਇਹ ਇੱਕ ਕੰਮਕਾਜੀ ਔਰਤ ਦੀ ਆਖਰੀ ਪਸੰਦ ਹੈ। ਕੁਝ ਸਾਲ ਪਹਿਲਾਂ, ਇੱਕ ਵੱਡੀ ਸਾੜੀ ਦੀ ਦੁਕਾਨ ਦੇ ਮਾਲਕ ਨੇ ਇਸ ਲੇਖਕ ਨੂੰ ਦੱਸਿਆ ਕਿ ਉਸਦਾ ਕਾਰੋਬਾਰ ਖਤਮ ਹੋਣ ਦੀ ਕਗਾਰ 'ਤੇ ਹੈ ਕਿਉਂਕਿ ਹੁਣ ਕੋਈ ਵੀ ਸਾੜੀਆਂ ਨਹੀਂ ਪਹਿਨਣਾ ਚਾਹੁੰਦਾ। ਸਾਡੇ ਦੇਸ਼ ਦੇ ਕਈ ਰਾਜਾਂ ਵਿਚ, ਸੁੰਦਰ ਸਾੜੀਆਂ ਬਣਾਈਆਂ ਗਈਆਂ ਹਨ। ਇਹ ਪੂਰੀ ਦੁਨੀਆਂ ਵਿਚ ਮਸ਼ਹੂਰ ਰਹੀਆਂ ਹਨ। ਇਨ੍ਹਾਂ ਨੂੰ ਬਣਾਉਣ ਵਾਲੇ ਲੋਕ ਸ਼ਾਨਦਾਰ ਕਲਾਕਾਰ ਹਨ। ਪਰ ਜਦੋਂ ਸਾੜੀਆਂ ਪਹਿਨਣ ਲਈ ਕੋਈ ਔਰਤ ਨਹੀਂ ਬਚਦੀ, ਤਾਂ ਇਨ੍ਹਾਂ ਨੂੰ ਬਣਾਉਣਾ ਬੰਦ ਹੋ ਜਾਵੇਗਾ ਅਤੇ ਉਪਲਬਧ ਵੀ।

ਵੈਸੇ ਵੀ, ਸਾਡੇ ਦੇਸ਼ ਦੇ ਹਰ ਰਾਜ ਦੀਆਂ ਔਰਤਾਂ ਵੱਖ-ਵੱਖ ਤਰ੍ਹਾਂ ਦੇ ਕੱਪੜੇ ਪਹਿਨਦੀਆਂ ਰਹੀਆਂ ਹਨ। ਕਿਤੇ ਸਲਵਾਰ, ਕੁੜਤਾ, ਕਿਤੇ ਲੰਬਾ ਘੱਗਰਾ, ਕਿਤੇ ਲਹਿੰਗਾ। ਸਾੜੀਆਂ ਪਹਿਨਣ ਦੇ ਵੱਖੋ-ਵੱਖਰੇ ਤਰੀਕੇ ਰਹੇ ਹਨ ਅਤੇ ਵੱਖ-ਵੱਖ ਲੰਬਾਈ ਦੀਆਂ ਸਾੜੀਆਂ। ਪਰ ਹੁਣ ਤੁਸੀਂ ਜਿੱਥੇ ਵੀ ਦੇਖੋ - ਦਫ਼ਤਰਾਂ ਵਿਚ, ਬੱਸਾਂ ਵਿਚ, ਸੜਕ 'ਤੇ, ਬਾਜ਼ਾਰ ਵਿਚ, ਹਵਾਈ ਅੱਡੇ 'ਤੇ, ਚੈਨਲਾਂ 'ਤੇ, ਕੁੜੀਆਂ ਅਤੇ ਔਰਤਾਂ ਦੀ ਮੁੱਖ ਪਸੰਦ ਉਹ ਕੱਪੜੇ ਹਨ, ਜਿਨ੍ਹਾਂ ਨੂੰ ਆਮ ਭਾਸ਼ਾ ਵਿਚ ਪੱਛਮੀ ਕਿਹਾ ਜਾਂਦਾ ਹੈ। ਸਿਰਫ਼ ਕੱਪੜੇ ਹੀ ਨਹੀਂ, ਸਗੋਂ ਵਾਲ ਬਣਾਉਣ ਦੇ ਤਰੀਕੇ ਵੀ ਲਗਭਗ ਇੱਕੋ ਜਿਹੇ ਹਨ। ਜਦੋਂ ਕਿ ਭਾਰਤ ਵਿਚ ਗੁੰਦਣ ਦੀ ਕਲਾ ਦੇ ਤਰੀਕੇ ਮੌਜੂਦ ਰਹੇ ਹਨ। ਇਸ ਇਕਸਾਰਤਾ ਨੂੰ ਦੇਖ ਕੇ, ਕਈ ਵਾਰ ਕੋਈ ਬੋਰ ਹੋ ਜਾਂਦਾ ਹੈ। ਨੱਬੇ ਦੇ ਦਹਾਕੇ ਵਿਚ ਜਦੋਂ ਭਾਰਤ ਵਿਚ ਟੀ.ਵੀ. ਚੈਨਲਾਂ ਦੀ ਪ੍ਰਸਿੱਧੀ ਵਧੀ, ਟੀ.ਵੀ. ਲਗਭਗ ਹਰ ਪਿੰਡ ਦੇ ਘਰ ਤੱਕ ਪਹੁੰਚ ਗਿਆ, ਫਿਰ ਕੱਪੜਿਆਂ ਵਿਚ ਵੀ ਇਕਸਾਰਤਾ ਦਿਖਾਈ ਦੇਣ ਲੱਗੀ। ਅਸੀਂ ਅਕਸਰ ਵਿਭਿੰਨਤਾ ਦਾ ਜਸ਼ਨ ਮਨਾਉਂਦੇ ਹਾਂ, ਇਸਨੂੰ ਕਿਸੇ ਵੀ ਦੇਸ਼ ਦੀ ਤਾਕਤ ਕਹਿੰਦੇ ਹਾਂ, ਪਰ ਇਹ ਕੱਪੜਿਆਂ ਵਿਚ ਅਲੋਪ ਹੋ ਰਹੀ ਹੈ। ਮਰਦਾਂ ਦੇ ਕੱਪੜਿਆਂ ਵਿਚ ਵਿਭਿੰਨਤਾ ਪਹਿਲਾਂ ਹੀ ਅਲੋਪ ਹੋ ਚੁੱਕੀ ਹੈ। ਹੁਣ ਜ਼ਿਆਦਾਤਰ ਮਰਦ, ਭਾਵੇਂ ਉਹ ਕਿੱਥੋਂ ਦੇ ਹੋਣ, ਪੈਂਟ, ਕਮੀਜ਼ ਜਾਂ ਪੈਂਟ ਟੀ-ਸ਼ਰਟ ਪਹਿਨੇ ਹੋਏ ਦਿਖਾਈ ਦਿੰਦੇ ਹਨ। ਪਰ ਹੁਣ ਔਰਤਾਂ ਦੇ ਕੱਪੜਿਆਂ ਵਿਚ ਵੀ ਇਕਸਾਰਤਾ ਆ ਗਈ ਹੈ। ਕਿਸੇ ਵੀ ਰਾਜ ਦੀ ਕਿਸੇ ਵੀ ਔਰਤ ਜਾਂ ਕੁੜੀ ਨੂੰ ਦੇਖੋ, ਉਨ੍ਹਾਂ ਵਿਚੋਂ ਜ਼ਿਆਦਾਤਰ ਪੈਂਟ ਅਤੇ ਕਮੀਜ਼ ਪਹਿਨੇ ਹੋਏ ਦਿਖਾਈ ਦੇਣਗੇ। ਇਸ ਤਰ੍ਹਾਂ ਅਰਮਾਨੀ ਆਪਣੇ ਯਤਨਾਂ ਵਿਚ ਸਫਲ ਹੋਇਆ।

ਪਰ ਅਸੀਂ ਉਨ੍ਹਾਂ ਵਰਗੇ ਬਣਨਾ ਚਾਹੁੰਦੇ ਹਾਂ, ਜੋ ਸਾਡੇ ਵਰਗੇ ਨਹੀਂ ਹਨ। ਜੋ ਸਾਡੇ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਅਤੇ ਅਮੀਰ ਹਨ ਅਤੇ ਵੈਸੇ ਵੀ ਅਰਮਾਨੀ ਸਿਰਫ਼ ਕੱਪੜੇ ਹੀ ਨਹੀਂ ਬਣਾਉਂਦਾ ਸੀ, ਉਹ ਹਰ ਤਰ੍ਹਾਂ ਦੇ ਪਰਫਿਊਮ, ਚਮੜੇ ਦੇ ਸਮਾਨ, ਸ਼ਿੰਗਾਰ ਸਮੱਗਰੀ ਲਈ ਮਸ਼ਹੂਰ ਸੀ। ਉਸ ਕੋਲ ਹੋਟਲ ਵੀ ਹਨ।

ਅਰਮਾਨੀ ਤੱਕ ਸਿਰਫ਼ ਉਨ੍ਹਾਂ ਲੋਕਾਂ ਦੀ ਪਹੁੰਚ ਹੈ, ਜਿਨ੍ਹਾਂ ਦੀਆਂ ਜੇਬਾਂ ਵਿਚ ਬਹੁਤ ਸਾਰਾ ਪੈਸਾ ਹੈ। ਇਹ ਅਮੀਰ ਲੋਕ ਅੱਜਕੱਲ੍ਹ ਹਰ ਦੇਸ਼ ਦੇ ਨੌਜਵਾਨਾਂ ਦੇ ਰੋਲ ਮਾਡਲ ਹਨ। ਅਖ਼ਬਾਰਾਂ ਅਤੇ ਰਸਾਲੇ ਅਕਸਰ ਇਨ੍ਹਾਂ ਅਮੀਰ ਲੋਕਾਂ ਦੀ ਜੀਵਨ ਸ਼ੈਲੀ ਪ੍ਰਕਾਸ਼ਿਤ ਕਰਦੇ ਹਨ। ਚੈਨਲ ਇਸਨੂੰ ਦਿਖਾਉਂਦੇ ਹਨ। ਨੌਜਵਾਨ ਉਨ੍ਹਾਂ ਦੀ ਜੀਵਨ ਸ਼ੈਲੀ ਦੀ ਨਕਲ ਸਿਰਫ਼ ਉਨ੍ਹਾਂ ਨੂੰ ਦੇਖ ਕੇ ਕਰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਅੱਜਕੱਲ੍ਹ ਦੁਨੀਆਂ ਦੇ ਅਮੀਰ ਹਰ ਚੀਜ਼ ਦੇ ਮਾਹਰ ਬਣ ਗਏ ਹਨ। ਉਹ ਲੇਖਕ ਹਨ। ਉਹ ਕਾਲਮਨਵੀਸ ਹਨ। ਉਹ ਰਾਜਨੀਤੀ ਵਿਚ ਹਨ। ਉਹ ਅਦਾਕਾਰੀ ਵਿਚ ਹਨ। ਉਹ ਵਾਤਾਵਰਣ ਮਾਹਰ ਹਨ। ਉਹ ਕਵੀ ਹਨ। ਉਹ ਚਿੱਤਰਕਾਰ ਹਨ। ਜੋ ਉਨ੍ਹਾਂ ਬਾਰੇ ਪ੍ਰਕਾਸ਼ਤ ਕਰਦੇ ਹਨ, ਉਹ ਮਾਣ ਮਹਿਸੂਸ ਕਰਦੇ ਹਨ। ਲੋਕ ਉਨ੍ਹਾਂ ਨਾਲ ਮੁਲਾਕਾਤ ਲਈ ਕਤਾਰ ਵਿਚ ਖੜ੍ਹੇ ਹੁੰਦੇ ਹਨ। ਤਾਂ ਨੌਜਵਾਨ ਕੀ ਕਰ ਸਕਦੇ ਹਨ? ਉਹ ਸਿਰਫ਼ ਉਹੀ ਸਿੱਖਦੇ ਹਨ, ਜੋ ਉਨ੍ਹਾਂ ਨੂੰ ਸਿਖਾਇਆ ਜਾਂਦਾ ਹੈ।

---

# ਪ੍ਰੈੱਸ ਰਿਪੋਟਰ

## ਮਿੰਨੀ ਕਹਾਣੀ

ਖੋਜ ਅਤੇ ਲੇਖ :- ਮਾਸਟਰ ਹਰੇਸ਼ ਕੁਮਾਰ ਸੈਣੀ
ਪਠਾਨਕੋਟ
ਫੋਨ : 83607-27221
ਪੰਜਾਬ ਮੇਲ USA



ਮੈਂ ਪਠਾਨਕੋਟ 2019 ਵਿਚ ਆਪਣਾ ਨਵਾਂ ਘਰ ਬਣਾ ਰਿਹਾ ਸੀ। ਇੱਕ ਦਿਨ ਮੈਂ ਬਾਜ਼ਾਰ ਤੋਂ ਕੁਝ ਸਮਾਨ ਲੈ ਕੇ ਆ ਰਿਹਾ ਸੀ। ਗਲੀ ਦੇ ਮੋੜ ਉੱਤੇ ਇੱਕ ਪ੍ਰੈੱਸ ਰਿਪੋਟਰ ਮੋਟਰਸਾਇਕਲ ਉੱਤੇ ਖੜ੍ਹੇ ਸੀ। ਉਹ ਮੈਨੂੰ ਜਾਣਦੇ ਸਨ। ਪ੍ਰੈੱਸ ਰਿਪੋਟਰ ਨੇ ਮੈਨੂੰ ਰੋਕ ਲਿਆ। ਉਨ੍ਹਾਂ ਮੈਨੂੰ ਕਿਹਾ, ਮਾਸਟਰ ਜੀ ਤੁਸੀਂ ਕਿੱਧਰ--? ਮੈਂ ਕਿਹਾ, ਮੈਂ ਇਸ ਗਲੀ ਵਿਚ ਘਰ ਬਣਾ ਰਿਹਾ ਹਾਂ। ਮੈਨੂੰ ਇਸ ਗਲੀ ਸਬੰਧੀ ਜ਼ਿਆਦਾ ਵਾਕਫੀ ਨਹੀਂ ਸੀ। ਪ੍ਰੈੱਸ ਰਿਪੋਟਰ ਨੇ ਮੈਨੂੰ ਕਿਹਾ ਕਿ ਇਸ ਗਲੀ ਵਿਚ ਇੱਕ ਅਜਿਹੀ ਔਰਤ ਵੀ ਰਹਿੰਦੀ ਹੈ, ਜੋ ਸੈਰ ਕਰਦੇ-ਕਰਦੇ ਚੱਲ ਬੰਦਾ ਘਰ ਦੇ ਅੰਦਰ ਲੈ ਜਾਂਦੀ ਹੈ ਅਤੇ ਆਪਣਾ ਕੰਮਕਾਜ ਕਰਵਾ ਕੇ ਬਾਹਰ ਕੱਢ ਦੇਂਦੀ ਹੈ। ਮੈਂ ਥੋੜਾ ਸੋਚਿਆ ਅਤੇ ਜੁਆਬ ਦਿੱਤਾ ਕਿ ਇਸ ਗਲੀ ਵਿਚ ਇਸ ਤਰ੍ਹਾਂ ਦੀ ਕੋਈ ਔਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਨਹੀਂ ਹੈ। ਉਸਦਾ ਪਤੀ ਸ਼ਰਾਬੀ/ਨਸ਼ੇੜੀ ਹੈ ਅਤੇ ਸਰਕਾਰੀ ਨੌਕਰੀ ਕਰਦਾ ਹੈ। ਪਰ ਮੈਨੂੰ ਉਸ ਸਮੇਂ ਤੱਕ ਆਰਤੀ ਉਸਦੇ ਪਤੀ ਅਤੇ ਸਹੁਰੇ ਦਾ ਨਹੀਂ ਪਤਾ ਸੀ ਅਤੇ ਨਾ ਹੀ ਉਨ੍ਹਾਂ ਸਬੰਧੀ ਦੀ ਜਾਣਕਾਰੀ ਸੀ। ਇਸ ਗਲੀ ਵਿਚ ਮੈਨੂੰ ਪੰਜ ਸਾਲ ਬਾਅਦ ਪਤਾ ਲੱਗਾ ਕਿ ਮੇਰੇ ਘਰ ਦੇ ਸਾਹਮਣੇ ਜਿਹੜਾ ਘਰ ਹੈ, ਉਹ ਆਰਤੀ ਦਾ ਹੀ ਘਰ ਹੈ। ਇਸ ਪੰਜ ਸਾਲ ਦੌਰਾਨ ਮੈਂ ਆਰਤੀ ਨੂੰ ਉਸਦੇ ਪਤੀ ਨੂੰ ਜਾਂ ਸਹੁਰੇ ਨੂੰ ਕਦੇ ਬੁਲਾਇਆ ਨਹੀਂ ਸੀ ਕਿਉਂਕਿ ਉਹ ਹਰ ਸ਼ਾਮ ਸ਼ਰਾਬ ਪੀ ਕੇ ਰੌਲਾ ਪਾਉਂਦੇ ਸਨ ਅਤੇ ਗਾਲ੍ਹਾਂ ਕੱਢਦੇ ਸਨ। ਗਾਲ੍ਹਾਂ ਪਿਓ-ਪੁੱਤਰ ਅਕਸਰ ਆਰਤੀ ਨੂੰ ਹੀ ਸ਼ਾਮ ਨੂੰ ਕੱਢਦੇ ਸਨ। ਸਹੁਰੇ ਦੀ ਮੌਤ ਤੋਂ ਬਾਅਦ ਆਰਤੀ ਜਲਦੀ ਮੋਟੀ ਹੋ ਗਈ ਸੀ। ਮੈਂ ਇੱਕ ਦਿਨ ਆਰਤੀ ਨੂੰ ਪੁੱਛਿਆ ਕਿ ਤੁਸੀਂ ਸਹੁਰੇ ਦੀ ਮੌਤ ਤੋਂ ਬਾਅਦ ਜਲਦੀ ਮੋਟੇ ਹੋ ਗਏ ਹੋ। ਆਰਤੀ ਨੇ ਕਿਹਾ ਕਿ ਸਹੁਰਾ ਮੈਨੂੰ ਰੱਜ ਕੇ ਰੋਟੀ ਵੀ ਨਹੀਂ ਖਾਣ ਦੇਂਦਾ ਸੀ। ਕੁਝ ਵੀ ਨਹੀਂ ਖਾਣ ਦੇਂਦਾ ਸੀ। ਜਦ ਮੈਂ ਰੋਟੀ ਖਾਂਦੀ ਸੀ, ਤਾਂ ਇੱਕ ਪਾਸੇ ਸਹੁਰਾ ਬੈਠ ਜਾਂਦਾ ਸੀ ਅਤੇ ਦੂਜੇ ਪਾਸੇ ਪਤੀ ਬੈਠ ਜਾਂਦਾ ਸੀ ਅਤੇ ਰੋਟੀ ਖੋ ਲੈਂਦੇ ਸਨ। ਕਿਉਂਕਿ ਉਹ ਦੋਵੇਂ ਨਸ਼ੇ ਵਿਚ ਹੁੰਦੇ ਸਨ। ਆਰਤੀ ਕਹਿਣ ਲੱਗੀ, ਸਹੁਰੇ ਦੀ ਮੌਤ ਤੋਂ ਬਾਅਦ ਮੈਂ ਰੱਜ ਕੇ ਰੋਟੀ ਖਾਣ ਲੱਗੀ ਹਾਂ, ਜਿਸ ਕਰਕੇ ਮੋਟੀ ਹੋ ਗਈ ਹਾਂ।



# ਅੱਧੀ ਰਾਤ ਦਾ ਸਫ਼ਰ

-ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਵਟਸਐਪ: +91-97-810-40140
ਪੰਜਾਬ ਮੇਲ USA



29 ਸਾਲ ਦੀ ਲੰਬੀ ਸਰਕਾਰੀ ਸਰਵਿਸ ਦੌਰਾਨ ਮੇਰੀ ਕੋਈ ਤਰੱਕੀ ਨਹੀਂ ਹੋਈ ਅਤੇ ਇੱਕ ਸਾਇੰਸ ਮਾਸਟਰ ਵਜੋਂ ਸਕੂਲ ਵਿਚ ਕੰਮ ਕੀਤਾ। ਇੰਝ ਲੱਗ ਰਿਹਾ ਸੀ ਕਿ ਇਸੇ ਪੋਸਟ 'ਤੇ ਹੀ ਰਿਟਾਇਰ ਹੋ ਜਾਵਾਂਗੇ। ਜਦੋਂ ਵੀ ਕਿਸੇ ਮੁਲਾਜ਼ਮ ਦੀ ਤਰੱਕੀ ਹੁੰਦੀ ਹੈ, ਤਾਂ ਉਸਦਾ ਲਾਭ ਉਸ ਮੁਲਾਜ਼ਮ ਨੂੰ ਹੁੰਦਾ ਹੈ, ਕਿਸੇ ਹੋਰ ਨੂੰ ਇਸ ਦਾ ਕੋਈ ਵੀ ਲਾਭ ਨਹੀਂ ਹੁੰਦਾ ਪਰ ਤਰੱਕੀ ਹੋਣ 'ਤੇ ਜਿਸ ਅਦਾਰੇ ਵਿਚ ਕੋਈ ਮੁਲਾਜ਼ਮ ਜਾਂਦਾ ਹੈ, ਉਸ ਅਦਾਰੇ ਨੂੰ ਜ਼ਰੂਰ ਫਾਇਦਾ ਹੁੰਦਾ ਹੈ। ਤਰੱਕੀਆਂ ਦੇ ਕਾਰਜਾਂ ਵਿਚ ਦਫਤਰਾਂ ਦੀ ਢਿੱਲੀ ਕਾਰਗੁਜ਼ਾਰੀ ਕਾਰਜਾਂ ਨੂੰ ਬਹੁਤ ਲੇਟ ਕਰ ਦਿੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਇਸ ਤਰ੍ਹਾਂ ਕਈ ਕਰਮਚਾਰੀ ਉਡੀਕ-ਉਡੀਕ ਕੇ ਸੇਵਾਮੁਕਤ ਵੀ ਹੋ ਜਾਂਦੇ ਹਨ। ਇੱਕ ਵਾਰ ਸਕੂਲ ਸਿੱਖਿਆ ਵਿਭਾਗ ਵਿਚ ਨਵੇਂ ਸਿੱਖਿਆ ਸਕੱਤਰ ਆਏ ਤੇ ਉਨ੍ਹਾਂ ਨੇ ਵਿਭਾਗ ਦੇ ਢਿੱਲੇ ਹੋਏ ਪਹੀਆਂ ਨੂੰ ਐਸਾ ਤੇਜ਼ ਘੁਮਾਇਆ ਕਿ ਹਰ ਪਾਸੇ ਕਰਮਚਾਰੀ ਸਮੇਂ ਦੇ ਪਾਬੰਦ ਹੋ ਗਏ ਅਤੇ ਸਮੇਂ-ਸਿਰ ਕੰਮ ਕਰਨ ਲੱਗ ਪਏ। ਉਨ੍ਹਾਂ ਦੇ ਕੰਮਾਂ ਦੀ ਪੁੱਛ-ਪੜਤਾਲ ਹੋਣ ਲੱਗ ਗਈ। ਮੈਂ ਨਾ ਮਾਨੂੰ ਵਾਲੀ ਪਿਰਤ ਖਤਮ ਹੋ ਗਈ। ਹਰ ਕੋਈ ਆਪਣੀ ਦਫਤਰੀ ਸੀਟ 'ਤੇ ਬੈਠਾ ਨਜ਼ਰ ਆਉਂਦਾ ਸੀ। ਅਫਸਰਾਂ ਨੇ ਸਭ ਦੀ ਕਾਰਗੁਜ਼ਾਰੀ ਚੈੱਕ ਕਰਨ ਲਈ ਇੱਕ ਲੜੀ ਬਣਾ ਲਈ, ਸ਼ਾਇਦ ਇਸੇ ਵਿਚ ਹੀ ਵਿਦਿਆਰਥੀਆਂ ਦਾ ਭਲਾ ਹੋਣਾ ਸੀ। ਮੇਰੇ ਮਨ ਵਿਚ ਵੀ ਵਿਚਾਰ ਹੈ ਕਿ ਚੁੱਪ ਬੈਠਿਆਂ ਮਸਲਾ ਹੱਲ ਨਹੀਂ ਹੋਣਾ, ਕਿਉਂ ਨਾ ਕੁੱਝ ਹਿੰਮਤ ਮਾਰ ਲਈ ਜਾਵੇ। ਅਸੀਂ ਸਾਰੇ ਮਾਸਟਰ ਜਿਹੜੇ ਤਰੱਕੀ ਦੇ ਨੇੜੇ ਸੀ, ਰਲ ਕੇ ਹੰਭਲਾ ਮਾਰ ਰਹੇ ਸਨ। ਇੱਕ ਵਾਰ ਅਸੀਂ ਹਲਕੇ ਦੇ ਐੱਮ.ਐੱਲ.ਏ. ਸਾਹਿਬ ਨੂੰ ਤਰੱਕੀਆਂ ਦੇ ਸੰਬੰਧ ਵਿਚ ਇੱਕ ਮੰਗ ਵੀ ਪੱਤਰ ਦਿੱਤਾ। ਅਸੀਂ ਆਪਣੇ ਸਮੱਸਿਆ ਨੂੰ ਪ੍ਰੈੱਸ ਅਤੇ ਅਤੇ ਸੋਸ਼ਲ ਮੀਡੀਆ 'ਤੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਸਾਡਾ ਦੂਜੇ ਜ਼ਿਲ੍ਹੇ ਦੇ ਨਾਲ ਤਾਲਮੇਲ ਹੋ ਗਿਆ। ਹਰ ਜ਼ਿਲ੍ਹੇ ਦੇ ਅਧਿਆਪਕਾਂ ਦੇ ਕੰਮ ਕਰਨ ਦੀ ਕਾਰਜਸ਼ੈਲੀ ਵੱਖਰੀ-ਵੱਖਰੀ ਸੀ, ਆਪੋ ਧਾਪੀ ਲੱਗੇ ਪਏ ਸੀ। ਸਾਡਾ ਹੌਲੀ-ਹੌਲੀ ਇੱਕ ਦੂਜੇ ਨਾਲ ਤਾਲਮੇਲ ਵਧਦਾ ਗਿਆ, ਤਾਂ ਫਿਰ ਮਿਲ ਬੈਠ ਕੇ ਸਾਂਝੀ ਕਾਰਵਾਈ ਕਰਨ ਦਾ ਉਪਰਾਲਾ ਕੀਤਾ ਗਿਆ। ਇਸ ਕੜੀ ਵਜੋਂ ਅਸੀਂ ਕੁੱਝ ਮੰਗ ਪੱਤਰ ਤਿਆਰ ਕੀਤੇ, ਜਿਹੜੇ ਮੁੱਖ ਮੰਤਰੀ, ਸਿੱਖਿਆ ਮੰਤਰੀ, ਸਿੱਖਿਆ ਸਕੱਤਰ ਅਤੇ ਡਾਇਰੈਕਟਰ ਸਕੂਲ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਨੂੰ ਭੇਜੇ ਗਏ ਤੇ ਇਸਦੀ ਇੱਕ ਨਕਲ ਆਪਣੇ ਕੋਲ ਰੱਖ ਲਈ। ਸਿੱਖਿਆ ਵਿਭਾਗ ਨੇ ਤਰੱਕੀਆਂ ਦੇ ਇੱਕ ਲਿਸਟ ਅਧੂਰੀ ਜਿਹੀ ਕੱਢੀ। ਉਸ ਵਿਚ 23 ਸੀਨੀਅਰ ਮਾਸਟਰਾਂ ਨੂੰ ਛੱਡ ਕੇ ਜੂਨੀਅਰ ਅਧਿਆਪਕਾਂ ਦੀਆਂ ਤਰੱਕੀਆਂ ਕਰ ਦਿੱਤੀਆਂ, ਜਿਸ ਕਰਕੇ ਸਾਡੇ ਮਨਾਂ ਵਿਚ ਸਿੱਖਿਆ ਵਿਭਾਗ ਦੀ ਕਾਰਗੁਜ਼ਾਰੀ ਪ੍ਰਤੀ ਰੋਸ ਸੀ। ਇਸ ਤਰ੍ਹਾਂ ਅਸੀਂ ਆਰ.ਟੀ.ਆਈ. ਰਾਹੀਂ ਉਨ੍ਹਾਂ ਅਧਿਆਪਕਾਂ ਦਾ ਰਿਕਾਰਡ ਵੀ ਮੰਗਵਾ ਲਿਆ। ਮੇਰਾ ਸਾਥੀ ਵੀਰ ਰੇਸ਼ਮ ਸਿੰਘ ਰੰਧਾਵਾ ਅਤੇ ਵੀਰ ਰਾਜੇਸ਼ ਸ਼ਰਮਾ ਪਠਾਨਕੋਟ ਨਾਲ ਰੋਜ਼ਾਨਾਂ ਵਾਂਗ ਆਪਸ ਵਿਚ ਵਿਚਾਰ-ਵਿਟਾਂਦਰਾ ਹੁੰਦਾ ਰਹਿੰਦਾ ਸੀ। ਫਿਰ ਸਾਡੇ ਨਾਲ ਹੌਲੀ-ਹੌਲੀ ਬਲਜਿੰਦਰ ਸਿੰਘ ਨਵਾਂ ਸ਼ਹਿਰ, ਜਗਦੀਪ ਸਿੰਘ, ਦਰਸ਼ਨ ਸਿੰਘ ਬਰਾੜ, ਗੁਰਤੇਜ ਸਿੰਘ ਬਠਿੰਡਾ, ਸ਼ਵਿੰਦਰ ਸਿੰਘ ਬਠਿੰਡਾ, ਸੁਰਿੰਦਰ ਸਿੰਘ ਜੁੜ ਗਏ। ਅਸੀਂ ਸਾਰਿਆਂ ਨਾਲ ਤਾਲਮੇਲ ਕਰਕੇ ਮਨ ਬਣਾਇਆ ਕਿ ਆਪਾਂ ਇਸ ਵਾਰ ਡੀ.ਪੀ.ਆਈ. ਸੈਕੰਡਰੀ ਅਤੇ ਪ੍ਰਿੰਸੀਪਲ ਸਕੱਤਰ ਸਕੂਲ ਸਿੱਖਿਆ ਪੰਜਾਬ ਨੂੰ ਮਿਲ ਕੇ ਆਈਏ। ਇਸ ਕਰਕੇ ਅਸੀਂ ਇੱਕ ਦਿਨ, ਬਣਾਏ ਪ੍ਰੋਗਰਾਮ ਅਨੁਸਾਰ ਮੁਹਾਲੀ ਪਹੁੰਚੇ। ਅਸੀਂ ਇੱਕ ਪਰਚੀ 'ਤੇ ਆਪਣੇ ਵੇਰਵੇ ਲਿਖ ਕੇ ਡੀ.ਪੀ.ਆਈ. ਸੈਕੰਡਰੀ ਦਫਤਰ ਦੇ ਸੇਵਾਦਾਰ ਨੂੰ ਫੜਾ ਦਿੱਤੇ ਤੇ ਜਦੋਂ ਸਾਡੀ ਵਾਰੀ ਆਈ, ਤਾਂ ਅੰਦਰ ਜਾ ਕੇ ਅਸੀਂ ਡਾਇਰੈਕਟਰ ਸਾਹਿਬ ਨੂੰ ਬੇਨਤੀ ਕੀਤੀ ਕਿ ਸਰ! ਸਾਡੀਆਂ 23 ਸੀਨੀਅਰ ਅਧਿਆਪਕਾਂ ਦੀਆਂ ਤਰੱਕੀਆਂ ਰਹਿ ਗਈਆਂ ਹਨ, ਜਦੋਂ ਕਿ ਜੂਨੀਅਰ ਅਧਿਆਪਕਾਂ ਦੀਆਂ ਹੋ ਗਈਆਂ ਹਨ ਤੇ ਸਾਡਾ ਮਸਲਾ ਹੱਲ ਕਰੋ। ਉਨ੍ਹਾਂ ਕਿਹਾ, ਤੁਸੀਂ ਚਿੰਤਾ ਨਾ ਕਰੋ ਇਹ ਮਸਲਾ ਹੱਲ ਕਰਦੇ ਹਾਂ। ਬਾਹਰ ਆ ਕੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਕਿ ਅੱਜ ਆਏ ਤਾਂ ਹੈ, ਚਲੋ ਅੱਜ ਸਿੱਖਿਆ ਸਕੱਤਰ ਨੂੰ ਵੀ ਮਿਲ ਆਉਂਦੇ ਹਾਂ। ਅਸੀਂ ਸਾਰੇ ਮਿੰਨੀ ਸੈਕਟਰੀਏਟ ਚਲੇ ਗਏ। ਉੱਥੇ ਜਾ ਕੇ ਅਸੀਂ ਹੇਠਾਂ ਪਾਸ ਬਣਨ ਵਾਲੇ ਕਮਰੇ ਤੋਂ ਉੱਪਰ ਫੋਨ ਕਰਕੇ ਪੀ.ਏ. ਤੋਂ ਪਾਸ ਦੀ ਮੰਗ ਕੀਤੀ। ਉਨ੍ਹਾਂ ਨੇ ਦੋ ਜਾਣਿਆਂ ਦੇ ਪਾਸ ਜਾਰੀ ਕਰਨ ਬਾਰੇ ਹੇਠਾਂ ਕਹਿ ਦਿੱਤਾ। ਸਾਰਿਆਂ ਨੇ ਫੈਸਲਾ ਕੀਤਾ ਕਿ ਉਪਰ ਦੋ ਜਾਣੇ ਜਾਣਗੇ। ਇਸ ਤਰ੍ਹਾਂ ਮੇਰੇ ਨਾਲ ਇੱਕ ਹੋਰ ਸਾਥੀ ਤਿਆਰ ਕਰ ਦਿੱਤਾ। ਅਸੀਂ ਦੋਨੇ ਉੱਪਰ ਪੰਜਵੀਂ ਮੰਜ਼ਿਲ 'ਤੇ ਚਲੇ ਗਏ। ਦਫਤਰ ਸਿੱਖਿਆ ਸਕੱਤਰ ਦੇ ਬਾਹਰ ਬੈਠ ਗਏ। ਸਭ ਤੋਂ ਪਹਿਲਾਂ ਇੱਕ ਨੇਤਾ ਸਿੱਖਿਆ ਸਕੱਤਰ ਨੂੰ ਮਿਲਣ ਲਈ ਅੰਦਰ ਗਿਆ। ਕੁੱਝ ਸਮੇਂ ਬਾਅਦ ਸਾਡੀ ਵਾਰੀ ਆ ਗਈ। ਅਸੀਂ ਦੋਨੋਂ ਜਾਣੇ ਅੰਦਰ ਚਲੇ ਗਏ ਤੇ ਸਿੱਖਿਆ ਸਕੱਤਰ ਸਕੂਲ ਸਿੱਖਿਆ ਵਿਭਾਗ ਪੰਜਾਬ ਨੂੰ ਫਾਈਲ ਦੇ ਕੇ ਬੇਨਤੀ ਕੀਤੀ ਕਿ ਸਰ! ਸਾਡੀਆਂ ਮੁੱਖ ਅਧਿਆਪਕ ਦੀਆਂ ਤਰੱਕੀਆਂ ਵਿਚ ਸਾਨੂੰ 23 ਸੀਨੀਅਰ ਮਾਸਟਰਾਂ ਨੂੰ ਛੱਡ ਕੇ ਜੂਨੀਅਰ ਅਧਿਆਪਕਾਂ ਦੀਆਂ ਤਰੱਕੀਆਂ ਕਰ ਦਿੱਤੀਆਂ। ਕਿਰਪਾ ਕਰਕੇ ਸਾਡਾ ਇਹ ਮਸਲਾ ਹੱਲ ਕਰਕੇ ਸਾਡੀਆਂ ਤਰੱਕੀਆਂ ਕਰਨ ਦੀ ਕਿਰਪਾਲਤਾ ਕੀਤੀ ਜਾਵੇ। ਉਨ੍ਹਾਂ ਨੇ ਸਾਡੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਵਿਸ਼ਵਾਸ ਦਿਵਾਇਆ, ਇਹ ਮਸਲਾ ਜਲਦੀ ਹੱਲ ਕਰ ਦਿੱਤਾ ਜਾਵੇਗਾ। ਫਿਰ ਅਸੀਂ ਥੱਲੇ ਚਲੇ ਗਏ ਤੇ ਹੇਠਾਂ ਜਾ ਕੇ ਸਾਰੇ ਸਾਥੀਆਂ ਨੂੰ ਸਾਰੀ ਗੱਲ ਦੱਸੀ। ਇਸ ਮੌਕੇ ਸਾਰਿਆਂ ਦੇ ਮਨ ਵਿਚ ਇੱਕੋ ਹੀ ਗੱਲ ਆ ਰਹੀ ਸੀ ਕਿ ਸਿੱਖਿਆ ਵਿਭਾਗ ਕੰਮਾਂ ਵਿਚ ਦੇਰੀ ਕਰ ਰਿਹਾ ਹੈ, ਇਸ ਲਈ ਕਿਉਂ ਨਾ ਆਪਾਂ ਮਾਣਯੋਗ ਹਾਈਕੋਰਟ ਵਿਚ ਕੇਸ ਦਾਇਰ ਕਰ ਦੇਈਏ। ਇਸ ਲਈ ਸਭ ਨੇ ਇਸ ਫੈਸਲੇ 'ਤੇ ਫੁੱਲ ਚੜ੍ਹਾਏ। ਇਸ ਲਈ ਇਥੋਂ ਅਸੀਂ ਹਾਈਕੋਰਟ ਚਲੇ ਗਏ। ਇੱਥੇ ਇੱਕ ਸਾਥੀ ਨੂੰ ਕੋਈ ਵਕੀਲ ਜਾਣਦਾ ਸੀ ਤੇ ਅਸੀਂ ਉਸ ਨੂੰ ਮਿਲਣ ਲਈ ਉਸ ਕੋਲ ਚਲੇ ਗਏ। ਉਨ੍ਹਾਂ ਨੇ ਕਿਹਾ, ਤੁਹਾਡਾ ਕੇਸ ਮਜ਼ਬੂਤ ਹੈ, ਇਸ ਲਈ ਤੁਸੀਂ ਇਹ ਕੇਸ ਲਾ ਦਿਓ। ਤੁਸੀਂ ਕਾਗਜ਼ੀ ਕਾਰਵਾਈ ਪੂਰੀ ਕਰ ਦਿਓ ਤੇ ਆਪਣਾ ਰਿਕਾਰਡ ਦੇ ਦਿਓ। ਅਸੀਂ ਆਪਣਾ ਸਾਰਾ ਵਿਭਾਗੀ ਰਿਕਾਰਡ ਉਨ੍ਹਾਂ ਨੂੰ ਦੇ ਦਿੱਤਾ। ਕੁੱਝ ਦਿਨਾਂ ਬਾਅਦ ਵਕੀਲ ਸਾਹਿਬ ਨੇ ਕੇਸ ਦਾਇਰ ਕਰ ਦਿੱਤਾ। ਹੁਣ ਸਾਰੇ ਸੰਤੁਸ਼ਟ ਹੋ ਗਏ ਕਿ ਕੁੱਝ ਨਾ ਕੁੱਝ ਬਣੇਗਾ। ਅਸੀਂ ਰੋਜ਼ਾਨਾ ਆਪਣੇ ਘਰਾਂ ਵਿਚ ਸ਼ਾਮ ਨੂੰ ਇੱਕ ਦੂਜੇ ਨਾਲ ਫੋਨ 'ਤੇ ਸੰਪਰਕ ਕਰਦੇ ਸੀ ਪਰ ਅਸੀਂ ਦੋਵੇਂ ਜਾਣੇ ਟਿਕਣ ਵਾਲੇ ਨਹੀਂ ਸੀ। ਰੰਧਾਵਾ ਸਾਹਿਬ ਪ੍ਰੋਗਰਾਮ ਬਣਾ ਲੈਂਦੇ ਸਨ ਕਿ ਇਸ ਹਫਤੇ ਆਪਾਂ ਚੱਲੀਏ ਤੇ ਮੈਂ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਦਿੰਦਾ ਸੀ। ਅਸੀਂ ਡੀ.ਪੀ.ਆਈ. ਦਫਤਰ ਬਰਾਂਚ ਵਿਚ ਜਾ ਕੇ ਪੁੱਛਦੇ, ਤਾਂ ਉਹ ਦੱਸ ਦਿੰਦੇ ਸੀ ਕਿ ਹੁਣ ਫਾਈਲ ਇੱਥੇ ਗਈ ਹੋਈ ਹੈ, ਹੁਣ ਉਹ ਕੰਮ ਕਰ ਰਹੇ ਹਨ। ਇਸ ਤਰ੍ਹਾਂ ਸਾਨੂੰ ਵਿਭਾਗੀ ਜਾਣਕਾਰੀ ਮਿਲਦੀ ਰਹਿੰਦੀ ਸੀ, ਉਸੇ ਦਿਨ ਹੀ ਮੈਂ ਰੰਧਾਵਾ ਸਾਹਿਬ ਨੂੰ ਕਿਹਾ ਕਿ ਆਪਾਂ ਇੱਕ ਵਾਰ ਜ਼ਰੂਰ ਸਿੱਖਿਆ ਮੰਤਰੀ ਪੰਜਾਬ ਨੂੰ ਮਿਲ ਆਈਏ। ਉਨ੍ਹਾਂ ਕਿਹਾ, ਠੀਕ ਹੈ ਚਲੋ ਆਪਾਂ ਉੱਧਰ ਚਲਦੇ ਹਾਂ। ਅਸੀਂ ਸੈਕਟਰੀਏਟ ਚਲੇ ਗਏ ਤੇ ਉਥੇ ਪਾਸ ਬਣਾ ਕੇ ਸਿੱਖਿਆ ਮੰਤਰੀ ਦੇ ਦਫਤਰ ਦੇ ਸਾਹਮਣੇ ਚਲੇ ਗਏ। ਅਜੇ ਸਿੱਖਿਆ ਮੰਤਰੀ ਜੀ ਦਫਤਰ ਨਹੀਂ ਆਏ ਸਨ, ਇਸ ਕਰਕੇ ਅਸੀਂ ਬਾਹਰ ਕੁਰਸੀਆਂ 'ਤੇ ਬੈਠ ਗਏ। ਕੁੱਝ ਸਮੇਂ ਬਾਅਦ ਸਿੱਖਿਆ ਮੰਤਰੀ ਆਪਣੇ ਦਫਤਰ ਵਿਚ ਆਏ। ਅਸੀਂ ਵੀ ਆਪਣੀ ਪਰਚੀ ਅੰਦਰ ਭੇਜ ਦਿੱਤੀ ਤੇ ਕੁੱਝ ਸਮੇਂ ਬਾਅਦ ਸਾਨੂੰ ਅੰਦਰ ਬੁਲਾਇਆ। ਅਸੀਂ ਦੋਹਾਂ ਨੇ ਅੰਦਰ ਜਾ ਕੇ ਆਪਣੀ ਦਰਖਾਸਤ ਉਨ੍ਹਾਂ ਨੂੰ ਪੇਸ਼ ਕੀਤੀ ਤੇ ਦੱਸਿਆ ਕਿ ਵਿਭਾਗ ਨੇ ਜੋ ਤਰਕੀ ਕੀਤੀਆਂ ਹਨ, ਉਨ੍ਹਾਂ ਵਿਚ ਸਾਨੂੰ 23 ਸੀਨੀਅਰ ਅਧਿਆਪਕਾਂ ਨੂੰ ਛੱਡ ਕੇ ਜੂਨੀਅਰ ਅਧਿਆਪਕਾਂ ਦੀਆਂ ਤਰੱਕੀਆਂ ਕਰ ਦਿੱਤੀਆਂ ਹਨ। ਸਾਡਾ ਇਹ ਮਸਲਾ ਹੱਲ ਕਰੋ ਤੇ ਸਾਡੀਆਂ ਤਰੱਕੀਆਂ ਉਨ੍ਹਾਂ ਦੇ ਨਾਲ ਹੀ ਕਰੋ, ਜਿੱਥੇ ਸਾਡਾ ਹੱਕ ਬਣਦਾ ਹੈ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਤੁਹਾਡਾ ਇਹ ਮਸਲਾ ਜਲਦੀ ਹੱਲ ਕਰਾਂਗੇ। ਇੱਥੇ ਹੀ ਸ਼ਾਮ ਦਾ ਵੇਲਾ ਹੋ ਗਿਆ ਸੀ। ਇਥੋਂ ਅਸੀਂ ਸੈਕਟਰ 43 ਚੰਡੀਗੜ੍ਹ ਦੇ ਬੱਸ ਅੱਡੇ ਪਹੁੰਚ ਗਏ। ਭੁੱਖ ਕਾਫੀ ਲੱਗੀ ਹੋਈ ਸੀ। ਇੱਥੇ ਹੀ ਕੁੱਝ ਖਾ ਪੀ ਲਿਆ। ਸਾਡੀ ਬੱਸ ਨੇ 9 ਵਜੇ ਕਾਊਂਟਰ 'ਤੇ ਲੱਗਣਾ ਸੀ। ਬੱਸ ਪੂਰੇ 9 ਵਜੇ ਕਾਊਂਟਰ 'ਤੇ ਲੱਗ ਗਈ। ਅਸੀਂ ਆਪਣੀਆਂ ਸੀਟਾਂ 'ਤੇ ਬੈਠ ਗਏ। ਸਾਰੀ ਰਾਹਦਾਰੀ ਵੀ ਸਵਾਰੀਆਂ ਨਾਲ ਭਰ ਗਈ। ਅੱਤ ਦੀ ਗਰਮੀ ਸੀ। ਬੁਰਾ ਹਾਲ ਹੋਇਆ ਪਿਆ ਸੀ। ਕੁੱਝ ਸਮੇਂ ਬਾਅਦ ਬੱਸ ਚੱਲ ਪਈ ਤੇ ਢਾਈ ਘੰਟਿਆਂ ਬਾਅਦ ਲੁਧਿਆਣਾ ਬੱਸ ਅੱਡੇ ਪਹੁੰਚ ਗਏ। ਇੱਥੇ ਅਸੀਂ ਆਪਣੀ ਮੋਗਾ ਜਾਣ ਵਾਲੀ ਅਗਲੀ ਬੱਸ ਬਾਰੇ ਪਤਾ ਕੀਤਾ। ਇਹ 12 ਵਜੇ ਆਉਣੀ ਸੀ। ਇਸ ਲਈ ਅਸੀਂ ਆਸ-ਪਾਸ ਨਿਗ੍ਹਾ ਮਾਰੀ, ਸਾਰੇ ਪਾਸੇ ਦੁਕਾਨਾਂ ਬੰਦ ਸਨ, ਹੋਟਲ ਬੰਦ ਸਨ ਪਰ ਬਾਹਰ ਦੋ ਰੇੜ੍ਹੀਆਂ ਖੜ੍ਹੀਆਂ ਸਨ। ਉਥੋਂ ਰਾਤ ਨੂੰ ਕੁੱਝ ਖਾ ਪੀ ਲਿਆ। ਸਾਡੀ ਬੱਸ 12 ਵਜੇ ਆ ਗਈ ਤੇ ਅਸੀਂ ਡੇਢ ਘੰਟੇ ਬਾਅਦ ਮੋਗਾ ਬੱਸ ਅੱਡੇ ਪੁੱਜ ਗਏ। ਸਮਾਂ ਲੰਘਦਾ ਗਿਆ ਸਾਡੀ ਕੀਤੀ ਹੋਈ ਮਿਹਨਤ ਰੰਗ ਲਿਆਈ ਤੇ ਸਾਡੀਆਂ 23 ਮਾਸਟਰਾਂ ਦੀਆਂ ਤਰੱਕੀਆਂ ਬਤੌਰ ਮੁੱਖ ਅਧਿਆਪਕ ਹੋ ਗਈਆਂ।

# ਮੇਰੀ ਛੁਪੇ ਰਹਿਣ ਦੀ ਚਾਹ ਦੀ ਧਾਰਨਾ ਵਾਲੇ ਕੌਮੀ ਸ਼ਹੀਦ ਭਾਈ ਕੇਹਰ ਸਿੰਘ ਨੂੰ ਯਾਦ ਕਰਦਿਆਂ

ਅਵਤਾਰ ਸਿੰਘ ਰਾਇਸਰ
ਬਰਨਾਲਾ, 98143-21087
ਪੰਜਾਬ ਮੇਲ USA

ਜੂਨ ਚੁਰਾਸੀ ਭਾਰਤ ਦੇ ਸਿੱਖਾਂ ਲਈ ਇਕ ਨਾ ਭੁੱਲਣ ਵਾਲਾ ਵਰਤਾਰਾ ਹੈ, ਜਿਸਨੂੰ ਯਾਦ ਕਰਕੇ ਸਿੱਖ ਗੱਭਰੂਆਂ ਦਾ ਅੱਜ ਵੀ ਖ਼ੂਨ ਉਬਾਲੇ ਮਾਰਨ ਲੱਗ ਪੈਂਦਾ ਹੈ। ਆਓ ਦੇਖੀਏ ਕਿ ਉਸ ਸਮੇਂ ਦੀ ਮੁੱਖ ਜ਼ਿੰਮੇਵਾਰ ਮੰਨੀ ਗਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਿੱਖ ਕੌਮ ਦੇ ਹੀਰੇ ਕਿਸ ਤਰ੍ਹਾਂ ਉਸਦੇ ਅੰਜਾਮ ਤੱਕ ਲੈ ਜਾਂਦੇ ਹਨ। ਇਹ ਉਹ ਵਕਤ ਸੀ, ਜਦ ਪੰਜਾਬ ਦਾ ਚੱਪਾ-ਚੱਪਾ ਫੌਜੀ ਬੂਟਾਂ ਦੀ ਮਾਰ ਹੇਠ ਸੀ। ਪੂਰੇ ਪੰਜਾਬ ਦੇ ਲੋਕਾਂ ਵਿਚ ਜ਼ਬਰਦਸਤ ਗੁੱਸੇ ਦੀ ਲਹਿਰ ਸੀ। ਉਹ ਸਮਾਂ ਸੀ, ਜਦੋਂ ਉਹ ਮੂੰਹੋਂ ਕੁਝ ਬੋਲਣ ਦੀ ਥਾਂ ਚੁੱਪਚਾਪ ਸਿਰ ਸੁੱਟੀ ਬੈਠੇ ਸਨ। ਕੁਝ ਨੀਂ ਸੁਝ ਰਿਹਾ ਸੀ ਕਿ ਕੀ ਕੀਤਾ ਜਾਵੇ? ਮੈਂ ਇੱਕ ਜਗ੍ਹਾ ਪੜ੍ਹਿਆ ਸੀ ਕਿ ਇੰਦਰਾ ਗਾਂਧੀ ਨੂੰ ਮਾਰਨ ਲਈ ਸਿੱਖ ਨੌਜਵਾਨਾਂ ਦੇ 6-7 ਜਥੇ ਦਿੱਲੀ ਵਿਚ ਸਰਗਰਮ ਸਨ। ਇੱਕ ਥਾਂ ਇਹ ਵੀ ਪੜ੍ਹਿਆ ਕਿ 15 ਅਗਸਤ 1984 ਨੂੰ ਸਿੱਖ ਨੌਜਵਾਨਾਂ ਦਾ ਇੱਕ ਗਰੁੱਪ ਦਿੱਲੀ ਦੇ ਉਸ ਸਮਾਗਮ ਵਿਚ ਹਾਜ਼ਰ ਹੋ ਗਿਆ ਸੀ, ਜਿੱਥੇ ਇੰਦਰਾ ਗਾਂਧੀ ਨੇ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਉਣਾ ਸੀ ਅਤੇ ਦੇਸ਼ ਨੂੰ ਸੰਬੋਧਨ ਹੋਣਾ ਸੀ। ਸਰਕਾਰ ਵੀ ਪੂਰੀ ਸੁਚੇਤ ਸੀ, ਇੰਦਰਾ ਗਾਂਧੀ ਦੀਆਂ ਦੋ ਹਮਸ਼ਕਲ ਪ੍ਰਧਾਨ ਮੰਤਰੀ ਦੇ ਰੂਪ ਵਿਚ ਸਟੇਜ 'ਤੇ ਵਾਰੋ-ਵਾਰੀ ਆਉਂਦੀਆਂ ਹਨ, ਜਿਸ ਕਰਕੇ ਉਹ ਸਿੱਖ ਨੌਜਵਾਨ ਕਿਸੇ ਭੁਲੇਖੇ ਵਿਚ ਹੋਰ ਦੀ ਜਾਨ ਲੈਣ ਦੀ ਥਾਂ ਖਾਲੀ ਹੱਥ ਵਾਪਸ ਮੁੜ ਗਏ। ਉਹ ਪੂਰੀ ਧਾਰਕੇ ਆਏ ਸਨ ਕਿ ਅੱਜ ਉਹ ਪ੍ਰਧਾਨ ਮੰਤਰੀ ਨੂੰ ਸੁੱਕਾ ਨਹੀਂ ਜਾਣ ਦੇਣਗੇ। ਉੱਧਰ ਭਾਜਪਾ ਦੇ ਸੀਨੀਅਰ ਆਗੂ ਅਤੇ ਪ੍ਰਸਿੱਧ ਵਕੀਲ ਸੁਬਰਾਮਨੀਅਮ ਸਵਾਮੀ ਇੱਕ ਮੁਲਾਕਾਤ ਵਿਚ ਦੱਸਦੇ ਹਨ ਕਿ ਇੱਕ ਦਿਨ ਮੈਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜੀ ਬੁਲਾ ਕੇ ਕਹਿੰਦੇ ਹਨ, "ਸਵਾਮੀ ਜੀ, ਯੇ ਸਿੱਖ ਲੋਗ ਮੁਝੇ ਛੋੜੇਗੇਂ ਨਹੀਂ, ਅਬ ਕਿਆ ਹੋ ਸਕਤਾ ਹੈ? ਤੋਂ ਮੈਂਨੇ ਕਿਹਾ ਮੈਡਮ ਅਬ ਕੁਛ ਨਹੀਂ ਹੋ ਸਕਤਾ।" ਹਾਲਾਤ ਦੋਵੇਂ ਪਾਸੇ ਕਿਵੇਂ ਇੱਕ ਵਹਾ ਵਿਚ ਵਹਿ ਰਹੇ ਸਨ।

ਅਗਸਤ ਮਹੀਨੇ ਦਿੱਲੀ ਦੇ ਆਰ.ਕੇ. ਪੁਰਮ ਦੇ ਗੁਰਦੁਆਰੇ ਵਿਚ ਪ੍ਰੋ. ਦਰਸ਼ਨ ਸਿੰਘ ਖਾਲਸਾ ਨੇ ਪਹਿਲਾਂ ਅੱਧਾ ਘੰਟਾ ਵੈਰਾਗਮਈ ਕੀਰਤਨ ਕੀਤਾ ਅਤੇ ਫਿਰ ਵਿਆਖਿਆ ਕੀਤੀ। ਇਸ ਸਮੇਂ ਪ੍ਰੋ. ਨੇ ਜੂਨ ਚੁਰਾਸੀ ਦੀ ਭਾਰਤੀ ਫੌਜਾਂ ਵੱਲੋਂ ਸਿੱਖਾਂ 'ਤੇ ਢਾਹੇ ਜ਼ੁਲਮਾਂ ਦੀ ਦਾਸਤਾਨ ਅਜਿਹੇ ਵੈਰਾਗਮਈ ਸ਼ਬਦਾਂ ਵਿਚ ਕੀਤੀ, ਜਿਸਨੂੰ ਸੁਣਕੇ ਗੁਰਦੁਆਰਾ ਸਾਹਿਬ ਦੀਆਂ ਕੰਧਾਂ ਵੀ ਰੋ ਪਈਆਂ, ਫਿਰ ਪ੍ਰੋ. ਨੇ ਸ਼ਬਦ ਪੜ੍ਹਿਆ, "ਜੇ ਜੀਵੈ ਪਤਿ ਲਥੀ ਜਾਇ, ਸਭੁ ਹਰਾਮੁ ਜੇਤਾ ਕਿਛੁ ਖਾਇ॥" ਪਿਘਲੇ ਹਿਰਦਿਆਂ 'ਤੇ ਇਸਦਾ ਭਾਵਪੂਰਨ ਅਸਰ ਹੋਇਆ। ਸੰਗਤ ਵਿਚ ਬੈਠੇ ਸਪਲਾਈ ਅਤੇ ਡਿਸਪੋਜ਼ਲ ਵਿਭਾਗ ਦਿੱਲੀ ਦੇ ਅਸਿਸਟੈਂਟ ਅਫਸਰ ਭਾਈ ਕੇਹਰ ਸਿੰਘ ਨੇ ਆਪਣੇ ਮਨ ਨਾਲ ਕੁਝ ਪ੍ਰਣ ਕੀਤਾ, ਗੁਰੂ ਗ੍ਰੰਥ ਸਾਹਿਬ ਅੱਗੇ ਦ੍ਰਿੜ੍ਹਤਾ ਦੀ ਬੇਨਤੀ ਕੀਤੀ ਅਤੇ ਮੱਥਾ ਟੇਕ ਕੇ ਬਾਹਰ ਆ ਗਿਆ। ਅਗਲੇ ਦਿਨ ਉਸਨੇ ਆਪਣੇ ਰਿਸ਼ਤੇਦਾਰ ਬੇਅੰਤ ਸਿੰਘ ਨੂੰ, ਜਿਹੜਾ ਪ੍ਰਧਾਨ ਮੰਤਰੀ ਦੇ ਸੁਰੱਖਿਆ ਦਸਤੇ ਵਿਚ ਬਤੌਰ ਸਬ ਇੰਸਪੈਕਟਰ ਤਾਇਨਾਤ ਸੀ, ਨੂੰ ਬੁਲਾਇਆ। ਦੋਵੇਂ ਗੁਰਦੁਆਰਾ ਸਾਹਿਬ ਗਏ ਅਤੇ ਪ੍ਰੋ. ਦਰਸ਼ਨ ਸਿੰਘ ਖਾਲਸਾ ਦੀ ਲਗਭਗ ਪਹਿਲੇ ਦਿਨ ਵਰਗੀ ਵਿਆਖਿਆ ਨੂੰ ਸੁਣਿਆ। ਭਾਈ ਬੇਅੰਤ ਸਿੰਘ, ਜਿਸ ਦੇ ਮਨ ਵਿਚ ਪਹਿਲਾਂ ਹੀ ਹਰ ਸਿੱਖ ਵਾਂਗ ਰੋਸ ਭਰਿਆ ਪਿਆ ਸੀ, ਅੱਜ ਕੇਹਰ ਸਿੰਘ ਦੇ ਥਾਪੜੇ ਨਾਲ ਭਬਕ ਪਿਆ ਅਤੇ ਇਸ ਦਿਨ ਤੋਂ ਹੀ ਇੰਦਰਾ ਗਾਂਧੀ ਦੇ ਦਿਨਾਂ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ। ਭਾਈ ਕੇਹਰ ਸਿੰਘ ਇਸ ਸਾਰੀ ਘਟਨਾ ਦਾ ਮੁੱਖ ਸੂਤਰਧਾਰ ਵਜੋਂ ਕਾਰਜਸ਼ੀਲ ਸੀ, ਉਸਨੂੰ ਕੌਮ ਦੀ ਲੱਥੀ ਪੱਤ ਦੇ ਤਿੱਖੇ ਅਹਿਸਾਸ ਨੇ ਧੁਰ ਅੰਦਰੋਂ ਝੰਜੋੜ ਦਿੱਤਾ ਸੀ। ਉਸਨੇ ਕੁਝ ਕਰ ਦਿਖਾਉਣ ਦਾ ਫੈਸਲਾ ਆਪਣੇ ਮਨ ਨਾਲ ਕਰ ਲਿਆ ਸੀ। ਆਪਣੇ ਫੈਸਲੇ ਨੂੰ ਅੰਜਾਮ ਦੇਣ ਲਈ ਉਸ ਦੀ ਨਜ਼ਰ ਬੇਅੰਤ ਸਿੰਘ 'ਤੇ ਆਕੇ ਰੁਕ ਗਈ। ਦੋਵਾਂ ਦੀ ਆਪਸ ਵਿਚ ਰਿਸ਼ਤੇਦਾਰੀ ਵੀ ਸੀ। ਕੇਹਰ ਸਿੰਘ ਦਾ ਬਾਪ ਅਤੇ ਬੇਅੰਤ ਸਿੰਘ ਦਾ ਨਾਨਾ, ਭਾਈ ਭਾਈ ਸਨ। ਇਸੇ ਕਰਕੇ ਦੋਵਾਂ ਵਿਚ ਅਕਸਰ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ ਸੀ, ਕਿਉਂਕਿ ਦੋਵਾਂ ਦੇ ਘਰ ਵੀ ਨੇੜੇ-ਨੇੜੇ ਹੀ ਸਨ। ਬੇਅੰਤ ਸਿੰਘ ਨੂੰ ਕੇਹਰ ਸਿੰਘ ਨੇ ਰੱਖੜੀ ਤੋਂ ਇੱਕ ਦਿਨ ਪਹਿਲਾਂ ਬੁਲਾਇਆ, ਦੋਵੇਂ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਹੋਏ ਅਤੇ ਪ੍ਰੋ. ਦਰਸ਼ਨ ਸਿੰਘ ਖਾਲਸਾ ਦੀ ਵਿਆਖਿਆ ਤੋਂ ਬਾਅਦ ਇੱਕ ਦੂਜੇ ਨੂੰ ਸ਼ਾਇਦ ਕੁਝ ਕਹਿਣ ਦੀ ਜ਼ਰੂਰਤ ਹੀ ਨਾ ਰਹੀ। ਦੋਵਾਂ ਨੂੰ ਆਪਣੀ ਮੰਜ਼ਿਲ ਦਾ ਅਹਿਸਾਸ ਹੋ ਗਿਆ। ਆਖਿਆ ਜਾਂਦਾ ਹੈ ਕਿ ਉਸ ਦਿਨ ਬੇਅੰਤ ਸਿੰਘ ਨੇ ਇਹ ਦਾਅਵਾ ਕੀਤਾ ਸੀ ਕਿ ਦੇਸ਼ ਦੀ 37ਵੀਂ ਆਜ਼ਾਦੀ ਵਰ੍ਹੇਗੰਢ ਮੌਕੇ ਇੰਦਰਾ ਗਾਂਧੀ ਨੂੰ ਝੰਡਾ ਲਹਿਰਾਉਣ ਨਹੀਂ ਦਿੱਤਾ ਜਾਵੇਗਾ। ਪ੍ਰੰਤੂ ਇਸ ਕਾਰਜ ਲਈ ਉਸ ਵੱਲੋਂ ਚੁਣੇ ਸਾਥੀ ਅਮਰਜੀਤ ਸਿੰਘ ਦੇ ਪਿੱਠ ਵਿਖਾਉਣ ਕਾਰਨ ਉਹ ਆਪਣੇ ਮੰਤਵ ਦੀ ਪੂਰਤੀ ਅਗਸਤ ਮਹੀਨੇ ਵਿਚ ਨਹੀਂ ਕਰ ਸਕਿਆ।

20 ਅਕਤੂਬਰ, 1984 ਨੂੰ ਭਾਈ ਕੇਹਰ ਸਿੰਘ ਅਤੇ ਭਾਈ ਬੇਅੰਤ ਸਿੰਘ ਪਰਿਵਾਰਾਂ ਸਮੇਤ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਵਿਖੇ ਪੁੱਜੇ ਅਤੇ ਬੇਅੰਤ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇੱਕ ਵਾਰ ਫਿਰ ਆਪਣੇ ਵਚਨਾਂ ਦੀ ਦ੍ਰਿੜ੍ਹਤਾ ਲਈ ਅਰਦਾਸ ਕੀਤੀ ਗਈ। ਬੇਅੰਤ ਸਿੰਘ ਦਾ ਪਰਿਵਾਰ ਵੀ ਸਿੱਖੀ ਸਿਧਾਂਤਾਂ ਦਾ ਪੱਕਾ ਧਾਰਨੀ ਸੀ ਅਤੇ ਇਸ ਕਰਕੇ ਹੀ ਬੇਅੰਤ ਸਿੰਘ ਨੂੰ ਬਚਪਨ ਵਿਚ ਹੀ ਅੰਮ੍ਰਿਤਧਾਰੀ ਬਣਾ ਦਿੱਤਾ ਗਿਆ ਸੀ। ਪ੍ਰੰਤੂ ਕਾਲਜ ਸਮੇਂ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਖੰਡਿਤ ਹੋ ਗਈ ਸੀ, ਬੇਅੰਤ ਸਿੰਘ ਨੇ ਆਪਣੀ ਭੁੱਲ ਦਾ ਪਛਚਾਤਾਪ ਕਰਨ ਉਪਰੰਤ ਆਰ.ਕੇ. ਪੁਰਮ ਦੇ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਜ਼ਾ ਨਿਭਾਉਣ ਉਪਰੰਤ ਮੁੜ ਤੋਂ ਅੰਮ੍ਰਿਤ ਛਕਿਆ। ਬੇਅੰਤ ਸਿੰਘ ਨੇ ਇਸ ਸਮੇਂ ਦੌਰਾਨ ਕੇਹਰ ਸਿੰਘ ਨੂੰ ਸੁਰੱਖਿਆ ਦਸਤੇ ਦੇ ਇੱਕ ਸਿਪਾਹੀ ਸਤਵੰਤ ਸਿੰਘ ਬਾਰੇ ਦੱਸਿਆ ਅਤੇ ਇਨ੍ਹਾਂ ਦੋਹਾਂ ਨੇ ਸਤਵੰਤ ਸਿੰਘ ਨੂੰ ਆਪਣੇ ਭੇਤ ਦਾ ਸਾਂਝੀਦਾਰ ਬਣਾਕੇ ਉਸਨੂੰ ਮਨੋਂ ਤਿਆਰ ਕਰਨ ਉਪਰੰਤ ਅੰਤਿਮ ਛਕਾ ਕੇ ਸਿੰਘ ਸਜਾ ਲਿਆ। 31 ਅਕਤੂਬਰ 1984 ਨੂੰ ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਵੱਲੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸਦੇ ਨਿਵਾਸ ਸਥਾਨ 1 ਸਫਦਰਜੰਗ ਰੋਡ 'ਤੇ ਸਵੇਰੇ 9.05 'ਤੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। 2 ਨਵੰਬਰ 1984 ਨੂੰ ਭਾਈ ਕੇਹਰ ਸਿੰਘ ਅਤੇ ਉਸ ਦੀ ਧਰਮਪਤਨੀ ਸ਼੍ਰੀਮਤੀ ਜੰਗੀਰ ਕੌਰ ਨੂੰ ਪੁਲਿਸ ਵੱਲੋਂ ਉਨ੍ਹਾਂ ਦੀ ਰਿਹਾਇਸ਼ 12 ਆਰ.ਕੇ. ਪੁਰਮ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। 15 ਪੁਲਸੀਏ ਚਿੱਟ ਕੱਪੜੀਏ ਸਵੇਰੇ-ਸਵੇਰੇ ਉਨ੍ਹਾਂ ਦੇ ਘਰ ਆਏ ਤੇ ਦੋਵੇਂ ਪਤੀ ਪਤਨੀ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਦੀ, "ਲੱਡਾ ਕੋਠੀ" ਵਰਗੇ ਤਸੀਹਾ ਕੇਂਦਰ ਸਰਕਾਰ ਯਮੁਨਾ ਵੈਲੋਡਰੋਮ ਲੈ ਗਏ, ਜਿੱਥੇ ਲਗਭਗ ਕੇਹਰ ਸਿੰਘ ਨੂੰ ਇਕ ਮਹੀਨਾ ਨਾਜਾਇਜ਼ ਪੁਲਿਸ ਹਿਰਾਸਤ ਵਿਚ ਰੱਖ ਕੇ ਅੰਨਾ ਤਸ਼ੱਦਦ ਕੀਤਾ ਗਿਆ। 5 ਦਸੰਬਰ ਨੂੰ ਅਦਾਲਤ ਵਿਚ ਪੇਸ਼ ਕਰਕੇ ਜੇਲ੍ਹ ਭੇਜਿਆ ਗਿਆ।

ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਅਤੇ ਭਾਈ ਬਲਵੀਰ ਸਿੰਘ 'ਤੇ ਭਾਰਤੀ ਦੰਡਾਵਲੀ ਦੀ ਧਾਰਾ 302/307/120ਬੀ ਅਤੇ ਆਰਮਜ਼ ਐਕਟ ਦੀ ਧਾਰਾ 25/27 ਅਧੀਨ ਕੇਸ ਦਰਜ ਕੀਤਾ ਗਿਆ। ਇਸ ਸਬੰਧੀ ਤਿਹਾੜ ਜੇਲ੍ਹ ਵਿਚ ਸਪੈਸ਼ਲ ਅਦਾਲਤ ਲਾ ਕੇ ਸੈਸ਼ਨ ਜੱਜ ਵੱਲੋਂ ਸੁਣਵਾਈ ਕੀਤੀ ਗਈ ਅਤੇ ਇਸ ਅਦਾਲਤ ਨੇ ਤਿੰਨੇ ਵਿਅਕਤੀਆਂ ਨੂੰ ਇੰਦਰਾ ਗਾਂਧੀ ਕਤਲ ਕੇਸ ਦੇ ਮੁੱਖ ਦੋਸ਼ੀ ਮੰਨਦਿਆਂ ਫਾਂਸੀ ਦੀ ਸਜ਼ਾ ਸੁਣਾਈ। ਇਸ ਸਬੰਧੀ ਦਿੱਲੀ ਹਾਈ ਕੋਰਟ ਨੇ ਵੀ ਹੇਠਲੀ ਅਦਾਲਤ ਦਾ ਫੈਸਲਾ ਬਰਕਰਾਰ ਰੱਖਿਆ। ਪ੍ਰੰਤੂ ਦੇਸ਼ ਦੀ ਸਰਵਉੱਚ ਅਦਾਲਤ ਨੇ ਬਲਬੀਰ ਸਿੰਘ ਨੂੰ ਬੇਦੋਸ਼ਾ ਘੋਸ਼ਿਤ ਕਰਦਿਆਂ ਬਰੀ ਕਰ ਦਿੱਤਾ, ਜਦਕਿ ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਦੀ ਮੌਤ ਦੀ ਸਜ਼ਾ ਬਰਕਰਾਰ ਰੱਖੀ ਗਈ।

21 ਸਾਲਾ, ਸੋਹਣੇ ਛੈਲ-ਛਬੀਲੇ ਗੱਭਰੂ ਭਾਈ ਸਤਵੰਤ ਸਿੰਘ ਨੇ ਬੜੀ ਦਲੇਰੀ ਨਾਲ ਅਦਾਲਤ 'ਚ ਆਪਣੇ ਪਹਿਲੇ ਇਕਬਾਲੀਆ ਬਿਆਨ ਵਿਚ ਦੱਸਿਆ ਕਿ ਉਸ ਨੇ ਇਸ ਸੰਸਾਰ ਵਿਚ ਸਥਿਤ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ 'ਤੇ ਭਾਰਤੀ ਫੌਜਾਂ ਵੱਲੋਂ ਹਮਲਾ ਕਰਵਾਉਣ ਵਾਲੀ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਆਪਣੀ ਸਟੇਨਗੰਨ ਦੀਆਂ 20 ਗੋਲੀਆਂ ਦਾਗ ਕੇ ਮਾਰਿਆ ਹੈ। ਸਤਵੰਤ ਸਿੰਘ ਨੇ ਦੱਸਿਆ ਕਿ ਪਹਿਲਾਂ ਭਾਈ ਬੇਅੰਤ ਸਿੰਘ ਨੇ ਆਪਣੇ ਸਰਵਿਸ ਰਿਵਾਲਵਰ 'ਚੋਂ ਪੰਜ ਗੋਲੀਆਂ ਇੰਦਰਾਂ ਗਾਂਧੀ 'ਤੇ ਦਾਗੀਆਂ ਸਨ, ਉਸ ਤੋਂ ਬਾਅਦ ਉਸ ਨੇ ਆਪਣੀ ਸਟੇਨਗੰਨ ਤੋਂ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਇਸਦੇ ਨਾਲ ਹੀ ਸਤਵੰਤ ਸਿੰਘ ਨੇ ਇਹ ਵੀ ਦੱਸਿਆ ਕਿ ਉਸਨੇ ਅਤੇ ਬੇਅੰਤ ਸਿੰਘ ਨੇ ਆਪਣਾ ਕੰਮ ਖਤਮ ਕਰਨ ਤੋਂ ਬਾਅਦ ਆਪਣੇ ਆਪ ਨੂੰ ਇੰਡੋ-ਤਿੱਬਤੀਅਨ ਬਾਰਡਰ ਪੁਲਿਸ ਦੇ ਜਵਾਨਾਂ ਦੇ ਹਵਾਲੇ ਕਰ ਦਿੱਤਾ ਸੀ, ਜਿਨ੍ਹਾ ਨੇ ਉਨ੍ਹਾਂ ਨੂੰ ਦੂਜੇ ਕਮਰੇ ਵਿਚ ਲਿਜਾਕੇ ਤੇ ਕੁਰਸੀਆਂ 'ਤੇ ਬਿਠਾ ਕੇ ਥੋੜੇ ਸਮੇਂ ਬਾਅਦ ਗੋਲੀਆਂ ਦੀ ਵਰਖਾ ਸਾਡੇ 'ਤੇ ਕਰ ਦਿੱਤੀ ਸੀ। ਇਸ ਸਬੰਧੀ ਇੰਡੋ ਤਿੱਬਤੀਅਨ ਬਾਰਡਰ ਪੁਲਿਸ ਦੇ ਤਰਸੇਮ ਸਿੰਘ ਜਸਵਾਲ ਅਤੇ ਰਾਮ ਸਰਨ ਦਾ ਨਾਂ ਪ੍ਰਮੁੱਖਤਾ ਨਾਲ ਉੱਭਰ ਕੇ ਸਾਹਮਣੇ ਆਇਆ ਸੀ। ਪ੍ਰੰਤੂ ਕਿਸੇ ਪੁਲਿਸ ਰਿਪੋਰਟ ਜਾਂ ਅਦਾਲਤ ਵਿਚ ਕਦੇ ਕੋਈ ਚਰਚਾ ਨਹੀਂ ਹੋਈ। ਸਤਵੰਤ ਸਿੰਘ ਵੱਲੋਂ 12 ਗੋਲੀਆਂ ਲੱਗਣ ਦੇ ਬਾਵਜੂਦ ਆਪਣੀ ਇੱਛਾ ਸ਼ਕਤੀ ਅਤੇ ਚੜ੍ਹਦੀ ਕਲਾ ਦੇ ਸਹਾਰੇ ਬਹੁਤ ਜਲਦੀ ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਤੰਦਰੁਸਤ ਹੋ ਕੇ ਅਦਾਲਤ ਵਿਚ ਬਹਾਦਰੀ ਅਤੇ ਦਲੇਰੀ ਨਾਲ ਆਪਣੇ ਕੇਸ ਦੀ ਪੈਰਵੀ ਕੀਤੀ। ਇਸ ਸਬੰਧੀ ਉਨ੍ਹਾਂ ਦੇ ਵਕੀਲ ਆਰ.ਐੱਸ. ਸੋਢੀ, ਜੋ ਕਿ ਬਾਦ ਵਿਚ ਜੱਜ ਬਣੇ, ਦੱਸਦੇ ਹਨ ਕਿ, "ਜਦ ਮੈਂ ਸਤਵੰਤ ਸਿੰਘ ਨੂੰ ਸਭ ਤੋਂ ਪਹਿਲਾ ਸਵਾਲ ਕੀਤਾ ਕਿ ਤੂੰ ਇੰਦਰਾ ਗਾਂਧੀ ਨੂੰ ਕਿਉਂ ਮਾਰਿਆ, ਤਾਂ ਉਹ ਕਹਿੰਦਾ ਇਸਨੇ ਆਪਣੇ ਧਰਮ ਅਸਥਾਨਾਂ 'ਤੇ ਫੌਜੀ ਹਮਲਾ ਕੀਤਾ ਹੈ, ਮੈਂ ਇੱਕ ਸਿੱਖ ਹਾਂ"। ਸੋਢੀ ਕਹਿਣ ਲੱਗੇ ਕਿ ਸਿੱਖ ਤਾਂ ਮੈਂ ਵੀ ਹਾਂ, ਫਿਰ ਸਤਵੰਤ ਸਿੰਘ ਨੇ ਉਨ੍ਹਾਂ ਦੇ ਜਵਾਬ ਵਿਚ ਆਪਣੇ ਮੁੱਖ 'ਤੇ ਜੇਤੂ ਮੁਸਕਾਨ ਖਿੰਡਾਈ।

ਵਿਚਾਰਨਯੋਗ ਗੱਲ ਇਹ ਹੈ ਕਿ ਭਾਈ ਕੇਹਰ ਸਿੰਘ ਵਿਰੁੱਧ ਪੁਲਿਸ ਵੱਲੋਂ ਭਾਵੇਂ ਕੋਈ ਠੋਸ ਦੋਸ਼ ਨਹੀਂ ਲਗਾਇਆ ਗਿਆ। ਉਨ੍ਹਾਂ 'ਤੇ ਬੇਅੰਤ ਸਿੰਘ ਨੂੰ ਉਸ ਰਾਹੀਂ ਸਤਵੰਤ ਸਿੰਘ ਨੂੰ ਇੰਦਰਾ ਗਾਂਧੀ ਨੂੰ ਕਤਲ ਕਰਾਉਣ ਲਈ ਉਕਸਾਉਣ ਦੇ ਦੋਸ਼ਾਂ ਤੋਂ ਇਲਾਵਾ ਉਨ੍ਹਾਂ ਦੇ ਦਫਤਰ ਦੇ ਇੱਕ ਮੇਜ਼ ਦੇ ਦਰਾਜ਼ ਵਿਚੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਚਾਰ ਦਿਨ ਬਾਅਦ ਪੁਲਿਸ ਵੱਲੋਂ ਬਰਾਮਦ ਕਥਿਤ ਪੈਂਫਲਿਟ, "ਇੰਦਰਾ ਦੇ ਸਿੱਖ" ਬਰਾਮਦ ਹੋਣ, ਬੇਅੰਤ ਸਿੰਘ ਦਾ ਸੋਨੇ ਦਾ ਕੜਾ ਅਤੇ ਅੰਗੂਠੀ ਕੇਹਰ ਸਿੰਘ ਦੇ ਘਰੋਂ ਬਰਾਮਦ ਹੋਣ, ਬੇਅੰਤ ਸਿੰਘ ਦੀ ਪਤਨੀ ਬੀਬੀ ਬਿਮਲ ਕੌਰ ਖਾਲਸਾ ਵੱਲੋਂ 17 ਅਕਤੂਬਰ ਨੂੰ ਬੇਅੰਤ ਸਿੰਘ ਅਤੇ ਕੇਹਰ ਸਿੰਘ ਦਰਮਿਆਨ ਬੇਅੰਤ ਸਿੰਘ ਦੇ ਘਰ ਗੁਪਤ ਮੀਟਿੰਗ ਹੋਣ ਦਾ ਇੰਕਸਾਫ, ਕੇਹਰ ਸਿੰਘ ਵੱਲੋਂ ਬੇਅੰਤ ਸਿੰਘ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਅਤੇ 20 ਅਕਤੂਬਰ ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਲੈ ਕੇ ਜਾਣ ਦੇ ਦੋਸ਼ ਲਗਾਏ ਗਏ। ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਹੀ ਸੈਸ਼ਨ ਕੋਰਟ ਤੋਂ ਸੁਪਰੀਮ ਕੋਰਟ ਤੱਕ ਨੇ ਭਾਈ ਕੇਹਰ ਸਿੰਘ ਨੂੰ ਇੰਦਰਾ ਗਾਂਧੀ ਕਤਲ ਕੇਸ ਲਈ ਸਾਜ਼ਿਸ਼ ਤਿਆਰ ਕਰਨ ਵਾਲਾ ਮੁੱਖ ਦੋਸ਼ੀ ਮੰਨਦਿਆਂ ਹੋਇਆਂ ਮੌਤ ਦੀ ਸਜ਼ਾ ਬਰਕਰਾਰ ਰੱਖੀ।

# ਬੰਦੀ ਸਿੰਘਾਂ ਦੀਆਂ ਮਾਵਾਂ ਦਾ ਰੁਦਨ

ਮੁੱਕੀ ਨਹੀਓਂ ਤੇਰੀ ਇਹ, ਸਜ਼ਾ ਪੁੱਤਾ ਮੇਰਿਆ
ਮੁੱਕ ਚੱਲੇ ਮੇਰੇ ਪਰ, ਸਾਹ ਪੁੱਤਾ ਮੇਰਿਆ

ਤੇਰੇ ਪਿੱਛੋਂ ਘਰ 'ਚ, ਉਜਾੜਾ ਪੁੱਤਾ ਪੈ ਗਿਆ
ਸੋਂਦਾ ਸੀ ਤੂੰ ਜਿੱਥੇ ਉਹ, ਚੁਬਾਰਾ ਪੁੱਤਾ ਢਹਿ ਗਿਆ
ਚੁੱਲਿਆਂ 'ਚ ਉੱਗ ਪਿਆ, ਘਾਹ ਪੁੱਤਾ ਮੇਰਿਆ
ਮੁੱਕੀ ਨਹੀਓਂ ਸਜ਼ਾ ਮੁੱਕੇ, ਸਾਹ ਪੁੱਤਾ ਮੇਰਿਆ

ਬਾਪੂ ਤੇਰਾ ਥਾਣਿਆਂ 'ਚ ਕੁੱਟ ਕੁੱਟ ਮਾਰਤਾ
ਡਰਦੀ ਨੇ ਵੀਰੇ ਨੂੰ ਕਨੇਡਾ ਪੁੱਤਾ ਚਾੜਤਾ
ਭੈਣ ਦੇ ਨਾ ਪੂਰੇ ਹੋਏ, ਚਾਅ ਪੁੱਤਾ ਮੇਰਿਆ
ਕਦੋਂ ਪੂਰੀ ਹੋਣੀ ਏ, ਸਜ਼ਾਅ ਪੁੱਤਾ ਮੇਰਿਆ
ਹੋ ਚੱਲੇ ਪੂਰੇ ਮੇਰੇ, ਸਾਹ ਪੁੱਤਾ ਮੇਰਿਆ

ਝੂਠੇ ਸੌਦੇ ਵਾਲਿਆਂ ਨੂੰ,ਕੋਈ ਨਹੀਓਂ ਪੁੱਛਦਾ
ਨਾਨਕੇ ਦੇ ਪਿੰਡ ਵਾਂਗੂ, ਬਾਹਰ ਆਣ ਢੁੱਕਦਾ
ਜੇਹਲਾਂ ਵਿਚ ਰਹਿੰਦੇ ਆ, ਜਵਾਈ ਬਣਕੇ
ਮਿਲਦੇ ਆ ਮੁਰਗੇ, ਫਰਾਈ ਕਰਕੇ
ਬੌਡੀਗਾਰਡ ਮਿਲੇ ਆ, ਪੰਜਾਹ ਪੁੱਤਾ ਮੇਰਿਆ
ਸ਼ਾਹਾਂ ਵਾਂਗੂ ਕੱਟਦੇ, ਸਜ਼ਾ ਪੁੱਤਾ ਮੇਰਿਆ

ਜਿੱਥੋਂ ਜੋਧੇ ਲੰਘੇ ਓਹਨਾ, ਰਾਹਵਾਂ ਨੂੰ ਸਲਾਮ ਏ
ਸਾਹੋਤੇਆ ਸ਼ਹੀਦਾਂ ਦੀਆਂ, ਮਾਵਾਂ ਨੂੰ ਸਲਾਮ ਏ
ਹੋਈਆਂ ਜਲ ਜਲ ਕੇ, ਸਵਾਹ ਪੁੱਤਾ ਮੇਰਿਆ
ਤੱਕਦੀ ਆਂ ਕੱਲੀ ਬੈਠੀ, ਰਾਹ ਪੁੱਤਾ ਮੇਰਿਆ
ਕੌਮ ਲਈ ਤੂੰ ਹੋ ਗਿਓਂ, ਫ਼ਨਾਹ ਪੁੱਤਾ ਮੇਰਿਆ



ਕੁਲਵੀਰ ਸਿੰਘ ਡਾਣਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

# ਉਦਾਸ ਪਤਝੜ

ਉਦਾਸ ਉਦਾਸ ਮੈਂ ਪਤਝੜ, ਹਾਂ ਸੁੰਦਰਤਾ ਤੋਂ ਸੱਖਣੀ,
ਮੇਰੇ ਕੋਲੋਂ ਬਹਾਰ ਦੀ, ਉਮੀਦ ਨਾ ਕੋਈ ਰੱਖਣੀ।

ਪੁੱਤਰਾਂ ਵਰਗੇ ਪੱਤਰ, ਮੇਰੇ ਹੱਥੋਂ ਵਿਛੜ ਗਏ,
ਹੱਸਦੇ ਫੁੱਲ 'ਤੇ ਕਲੀਆਂ, ਨਾ ਜਾਣੇ ਕਿਧਰ ਗਏ।

ਤਿੱਤਰ ਹੋਈਆਂ ਤਿਤਲੀਆਂ, ਮੇਰੀਆਂ ਬਾਹਾਂ ਛੱਡ,
ਜੋ ਭੰਵਰਿਆਂ ਦੇ ਪਿਆਰ 'ਚ, ਹੁੰਦੀਆਂ ਸੀ ਗਲਗੱਡ।


ਨਾ ਚੀਜ਼ ਵਹੁਟੀਆਂ ਦੀ, ਹੁਣ ਕਿਤੇ ਕਤਾਰ ਦਿਸੇ,
ਕਿਹੜੇ ਲਾੜਿਆਂ ਸੰਗ ਲੱਗ, ਹੋਈਆਂ ਫ਼ਰਾਰ ਕਿਤੇ।

ਬੁਲਬੁਲਾਂ ਦੇ ਬੋਲ ਵੀ, ਨਾ ਕੰਨੀਂ ਪੈਂਦੇ ਨੇ,
ਨਾ ਤੋਤੇ ਹੀ ਕਿਤੇ ਬਹਿ ਕੇ, ਦੁੱਖ ਸੁੱਖ ਕਹਿੰਦੇ ਨੇ।

ਕੋਇਲ ਵੀ ਅੱਜ ਕਿਧਰੇ, ਹੈ ਗਈ ਹੋ ਅਲੋਪ,
ਕਿਸ ਤੋਂ ਸੁਣਨ ਸ਼ਹਿਦ ਤੋਂ, ਮਿੱਠੇ ਗੀਤ ਹੁਣ ਲੋਕ।

ਇਹ ਕਿਉਂ ਸਮੇਂ ਦੀ ਐਸੀ, ਕੋਈ ਮਾਰ ਪਈ,
ਕਿਉਂ ਮੇਰੀ ਕਿਸਮਤ ਹੀ, ਇਤਨੀ ਬੇਕਾਰ ਗਈ?

ਕੁਦਰਤ ਨੇ ਕਿਉਂ ਧੋਖਾ, ਕੀਤਾ ਹੈ ਨਾਲ ਮੇਰੇ,
ਕਿਉਂ ਲਿਖੇ ਨੇ ਉਸ ਨੇ, ਅਭਾਗੇ ਹਾਲ ਮੇਰੇ?



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ, ਯੂ.ਕੇ.

ਪੰਜਾਬ ਮੇਲ USA

# ਗਜ਼ਲੋਟੀ

ਜੱਗ ਤੋਂ ਪਿੱਛੇ ਰਹਿ ਨਾ ਜਾਵੀਂ,
ਨਾਲ਼ ਸਮੇਂ ਦੇ ਚਲਣਾ ਸਿੱਖ ਲੈ।

ਬਿਨਾ ਮੁਸ਼ੱਕਤ ਮੰਜ਼ਿਲ ਦੂਰ ਹੈ,
ਵਾਂਗ ਮੋਮ ਦੇ ਜਲ਼ਣਾ ਸਿੱਖ ਲੈ।

ਰਾਤ ਹਨ੍ਹੇਰੀ ਹੈ ਛਾਈ ਚੁਫ਼ੇਰੇ,
ਜੁਗਨੂੰ ਬਣਕੇ ਬਲਣਾ ਸਿੱਖ ਲੈ।

ਬਦਲੇ ਪਲ ਪਲ ਰੰਗ ਦੁਨੀਆਂ,
ਗਿਰਗਿਟ ਤੋਂ ਟਲ਼ਣਾ ਸਿੱਖ ਲੈ।

ਰੁਜ਼ਗਾਰ ਤਾਂ ਮਿਲਣਾ ਔਖਾ ਹੈ,
ਕੁੱਝ ਨ ਕੁੱਝ ਤੂੰ ਤਲ਼ਣਾ ਸਿੱਖ ਲੈ।

ਕੋਕੜੂ ਬਣ ਕੇ ਤੂੰ ਰਹਿ ਜਾਏਂਗਾ,
ਸੋ ਦਾਲ਼ ਵਾਂਗ ਗਲ਼ਣਾ ਸਿੱਖ ਲੈ।

'ਮੈਂ ਮੈਂ 'ਵਾਧੂ ਨ ਕਰਦਾ ਫਿਰ ਤੂੰ,
ਦਰਦ ਕਿਸੇ ਦੇ ਛਲ਼ਣੇ ਸਿੱਖ ਲੈ।

ਜੱਗ 'ਤੇ ਕਿਸੇ ਟਿਕੇ ਨਹੀਂ ਰਹਿਣਾ,
ਫੁੱਲ ਬਣ ਜਾ ਤੂੰ ਫਲ਼ਣਾ ਸਿੱਖ ਲੈ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

# ਲੋਕ

ਸ਼ਾਂਤ ਜਿਹੇ ਲੱਗਦੇ ਨੇ ਲੋਕ
ਬਣ ਭੋਲੇ ਠੱਗਦੇ ਨੇ ਲੋਕ

ਉਪਰੋਂ ਤਾਂ ਅਪਣਾ ਨੇ ਕਹਿੰਦੇ
ਧੁਰ ਅੰਦਰੋਂ ਸੜਦੇ ਨੇ ਲੋਕ

ਕਰੀ ਕਮਾਈ ਦਾ ਸਬਰ ਨਹੀਂ
ਬਸ ਦੂਜੇ ਨੂੰ ਤੱਕਦੇ ਲੋਕ

ਉਜੜੇ ਜਦ ਕੋਈ ਨੇੜੇ ਦਾ
ਤਾੜੀ ਮਾਰ ਕੇ ਹੱਸਦੇ ਲੋਕ

ਹੋਜੂ ਕਿਰਪਾ ਨਾਮ ਧਿਆ ਕੇ
ਕਿਉਂ ਮਿਹਨਤ ਤੋਂ ਭਜਦੇ ਲੋਕ

ਦਸ ਚੜਾ ਕੇ ਸੌ ਭਾਲਦੇ
ਰੱਬ ਕੋਲੋਂ ਨਾ ਡਰਦੇ ਲੋਕ

ਨੇਕ ਕਮਾਈ ਨਾਲ ਹੋਵੇ ਬਰਕਤ
ਸਮੇਂ ਨਾਲ ਜਦ ਚਲਦੇ ਲੋਕ

ਧਾਲੀਵਾਲਾ ਇਥੇ ਮਾਣ ਹੈ ਕਾਹਦਾ
ਰਾਜੇ ਤੋਂ ਰੰਕ ਬਣਦੇ ਲੋਕ



-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ.
ਮੋਬ : 78374-90309

ਪੰਜਾਬ ਮੇਲ USA

# ਵਾਤਾਵਰਨ



ਕੀ ਸੋਚਿਆ ਸੀ ਕੀ ਬਣ ਬੈਠੇ
ਪੈਰੀਂ ਆਪਣੇ ਕੁਹਾੜਾ ਮਾਰਿਆ,
ਝੂਠੀ ਸ਼ੋਹਰਤ ਦੌਲਤ ਖ਼ਾਤਰ
ਵਾਤਾਵਰਨ ਖ਼ੂਬ ਉਜਾੜਿਆ।
ਬੇਟ ਪੰਛੀਆਂ ਦੇ ਅਨਾਥ ਨੇ ਕੀਤੇ
ਜੰਗਲ ਕੱਟ ਕੇ ਵਿਕਾਸ ਨੇ ਕੀਤੇ
ਗੰਧਲਾ ਪਾਣੀ ਬੋਰ ਫ਼ਿਰ ਕੀਤਾ
ਓਹੀ ਪਾਣੀ ਘਰਾਂ 'ਚ ਪੀਤਾ।
ਜਿਉਂ ਜਿਉਂ ਤਰੱਕੀ ਹੁੰਦੀ ਜਾਵੇ
ਮਸ਼ੀਨ ਬੰਦੇ ਨੂੰ ਗ਼ੁਲਾਮ ਬਣਾਵੇ
ਇੱਕ ਵਾਰੀ ਜਿਹਦੀ ਆਦਤ ਪੈ ਗਈ
ਵਾਰਿਸ ਸ਼ਾਹ ਫ਼ਿਰ ਕਦੇ ਨਾ ਜਾਵੇ
ਲਾਲਚ ਵਿਚ ਕੁਰਾਹੇ ਪੈ ਕੇ,
ਕੁਦਰਤ ਦਾ ਵਿਨਾਸ਼ ਹੈ ਕੀਤਾ,
ਮਨੁੱਖ ਆਪਣੀ ਗਲਤੀ ਨਾ ਮੰਨੇ,
ਅਜੇ ਆਖੇ ਮੈਂ ਕੀ ਕੀਤਾ
ਪਹਾੜ ਕੱਟ ਕੇ ਮਹਿਲ ਉਸਾਰੇ
ਤਾਂ ਹੀ ਕੁਦਰਤੀ ਆਫ਼ਤ ਮਾਰੇ।
ਸਮਾਂ ਅਜੇ ਹੈ ਸੰਭਲ ਜਾਈਏ
ਧਰਤੀ ਮਾਂ ਦੀ ਹੋਂਦ ਬਚਾਈਏ।



-ਰਜਵਿੰਦਰ ਪਾਲ ਸ਼ਰਮਾ, ਬਠਿੰਡਾ
ਮੋਬਾਇਲ : 70873-67969

ਪੰਜਾਬ ਮੇਲ USA

# "ਮਾਂ ਬੋਲੀ ਪੰਜਾਬੀ"

ਸਾਡੀ ਬੋਲੀ ਮਾਂ ਪੰਜਾਬੀ।
ਨਾਲ ਸਾਡੇ ਹਰ ਥਾਂ ਪੰਜਾਬੀ।
ਗੁਰੂ ਗਰੰਥ ਸਾਹਿਬ ਦੇ ਵਿਚ ਸਮਾਈ,
ਬਣ ਗਈ ਰੱਬ ਦਾ ਨਾਂਅ ਪੰਜਾਬੀ।

ਬੋਲੀਆਂ ਦੀ ਸਿਰਮੌਰ ਇਹ ਬੋਲੀ,
ਗੁਰੂ ਪੀਰਾਂ ਦੀ ਪਰਖੀ ਤੋਲੀ,
ਸਦਾ ਪੰਜਾਬੀਆਂ ਦੇ ਸਿਰ ਉੱਤੇ,
ਰਹਿੰਦੀ ਸੰਘਣੀ ਛਾਂ ਪੰਜਾਬੀ।

ਜਪੁਜੀ, ਜਾਪ, ਸਵੈਈਯਾਂ ਦੇ ਵਿਚ,
ਸੋਦਰ ਅਤੇ ਚੌਪਈਆਂ ਦੇ ਵਿਚ,
ਅੰਮ੍ਰਿਤ ਵੇਲੇ ਗੁਰੂ ਘਰਾਂ ਵਿਚ ,
ਗੂੰਜੇ ਸ਼ਹਿਰ ਗਰਾਂ ਪੰਜਾਬੀ।

ਸੂਖਮ ਫੁੱਲ ਤੋਂ ਮਾਖਿਉਂ ਮਿੱਠੀ,
ਇਸ ਭਾਸ਼ਾ ਜਿਹੀ ਹੋਰ ਨਾ ਡਿੱਠੀ,
ਮਾਂ ਬੋਲੀ ਬਿਨ ਅਸੀਂ ਅਧੂਰੇ ,
ਸਾਡੀ ਸੱਜੀ ਬਾਂਹ ਪੰਜਾਬੀ।

ਗੀਤਾਂ-ਗਜ਼ਲਾਂ, ਟੱਪਿਆਂ ਦੇ ਵਿਚ,
ਵਾਰ ਸਲੋਕਾਂ ਛੱਕਿਆ ਦੇ ਵਿਚ,
ਦੋਹਰੇ-ਛੰਦਾਂ ਨਾਲ ਸ਼ਿੰਗਾਰੀ,
ਜਾਪੇ ਹੂਰ ਪਰਾਂ ਪੰਜਾਬੀ ।

ਬੁੱਲ੍ਹੇ-ਪੀਲੂ ਦੇ ਅੱਖਰਾਂ ਵਿਚ,
ਵਾਰਸ਼ ਸਾਹ ਦੀਆਂ ਸਤਰਾਂ ਦੇ ਵਿਚ,
ਮੋਹਨ ਸਿੰਘ ਜਿਹੇ ਕਵੀਆਂ ਦੀ ਹੈ,
ਦੁਨੀਆਂ ਵਿਚ ਪਹਿਚਾਂ ਪੰਜਾਬੀ ।

ਵਿਚ ਵਿਦੇਸ ਜੀਅ ਸਦਕੇ ਜਾਵੋ,
ਹਰ ਬੋਲੀ ਦੀ ਸਿੱਖਿਆ ਪਾਵੋ,
ਭੁੱਲਿਓਂ ਨਾ ਪਰ ਮਾਂ ਬੋਲੀ ਨੂੰ,
ਸਭ ਤੋਂ ਰਹੇ ਉਤਾਂਹ ਪੰਜਾਬੀ ।

ਮਾਂ ਬੋਲੀ ਨੂੰ ਸੀਸ ਝੁਕਾਈਏ,
ਪੜ੍ਹੀਏ ਲਿਖੀਏ, ਸੁਣੀਏ ਗਾਈਏ,
"ਗਿੱਲ ਮਲਕੀਤ" ਕਰੇ ਅਰਦਾਸਾਂ ,
ਚਮਕੇ ਚੰਦ ਤਰਾਂ ਪੰਜਾਬੀ।



ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943

ਪੰਜਾਬ ਮੇਲ USA



RE/MAX

RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

web: www.RealtorRandhawa.com

garysingh123@yahoo.com